ਤੁਸੀਂ

**ਤੂਫ਼ਾਨ**

ਨੂੰ ਰੋਕ ਸਕਦੇ ਹੋ।

**ਬਾਈਬਲ ਤੁਹਾਨੂੰ ਚਟਾਨ ਵਾਂਗ**

**ਮਜ਼ਬੂਤ**

ਕਿਵੇਂ ਬਣਾਉਂਦੀ ਹੈ।

# ਤੁਸੀਂ
# **ਤੂਫ਼ਾਨ**
# ਨੂੰ ਰੋਕ ਸਕਦੇ ਹੋ।
# **ਬਾਈਬਲ ਤੁਹਾਨੂੰ ਚਟਾਨ ਵਾਂਗ**
# **ਮਜ਼ਬੂਤ**
# ਕਿਵੇਂ ਬਣਾਉਂਦੀ ਹੈ।

ਡੈਨੀ ਕਨੇਡੀ

**ਟ੍ਰੂ ਕਨੈਕਸ਼ਨ ਪ੍ਰੈਸ**

ਤੁਸੀਂ ਤੂਫ਼ਾਨ ਨੂੰ ਰੋਕ ਸਕਦੇ ਹੋ। ਬਾਈਬਲ ਤੁਹਾਨੂੰ ਚਟਾਨ ਵਾਂਗ ਮਜ਼ਬੂਤ ਕਿਵੇਂ ਬਣਾਉਂਦੀ ਹੈ।

ਸਵੱਤਵਾਧਿਕਾਰ © 2022 ਡੈਨੀ ਕਨੇਡੀ / ਮੁੱਖ-ਪ੍ਰਸ਼ਠ ਦੀ ਰੂਪ-ਰੇਖਾ: ਗਿਨੇ ਮੋਰੋ

ਜਿਨ੍ਹਾਂ ਪਵਿੱਤਰ-ਸ਼ਾਸਤਰ ਦੇ ਹਵਾਲਿਆਂ ਨਾਲ (ਐਨਐਲਟੀ) ਲਿਖਿਆ ਹੈ, ਉਹ ਪਵਿੱਤਰ ਬਾਈਬਲ, ਨਿਊ ਲਿਵਿੰਗ ਟ੍ਰਾਂਸਲੇਸ਼ਨ ਤੋਂ ਲਏ ਗਏ ਹਨ। ਸਵੱਤਵਾਧਿਕਾਰ © 1996, 2004, 2015 ਟਿੰਡੇਲ ਹਾਊਸ ਫਾਊਂਡੇਸ਼ਨ। ਟਿੰਡੇਲ ਹਾਊਸ ਪਬਲਿਸ਼ਰਜ਼, ਕੈਰੋਲ ਸਟ੍ਰੀਮ, ਇਲਿਨੋਇਸ 60188 ਦੀ ਆਗਿਆ ਨਾਲ ਵਰਤੇ ਗਏ ਹਨ। ਸਾਰੇ ਅਧਿਕਾਰ ਸੁਰੱਖਿਅਤ ਹਨ।

ਜਿਨ੍ਹਾਂ ਪਵਿੱਤਰ-ਸ਼ਾਸਤਰ ਦੇ ਹਵਾਲਿਆਂ ਨਾਲ (ਏਐਮਪੀਸੀ) ਲਿਖਿਆ ਹੈ, ਉਹ ਐਮਪਲੀਫਾਈਡ® ਬਾਈਬਲ, ਕਲਾਸਿਕ ਸੰਸਕਰਣ ਤੋਂ ਲਏ ਗਏ ਹਨ। ਸਵੱਤਵਾਧਿਕਾਰ © 1954, 1958, 1962, 1964, 1965, 1987 ਦ ਲਾਕਮੈਨ ਫਾਊਂਡੇਸ਼ਨ। ਆਗਿਆ ਨਾਲ ਵਰਤੇ ਗਏ ਹਨ।

ਜਿਨ੍ਹਾਂ ਪਵਿੱਤਰ-ਸ਼ਾਸਤਰ ਦੇ ਹਵਾਲਿਆਂ ਨਾਲ (ਈਐਸਵੀ) ਲਿਖਿਆ ਹੈ, ਉਹ ਈਐਸਵੀ® ਬਾਈਬਲ (ਪਵਿੱਤਰ ਬਾਈਬਲ, ਇੰਗਲਿਸ਼ ਸਟੈਂਡਰਡ ਵਰਜ਼ਨ®) ਤੋਂ ਲਏ ਗਏ ਹਨ। ਸਵੱਤਵਾਧਿਕਾਰ © 2001 ਕ੍ਰਾਸਵੇ, ਜੋ ਗੁੱਡ ਨਿਊਜ਼ ਪਬਲਿਸ਼ਰਜ਼ ਦੀ ਇੱਕ ਪ੍ਰਕਾਸ਼ਨ ਸੇਵਕਾਈ ਹੈ। ਆਗਿਆ ਨਾਲ ਵਰਤੇ ਗਏ ਹਨ। ਸਾਰੇ ਅਧਿਕਾਰ ਸੁਰੱਖਿਅਤ ਹਨ।

ਜਿਨ੍ਹਾਂ ਪਵਿੱਤਰ-ਸ਼ਾਸਤਰ ਦੇ ਹਵਾਲਿਆਂ ਨਾਲ (ਐਨਆਈਵੀ) ਲਿਖਿਆ ਹੈ, ਉਹ ਪਵਿੱਤਰ ਬਾਈਬਲ, ਨਿਊ ਇੰਟਰਨੈਸ਼ਨਲ ਵਰਜ਼ਨ®, ਐਨਆਈਵੀ® ਤੋਂ ਲਏ ਗਏ ਹਨ। ਸਵੱਤਵਾਧਿਕਾਰ © 1973, 1978, 1984, 2011 ਬਿਬਲਿਕਾ, ਇੰਕ.™। ਜ਼ੌਂਡਰਵਨ ਦੀ ਆਗਿਆ ਨਾਲ ਵਰਤੇ ਗਏ ਹਨ। ਦੁਨੀਆ ਭਰ ਵਿੱਚ ਸਾਰੇ ਅਧਿਕਾਰ ਸੁਰੱਖਿਅਤ ਹਨ। www.zondervan.com। "ਐਨਆਈਵੀ" ਅਤੇ "ਨਿਊ ਇੰਟਰਨੈਸ਼ਨਲ ਵਰਜ਼ਨ" ਸੰਯੁਕਤ ਰਾਜ ਅਮਰੀਕਾ ਦੇ ਪੇਟੈਂਟ ਅਤੇ ਵਪਾਰ-ਚਿੰਨ੍ਹ ਦਫ਼ਤਰ ਵਿੱਚ ਬਿਬਲਿਕਾ, ਇੰਕ.™ ਵੱਲੋਂ ਰਜਿਸਟਰ ਕੀਤੇ ਹੋਏ ਵਪਾਰ-ਚਿੰਨ੍ਹ ਹਨ।

ਜਿਨ੍ਹਾਂ ਪਵਿੱਤਰ-ਸ਼ਾਸਤਰ ਦੇ ਹਵਾਲਿਆਂ ਨਾਲ (ਕੇਜੇਵੀ) ਲਿਖਿਆ ਹੈ, ਉਹ ਕਿੰਗ ਜੇਮਜ਼ ਵਰਜ਼ਨ (ਕੇਜੇਵੀ) ਤੋਂ ਲਏ ਗਏ ਹਨ। ਕਿੰਗ ਜੇਮਜ਼ ਵਰਜ਼ਨ ਸਰਵਜਨਕ ਅਧਿਕਾਰ-ਖੇਤਰ ਵਿੱਚ ਹੈ।

ਜਿਨ੍ਹਾਂ ਪਵਿੱਤਰ-ਸ਼ਾਸਤਰ ਦੇ ਹਵਾਲਿਆਂ ਨਾਲ (ਜੇ. ਬੀ. ਫਿਲਿਪਸ) ਲਿਖਿਆ ਹੈ, ਉਹ ਜੇ. ਬੀ. ਫਿਲਿਪਸ ਵੱਲੋਂ ਰਚਿਤ ਦ ਨਿਊ ਟੈਸਟਾਮੈਂਟ ਇਨ ਮਾਡਰਨ ਇੰਗਲਿਸ਼—ਸੋਧੇ ਹੋਏ ਸੰਸਕਰਣ ਤੋਂ ਲਏ ਗਏ ਹਨ। ਇਨ੍ਹਾਂ ਨੂੰ ਸਕ੍ਰਿਬਨਰ, ਜੋ ਸਾਈਮਨ ਐਂਡ ਸ਼ੂਸਟਰ, ਇੰਕ. ਦਾ ਇੱਕ ਵਿਭਾਗ ਹੈ, ਦੀ ਆਗਿਆ ਨਾਲ ਦੁਬਾਰਾ ਛਾਪਿਆ ਗਿਆ ਹੈ। ਸਵੱਤਵਾਧਿਕਾਰ © 1958, 1960, 1972 ਜੇ. ਬੀ. ਫਿਲਿਪਸ। ਸਾਰੇ ਅਧਿਕਾਰ ਸੁਰੱਖਿਅਤ ਹਨ।

ਜਿਨ੍ਹਾਂ ਪਵਿੱਤਰ-ਸ਼ਾਸਤਰ ਦੇ ਹਵਾਲਿਆਂ ਨਾਲ (ਟੀਐਲਬੀ) ਲਿਖਿਆ ਹੈ, ਉਹ ਦ ਲਿਵਿੰਗ ਬਾਈਬਲ ਤੋਂ ਲਏ ਗਏ ਹਨ। ਸਵੱਤਵਾਧਿਕਾਰ © 1971। ਟਿੰਡੇਲ ਹਾਊਸ ਪਬਲਿਸ਼ਰਜ਼, ਕੈਰੋਲ ਸਟ੍ਰੀਮ, ਇਲਿਨੋਇਸ 60188 ਦੀ ਆਗਿਆ ਨਾਲ ਵਰਤੇ ਗਏ ਹਨ। ਸਾਰੇ ਅਧਿਕਾਰ ਸੁਰੱਖਿਅਤ ਹਨ।

ਜਿਨ੍ਹਾਂ ਪਵਿੱਤਰ-ਸ਼ਾਸਤਰ ਦੇ ਹਵਾਲਿਆਂ ਨਾਲ (ਟੀਪੀਟੀ) ਲਿਖਿਆ ਹੈ, ਉਹ ਦ ਪੈਸ਼ਨ ਟ੍ਰਾਂਸਲੇਸ਼ਨ® ਤੋਂ ਲਏ ਗਏ ਹਨ। ਸਵੱਤਵਾਧਿਕਾਰ © 2017, 2018, 2020 ਪੈਸ਼ਨ ਐਂਡ ਫਾਇਰ ਮਿਨਿਸਟ੍ਰੀਜ਼, ਇੰਕ.। ਆਗਿਆ ਨਾਲ ਵਰਤੇ ਗਏ ਹਨ। ਸਾਰੇ ਅਧਿਕਾਰ ਸੁਰੱਖਿਅਤ ਹਨ। ThePassionTranslation.com।

ਜਿਨ੍ਹਾਂ ਪਵਿੱਤਰ-ਸ਼ਾਸਤਰ ਦੇ ਹਵਾਲਿਆਂ ਨਾਲ (ਐਨਸੀਵੀ) ਲਿਖਿਆ ਹੈ, ਉਹ ਪਵਿੱਤਰ ਬਾਈਬਲ, ਨਿਊ ਸੈਂਚੁਰੀ ਵਰਜ਼ਨ ਤੋਂ ਲਏ ਗਏ ਹਨ। ਸਵੱਤਵਾਧਿਕਾਰ © 1987, 1988, 1991 ਵਰਡ ਪਬਲਿਸ਼ਿੰਗ, ਡੈਲਸ, ਟੈਕਸਸ 75039। ਆਗਿਆ ਨਾਲ ਵਰਤੇ ਗਏ ਹਨ।

ਜਿਨ੍ਹਾਂ ਪਵਿੱਤਰ-ਸ਼ਾਸਤਰ ਦੇ ਹਵਾਲਿਆਂ ਨਾਲ (ਸੀਈਵੀ) ਲਿਖਿਆ ਹੈ, ਉਹ ਕਾਂਟੈਂਪਰੇਰੀ ਇੰਗਲਿਸ਼ ਵਰਜ਼ਨ ਤੋਂ ਲਏ ਗਏ ਹਨ। ਸਵੱਤਵਾਧਿਕਾਰ © 1991, 1992, 1995 ਅਮਰੀਕਨ ਬਾਈਬਲ ਸੋਸਾਇਟੀ। ਆਗਿਆ ਨਾਲ ਵਰਤੇ ਗਏ ਹਨ।

ਪ੍ਰਕਾਸ਼ਕ: ਟ੍ਰੂ ਕਨੈਕਸ਼ਨ ਪ੍ਰੈਸ
978-0-9846967-7-2

# ਵਿਸ਼ਾ-ਸੂਚੀ


**ਲੇਖਿਕਾ ਵੱਲੋਂ ਇੱਕ ਸੰਦੇਸ਼** ……………………………………………6

**ਪ੍ਰਸਤਾਵਨਾ** ……………………………………………………………7

**ਜਾਣ-ਪਛਾਣ** …………………………………………………………10

ਅਧਿਆਇ 1 ਤੁਸੀਂ ਤੂਫ਼ਾਨ ਨੂੰ ਰੋਕ ਸਕਦੇ ਹੋ ……………………………………12

ਅਧਿਆਇ 2 ਤੁਸੀਂ ਸੋਚ ਸਕਦੇ ਹੋ ਕਿ ਤੁਸੀਂ ਬਾਈਬਲ ਪੜ੍ਹਦੇ ਹੋ, ਪਰੰਤੂ……………18

ਅਧਿਆਇ 3 ਇਹ ਸਭ ਕਿਸ ਵਿਸ਼ੇ ਬਾਰੇ ਹੈ?……………………………………23

ਅਧਿਆਇ 4 ਤੁਸੀਂ ਜਿਸ ਤਰ੍ਹਾਂ ਦੇਖਦੇ ਹੋ, ਉਸੇ ਤਰ੍ਹਾਂ ਸਮਝਦੇ ਹੋ……………………27

ਅਧਿਆਇ 5 ਪੂਰੀ ਤਰ੍ਹਾਂ ਦ੍ਰਿੜ੍ਹ ਵਿਸ਼ਵਾਸ……………………………………33

ਅਧਿਆਇ 6 ਯਿਸੂ ਪ੍ਰਗਟ ਕੀਤਾ ਗਿਆ………………………………………41

ਅਧਿਆਇ 7 ਆਪਣਾ ਧਿਆਨ ਟਿਕਾਈ ਰੱਖੋ……………………………………47

ਅਧਿਆਇ 8 ਧਿਆਨ ਭਟਕਾਉਣ ਵਾਲੀਆਂ ਗੱਲਾਂ………………………………52

ਅਧਿਆਇ 9 ਤੁਹਾਡੇ ਕੋਲ ਆਸ ਜ਼ਰੂਰ ਹੋਣੀ ਚਾਹੀਦੀ ਹੈ…………………………59

ਅਧਿਆਇ 10 ਤੂਫ਼ਾਨ ਦੇ ਵਿਚਕਾਰ ਅਨੰਦ ਅਤੇ ਸ਼ਾਂਤੀ……………………………63

ਅਧਿਆਇ 11 ਆਓ, ਪੜ੍ਹਨ ਲਈ ਤਿਆਰ ਹੋਈਏ…………………………………68

ਅਧਿਆਇ 12 ਉਹ ਪੁਰਖ ਜਿਨ੍ਹਾਂ ਨੇ ਨਵਾਂ ਨੇਮ ਲਿਖਿਆ……………………………73

ਅਧਿਆਇ 13 ਕੀ ਅਸੀਂ ਨਵੇਂ ਨੇਮ ਉੱਤੇ ਵਿਸ਼ਵਾਸ ਕਰ ਸਕਦੇ ਹਾਂ?…………………79

**ਕੁਝ ਅੰਤਿਮ ਵਿਚਾਰ** ..........................................................86

**ਨਵੇਂ ਨੇਮ ਦੀਆਂ ਪੁਸਤਕਾਂ ਦਾ ਸੰਖੇਪ ਸਾਰ** ...............................88

**ਹਵਾਲਾ-ਸੂਚੀ** ...........................................................................103

# ਲੇਖਿਕਾ ਵੱਲੋਂ ਇੱਕ ਸੰਦੇਸ਼।

ਹੋ ਸਕਦਾ ਹੈ ਤੁਸੀਂ ਇਹ ਪੁਸਤਕ ਇਸ ਲਈ ਚੁੱਕੀ ਹੋਵੇ ਕਿਉਂਕਿ ਤੁਸੀਂ ਕਿਸੇ ਅਜਿਹੀ ਵਿਨਾਸ਼ਕਾਰੀ ਸਥਿਤੀ ਦਾ ਸਾਹਮਣਾ ਕਰ ਰਹੇ ਹੋ ਜਿਸ ਨੂੰ ਬਦਲਿਆ ਨਹੀਂ ਜਾ ਸਕਦਾ। ਮੇਰਾ ਦਿਲ ਤੁਹਾਡੇ ਲਈ ਦਇਆ ਨਾਲ ਭਰ ਜਾਂਦਾ ਹੈ। ਮੈਂ ਵੀ ਕਦੇ ਅਜਿਹੀ ਹੀ ਨਿਰਾਸ਼ਾ ਅਤੇ ਬੇਬਸੀ ਦੀ ਸਥਿਤੀ ਵਿੱਚੋਂ ਲੰਘ ਚੁੱਕੀ ਹਾਂ। ਜੇ ਮੈਂ ਤੁਹਾਡਾ ਦੁੱਖ ਅਤੇ ਪੀੜ ਦੂਰ ਕਰ ਸਕਦੀ, ਤਾਂ ਜ਼ਰੂਰ ਕਰਦੀ। ਪਰ ਮੈਂ ਅਜਿਹਾ ਨਹੀਂ ਕਰ ਸਕਦੀ। ਮੈਂ ਤੁਹਾਨੂੰ ਕੇਵਲ ਇੰਨਾ ਵਿਸ਼ਵਾਸ ਦਿਵਾ ਸਕਦੀ ਹਾਂ ਕਿ ਭਾਵੇਂ ਇਸ ਵੇਲੇ ਤੁਹਾਨੂੰ ਅਜਿਹਾ ਮਹਿਸੂਸ ਨਾ ਹੁੰਦਾ ਹੋਵੇ, ਫਿਰ ਵੀ ਤੁਸੀਂ ਇਸ ਤੂਫ਼ਾਨ ਵਿੱਚੋਂ ਸੁਰੱਖਿਅਤ ਨਿਕਲ ਆਓਗੇ, ਅਤੇ ਤੁਸੀਂ ਹਮੇਸ਼ਾ ਉਹੋ ਜਿਹਾ ਅਨੁਭਵ ਨਹੀਂ ਕਰਦੇ ਰਹੋਗੇ ਜਿਹੋ ਜਿਹਾ ਇਸ ਸਮੇਂ ਕਰ ਰਹੇ ਹੋ। ਤੁਹਾਡੇ ਦਿਲ ਨੂੰ ਅੰਦਰ ਤੱਕ ਝੰਜੋੜ ਦੇਣ ਵਾਲੀ ਇਹ ਪੀੜ ਹੌਲੀ-ਹੌਲੀ ਘੱਟ ਹੋ ਜਾਵੇਗੀ।

ਮੈਂ ਤੁਹਾਨੂੰ ਇਹ ਵੀ ਵਿਸ਼ਵਾਸ ਦਿਵਾ ਸਕਦੀ ਹਾਂ ਕਿ ਤੁਸੀਂ ਇਕੱਲੇ ਨਹੀਂ ਹੋ। ਪਰਮੇਸ਼ੁਰ ਤੁਹਾਡੇ ਨਾਲ ਹਨ। ਉਹ ਸਭ ਕੁਝ ਦੇਖਦੇ ਹਨ, ਤੁਹਾਡੀ ਪੁਕਾਰ ਸੁਣਦੇ ਹਨ, ਅਤੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਤੁਸੀਂ ਕਿਹੜੀ ਸਥਿਤੀ ਵਿੱਚੋਂ ਲੰਘ ਰਹੇ ਹੋ। ਮੈਂ ਤੁਹਾਨੂੰ ਬੇਨਤੀ ਕਰਦੀ ਹਾਂ ਕਿ ਆਪਣੇ ਜੀਵਨ ਦੇ ਇਸ ਤੂਫ਼ਾਨ ਦੇ ਵਿਚਕਾਰ ਪ੍ਰਭੂ ਨੂੰ ਦ੍ਰਿੜ੍ਹਤਾ ਨਾਲ ਫੜੀ ਰੱਖੋ। ਜਦੋਂ ਇਸਰਾਏਲ ਦੇ ਮਹਾਨ ਰਾਜੇ ਦਾਊਦ ਦੇ ਚਾਰੇ ਪਾਸੇ ਤੂਫ਼ਾਨੀ ਹਵਾਵਾਂ ਗਰਜ ਰਹੀਆਂ ਸਨ, ਤਦ ਉਨ੍ਹਾਂ ਨੇ ਲਿਖਿਆ, “ਹੇ ਪਰਮੇਸ਼ੁਰ… ਮੈਂ ਤੇਰੇ ਖੰਭਾਂ ਦੀ ਛਾਂ ਹੇਠ ਉਸ ਵੇਲੇ ਤੱਕ ਪਨਾਹ ਲੈਂਦਾ ਰਹਾਂਗਾ, ਜਦ ਤੱਕ ਇਹ ਭਿਆਨਕ ਤੂਫ਼ਾਨ ਟਲ ਨਹੀਂ ਜਾਂਦਾ।” (ਜ਼ਬੂਰਾਂ ਦੀ ਪੋਥੀ ਅਧਿਆਇ 57 ਆਇਤ 1)। ਪਰਮੇਸ਼ੁਰ ਦੀ ਕਿਰਪਾ ਨਾਲ ਤੁਸੀਂ ਵੀ ਇਸ ਦੁਖਦਾਈ ਘਟਨਾ ਵਿੱਚੋਂ ਪਾਰ ਲੰਘ ਜਾਓਗੇ।

ਭਾਵੇਂ ਮੈਂ ਤੁਹਾਨੂੰ ਇਹ ਪੁਸਤਕ ਪੜ੍ਹਨ ਤੋਂ ਨਿਰਉਤਸ਼ਾਹਿਤ ਨਹੀਂ ਕਰਨਾ ਚਾਹੁੰਦੀ, ਫਿਰ ਵੀ ਮੈਨੂੰ ਤੁਹਾਡੇ ਨਾਲ ਸਪਸ਼ਟ ਅਤੇ ਇਮਾਨਦਾਰ ਹੋਣਾ ਚਾਹੀਦਾ ਹੈ। ਇਹ ਪੁਸਤਕ ਮੁੱਖ ਤੌਰ ਤੇ ਪਾਠਕਾਂ ਨੂੰ ਉਨ੍ਹਾਂ ਦੇ ਜੀਵਨ ਵਿੱਚ ਆਉਣ ਵਾਲੇ ਅਗਲੇ ਤੂਫ਼ਾਨ ਲਈ ਤਿਆਰ ਕਰਨ ਦੇ ਉਦੇਸ਼ ਨਾਲ ਲਿਖੀ ਗਈ ਹੈ, ਨਾ ਕਿ ਕੇਵਲ ਉਨ੍ਹਾਂ ਦੀ ਮੌਜੂਦਾ ਸਥਿਤੀ ਵਿੱਚ ਸਹਾਇਤਾ ਕਰਨ ਲਈ। ਮੈਂ ਪ੍ਰਭੂ ਦੇ ਕੰਮ ਨੂੰ ਕਿਸੇ ਹੱਦ ਵਿੱਚ ਬੰਨ੍ਹਣਾ ਨਹੀਂ ਚਾਹੁੰਦੀ। ਸੰਭਵ ਹੈ ਕਿ ਇਨ੍ਹਾਂ ਪੰਨਿਆਂ ਵਿੱਚ ਤੁਹਾਨੂੰ ਅਜਿਹੀ ਕੋਈ ਗੱਲ ਮਿਲ ਜਾਵੇ ਜੋ ਇਸੇ ਸਮੇਂ ਤੁਹਾਨੂੰ ਕੁਝ ਦਿਲਾਸਾ ਅਤੇ ਰਾਹਤ ਪ੍ਰਦਾਨ ਕਰੇ। ਪਰ ਜੇ ਇਸ ਸਮੇਂ ਤੁਹਾਨੂੰ ਅਜਿਹਾ ਲੱਗੇ ਕਿ ਇਹ ਪੁਸਤਕ ਤੁਹਾਡੀ ਮੌਜੂਦਾ ਲੋੜ ਦੇ ਅਨੁਸਾਰ ਨਹੀਂ ਹੈ, ਤਾਂ ਇਸ ਨੂੰ ਛੱਡ ਨਾ ਦਿਓ। ਇਸ ਨੂੰ ਕੁਝ ਸਮੇਂ ਲਈ ਪਾਸੇ ਰੱਖ ਦਿਓ ਅਤੇ ਕਿਰਪਾ ਕਰਕੇ ਕਿਸੇ ਢੁਕਵੇਂ ਸਮੇਂ ਤੇ ਇਸ ਨੂੰ ਦੁਬਾਰਾ ਪੜ੍ਹੋ।

ਡੈਨੀ ਕਨੇਡੀ
ਅਪ੍ਰੈਲ 2022

# ਪ੍ਰਸਤਾਵਨਾ।

ਅਸੀਂ ਅਜਿਹੇ ਸਮੇਂ ਵਿੱਚ ਜੀ ਰਹੇ ਹਾਂ ਜੋ ਬਹੁਤ ਹੀ ਅਸ਼ਾਂਤ ਅਤੇ ਉਥਲ-ਪੁਥਲ ਨਾਲ ਭਰਿਆ ਹੋਇਆ ਹੈ। ਲੋਕ ਮਾਨਸਿਕ ਤੌਰ ਤੇ ਥੱਕੇ ਹੋਏ, ਨਿਰਾਸ਼, ਦਬਾਅ ਹੇਠ ਅਤੇ ਡਰੇ ਹੋਏ ਹਨ। ਸਾਡੇ ਆਲੇ-ਦੁਆਲੇ ਅਧਰਮ, ਫੁੱਟ, ਕੁੜੱਤਣ ਅਤੇ ਛਲ-ਕਪਟ ਫੈਲਿਆ ਹੋਇਆ ਹੈ। ਇਸ ਤੋਂ ਇਲਾਵਾ, ਸਾਡੇ ਵਿੱਚੋਂ ਹਰੇਕ ਵਿਅਕਤੀ ਆਪਣੇ ਰੋਜ਼ਾਨਾ ਜੀਵਨ ਵਿੱਚ ਅਨੇਕਾਂ ਨਿੱਜੀ ਸੰਘਰਸ਼ਾਂ ਦਾ ਵੀ ਸਾਹਮਣਾ ਕਰ ਰਿਹਾ ਹੈ।

ਮੈਂ ਇਹ ਪੁਸਤਕ ਇਸ ਲਈ ਲਿਖੀ ਹੈ ਕਿ ਇਨ੍ਹਾਂ ਅਸ਼ਾਂਤ ਸਮਿਆਂ ਵਿੱਚ ਦ੍ਰਿੜ੍ਹਤਾ ਨਾਲ ਬਣੇ ਰਹਿਣ ਲਈ ਜਿਨ੍ਹਾਂ ਸਾਧਨਾਂ ਦੀ ਤੁਹਾਨੂੰ ਲੋੜ ਹੈ, ਉਨ੍ਹਾਂ ਨਾਲ ਤੁਹਾਨੂੰ ਲੈਸ ਕਰ ਸਕਾਂ। ਇਹ ਸਾਧਨ ਬਾਈਬਲ ਵਿੱਚ ਮਿਲਦੇ ਹਨ। ਬਾਈਬਲ ਕੇਵਲ ਇਹ ਨਹੀਂ ਦੱਸਦੀ ਕਿ ਸਾਡੇ ਸੰਸਾਰ ਵਿੱਚ ਕੀ ਹੋ ਰਿਹਾ ਹੈ, ਸਗੋਂ ਇਹ ਬੁੱਧੀ ਅਤੇ ਮਾਰਗਦਰਸ਼ਨ ਵੀ ਪ੍ਰਦਾਨ ਕਰਦੀ ਹੈ ਕਿ ਇਨ੍ਹਾਂ ਸਾਰੀਆਂ ਸਥਿਤੀਆਂ ਦੇ ਵਿਚਕਾਰ ਸਾਨੂੰ ਕਿਸ ਤਰ੍ਹਾਂ ਚੱਲਣਾ ਚਾਹੀਦਾ ਹੈ। ਪਰਮੇਸ਼ੁਰ ਦਾ ਬਚਨ "ਸਾਡੇ ਪੈਰਾਂ ਲਈ ਦੀਵਾ ਅਤੇ ਸਾਡੇ ਮਾਰਗ ਲਈ ਚਾਨਣ ਹੈ।" (ਜ਼ਬੂਰਾਂ ਦੀ ਪੋਥੀ ਅਧਿਆਇ 119 ਆਇਤ 105)

ਅਸੀਂ ਮਨੁੱਖੀ ਇਤਿਹਾਸ ਦੇ ਇਸ ਵਰਤਮਾਨ ਯੁੱਗ ਦੇ ਅੰਤ ਦੇ ਨੇੜੇ ਪਹੁੰਚ ਰਹੇ ਹਾਂ। ਯਿਸੂ ਨੇ ਕਿਹਾ ਸੀ ਕਿ ਇਸ ਸਮੇਂ ਦੀ ਪਛਾਣ ਵਧ ਰਹੇ ਸੰਕਟਾਂ ਅਤੇ ਬਿਪਤਾਵਾਂ ਨਾਲ ਹੋਵੇਗੀ। ਸੰਸਾਰ ਉੱਤੇ ਜੋ ਕੁਝ ਆਉਣ ਵਾਲਾ ਹੈ, ਉਸ ਦਾ ਸਾਹਮਣਾ ਕਰਨ ਲਈ ਕੇਵਲ ਕਲੀਸੀਆ ਵਿੱਚ ਹਾਜ਼ਰ ਹੋਣਾ ਜਾਂ ਬਾਈਬਲ ਅਧਿਐਨ ਸਮੂਹ ਦਾ ਮੈਂਬਰ ਹੋਣਾ ਕਾਫ਼ੀ ਨਹੀਂ ਹੋਵੇਗਾ। ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪ ਜਾਣੋ ਕਿ ਬਾਈਬਲ ਕੀ ਕਹਿੰਦੀ ਹੈ। ਜਿਨ੍ਹਾਂ ਗੰਭੀਰ ਸਮਿਆਂ ਦਾ ਅਸੀਂ ਸਾਹਮਣਾ ਕਰ ਰਹੇ ਹਾਂ, ਉਨ੍ਹਾਂ ਨੂੰ ਦੇਖਦੇ ਹੋਏ ਬਾਈਬਲ ਦਾ ਅਧਿਐਨ ਤੁਹਾਡੇ ਜੀਵਨ ਦੀ ਪਹਿਲ ਬਣ ਜਾਣਾ ਚਾਹੀਦਾ ਹੈ।

ਸ਼ਾਇਦ ਤੁਸੀਂ ਇਹ ਸੋਚ ਰਹੇ ਹੋਵੋ, "ਕਿਰਪਾ ਕਰਕੇ ਮੈਨੂੰ ਬਾਈਬਲ ਪੜ੍ਹਨ ਲਈ ਨਾ ਕਹੋ। ਮੇਰੇ ਕੋਲ ਪਹਿਲਾਂ ਹੀ ਬਹੁਤ ਸਾਰੇ ਕੰਮ ਹਨ!" ਮੈਂ ਤੁਹਾਨੂੰ ਬਾਈਬਲ ਪੜ੍ਹਨ ਲਈ ਜ਼ਰੂਰ ਕਹਾਂਗੀ, ਪਰ ਮੈਂ ਤੁਹਾਨੂੰ ਇਹ ਵੀ ਦੱਸਾਂਗੀ ਕਿ ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਪੜ੍ਹਿਆ ਜਾਵੇ। ਮੈਂ ਤੁਹਾਨੂੰ ਬਾਈਬਲ ਦੀ ਵਰਤੋਂ ਕਰਨ ਦਾ ਅਜਿਹਾ ਵਿਹਾਰਕ ਢੰਗ ਦੱਸਾਂਗੀ ਜਿਸ ਨਾਲ ਤੁਹਾਨੂੰ ਵੱਧ ਤੋਂ ਵੱਧ ਲਾਭ ਪ੍ਰਾਪਤ ਹੋਵੇ ਅਤੇ ਤੁਸੀਂ ਵਧਦੀ ਹੋਈ ਅਵਿਵਸਥਾ ਅਤੇ ਦਬਾਅ ਦਾ ਦ੍ਰਿੜ੍ਹਤਾ ਨਾਲ ਸਾਹਮਣਾ ਕਰਨ ਦੇ ਯੋਗ ਬਣ ਸਕੋ। ਜਿਨ੍ਹਾਂ ਲੋਕਾਂ ਨੂੰ ਮੈਂ ਜਾਣਦੀ ਹਾਂ ਅਤੇ ਜਿਨ੍ਹਾਂ ਨੇ ਇਸ ਪੁਸਤਕ ਵਿੱਚ ਦੱਸੇ ਗਏ ਬਾਈਬਲ ਪੜ੍ਹਨ ਦੇ ਢੰਗ ਦੀ ਪਾਲਣਾ ਕੀਤੀ ਹੈ, ਉਹ ਸਾਰੇ ਤੁਹਾਨੂੰ ਦੱਸਣਗੇ ਕਿ ਇਸ ਨਾਲ ਉਨ੍ਹਾਂ ਦੇ ਜੀਵਨ ਅਤੇ ਜੀਵਨ ਦੀਆਂ ਸਥਿਤੀਆਂ ਦਾ ਸਾਹਮਣਾ ਕਰਨ ਦੇ ਢੰਗ ਵਿੱਚ ਅਦਭੁਤ ਬਦਲਾਅ ਆਇਆ। ਉਹ ਇਹ ਵੀ ਕਹਿਣਗੇ ਕਿ ਇਹ ਉਨ੍ਹਾਂ ਲਈ ਅਤੇ ਉਨ੍ਹਾਂ ਲੋਕਾਂ ਲਈ, ਜਿਨ੍ਹਾਂ ਦੇ ਜੀਵਨ ਉੱਤੇ ਉਨ੍ਹਾਂ ਦਾ ਪ੍ਰਭਾਵ ਪੈਂਦਾ ਹੈ, ਉਨ੍ਹਾਂ ਵੱਲੋਂ ਕੀਤਾ ਗਿਆ ਸਭ ਤੋਂ ਉੱਤਮ ਕੰਮ ਸੀ ਅਤੇ ਅੱਜ ਵੀ ਹੈ।

ਮੈਂ ਚੰਗੀ ਤਰ੍ਹਾਂ ਜਾਣਦੀ ਹਾਂ ਕਿ ਬਹੁਤ ਸਾਰੇ ਲੋਕਾਂ ਲਈ ਕਿਸੇ ਵੀ ਕਿਸਮ ਦਾ ਅਧਿਐਨ ਕਰਨਾ ਇੱਕ ਚੁਣੌਤੀ ਹੈ। ਅੱਜ ਲੋਕ ਪਹਿਲਾਂ ਵਾਂਗ ਨਹੀਂ ਪੜ੍ਹਦੇ, ਜਦੋਂ ਤੱਕ ਕਿ ਉਹ ਕੋਈ ਸੰਦੇਸ਼ ਜਾਂ ਸਮਾਜਿਕ ਮਾਧਿਅਮ ਉੱਤੇ ਪ੍ਰਕਾਸ਼ਿਤ ਕੋਈ ਸੰਖੇਪ ਲੇਖ ਨਾ ਹੋਵੇ। ਅਸਲ ਵਿੱਚ ਇਹੀ ਸਮੱਸਿਆ ਦਾ ਇੱਕ ਵੱਡਾ ਕਾਰਨ ਵੀ ਹੈ। ਅਸੀਂ ਕੁਝ ਹੀ ਮਿੰਟਾਂ ਤੋਂ ਵੱਧ ਸਮੇਂ ਤੱਕ ਕਿਸੇ ਇੱਕ ਗੱਲ ਉੱਤੇ ਆਪਣਾ ਧਿਆਨ ਕੇਂਦਰਿਤ ਰੱਖਣ ਦੀ ਸਮਰੱਥਾ ਗੁਆ ਚੁੱਕੇ ਹਾਂ। ਸਮਾਜਿਕ ਮਾਧਿਅਮਾਂ ਤੋਂ ਲਗਾਤਾਰ ਮਿਲਣ ਵਾਲੀ ਜਾਣਕਾਰੀ ਨੇ ਲੋਕਾਂ ਦੇ ਇਕਾਗਰਤਾ ਦੇ ਸਮੇਂ ਨੂੰ ਬਹੁਤ ਘੱਟ ਕਰ ਦਿੱਤਾ ਹੈ ਅਤੇ ਉਨ੍ਹਾਂ ਦੇ ਮਨ ਨੂੰ ਲਗਾਤਾਰ ਚੱਲਦੇ ਰਹਿਣ ਵਾਲੇ ਵਿਚਾਰਾਂ ਅਤੇ ਸ਼ੋਰ ਨਾਲ ਭਰ ਦਿੱਤਾ ਹੈ। ਇਸ ਲਈ ਸੰਭਵ ਹੈ ਕਿ ਤੁਹਾਨੂੰ ਇਨ੍ਹਾਂ ਵਿੱਚੋਂ ਕੁਝ ਗੱਲਾਂ ਤੋਂ ਆਪਣੇ ਆਪ ਨੂੰ ਵੱਖ ਕਰਨਾ ਪਵੇ ਤਾਂ ਜੋ ਤੁਹਾਡੇ ਕੋਲ ਪੜ੍ਹਨ ਲਈ ਸਮਾਂ ਹੋਵੇ। ਤੁਹਾਨੂੰ ਆਪਣੀ ਉਸ ਸਮਰੱਥਾ ਨੂੰ ਦੁਬਾਰਾ ਵਿਕਸਿਤ ਕਰਨ ਦਾ ਯਤਨ ਕਰਨਾ ਪੈ ਸਕਦਾ ਹੈ ਜਿਸ ਰਾਹੀਂ ਤੁਸੀਂ ਲਗਾਤਾਰ ਬਦਲਦੀ ਹੋਈ ਕਿਸੇ ਪਰਦੇ ਦੀ ਬਜਾਇ ਕਿਸੇ ਇੱਕ ਵਿਸ਼ੇ ਉੱਤੇ ਆਪਣਾ ਧਿਆਨ ਟਿਕਾਈ ਰੱਖ ਸਕੋ। ਇਸ ਲਈ ਤੁਹਾਨੂੰ ਕੁਝ ਨਵੇਂ ਅਤੇ ਵਿਹਾਰਕ ਉਪਾਅ ਵੀ ਅਪਣਾਉਣੇ ਪੈ ਸਕਦੇ ਹਨ।

ਹੋ ਸਕਦਾ ਹੈ ਕਿ ਤੁਹਾਡੇ ਲਈ ਬਾਈਬਲ ਨੂੰ ਆਨਲਾਈਨ ਪੜ੍ਹਨਾ ਵਧੇਰੇ ਸੁਵਿਧਾਜਨਕ ਹੋਵੇ। ਜਾਂ ਫਿਰ ਪੁਸਤਕ ਵਿੱਚ ਲਿਖੇ ਹੋਏ ਪਾਠ ਨੂੰ ਦੇਖਦੇ ਹੋਏ ਉਸ ਦੇ ਧੁਨੀ-ਰੂਪ ਨੂੰ ਸੁਣਨਾ ਤੁਹਾਨੂੰ ਨਿਯਮਿਤ ਤੌਰ ਤੇ ਪੜ੍ਹਨ ਦੀ ਆਦਤ ਵਿਕਸਿਤ ਕਰਨ ਵਿੱਚ ਸਹਾਇਤਾ ਕਰੇ। (ਮੈਂ ਕੇਵਲ ਵਾਹਨ ਚਲਾਉਂਦੇ ਸਮੇਂ ਜਾਂ ਕਸਰਤ ਕਰਦੇ ਸਮੇਂ ਬਾਈਬਲ ਦੇ ਧੁਨੀ-ਰੂਪ ਨੂੰ ਸੁਣਨ ਦੀ ਸਲਾਹ ਨਹੀਂ ਦਿੰਦੀ, ਕਿਉਂਕਿ ਉਹ ਬਹੁਤ ਆਸਾਨੀ ਨਾਲ ਕੇਵਲ ਪਿਛੋਕੜ ਵਿੱਚ ਚੱਲਣ ਵਾਲੀ ਆਵਾਜ਼ ਬਣ ਕੇ ਰਹਿ ਸਕਦਾ ਹੈ ਅਤੇ ਉਸ ਦਾ ਅਸਲ ਲਾਭ ਪ੍ਰਾਪਤ ਨਹੀਂ ਹੋ ਸਕਦਾ।)

ਬਾਈਬਲ ਨੂੰ ਨਿਯਮਿਤ ਤੌਰ ਤੇ ਪੜ੍ਹਨ ਵਾਲਾ ਵਿਅਕਤੀ ਬਣਨ ਲਈ ਮਿਹਨਤ ਕਰਨੀ ਪੈਂਦੀ ਹੈ। ਪਰ ਇਸ ਤੋਂ ਮਿਲਣ ਵਾਲੇ ਲਾਭ ਉਸ ਮਿਹਨਤ ਦੀ ਤੁਲਨਾ ਵਿੱਚ ਕਿਤੇ ਵੱਧ ਮਹਾਨ ਹਨ।

ਇਸ ਪੁਸਤਕ ਨੂੰ ਲਿਖਦੇ ਸਮੇਂ ਮੇਰੇ ਸਾਹਮਣੇ ਕਈ ਉਦੇਸ਼ ਸਨ। ਪਹਿਲਾ, ਇਸ ਨੂੰ ਜਿੰਨਾ ਸੰਭਵ ਹੋ ਸਕੇ ਸੰਖੇਪ ਰੱਖਣਾ, ਅਤੇ ਦੂਜਾ, ਇਸ ਨੂੰ ਜਿੰਨਾ ਸੰਭਵ ਹੋ ਸਕੇ ਸਰਲ ਅਤੇ ਸੁਗਮ ਬਣਾਉਣਾ। ਇਸੇ ਕਾਰਨ ਮੈਂ ਅਨੇਕਾਂ ਵਿਸ਼ਿਆਂ ਨੂੰ ਕੇਵਲ ਸੰਖੇਪ ਵਿੱਚ ਹੀ ਪੇਸ਼ ਕੀਤਾ ਹੈ। (ਇਸ ਪੁਸਤਕ ਵਿੱਚ ਮੈਂ ਕੁਝ ਅਜਿਹੇ ਵਾਧੂ ਸਾਧਨਾਂ ਦੀ ਵੀ ਸਿਫ਼ਾਰਸ਼ ਕੀਤੀ ਹੈ ਜੋ ਕੁਝ ਵਿਸ਼ਿਆਂ ਨੂੰ ਹੋਰ ਵਿਸਥਾਰ ਨਾਲ ਸਮਝਾਉਂਦੇ ਹਨ।)

ਭਾਵੇਂ ਇਸ ਪੁਸਤਕ ਤੋਂ ਤੁਹਾਨੂੰ ਆਪਣੀ ਮੌਜੂਦਾ ਸਮੱਸਿਆ ਵਿੱਚ ਵੀ ਕੁਝ ਸਹਾਇਤਾ ਮਿਲ ਸਕਦੀ ਹੈ, ਫਿਰ ਵੀ ਮੇਰਾ ਮੁੱਖ ਉਦੇਸ਼ ਤੁਹਾਨੂੰ ਭਵਿੱਖ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਲਈ ਤਿਆਰ ਕਰਨਾ ਹੈ। ਮੈਂ ਚਾਹੁੰਦੀ ਹਾਂ ਕਿ ਤੁਸੀਂ ਨਿਯਮਿਤ ਤੌਰ ਤੇ ਬਾਈਬਲ ਪੜ੍ਹਨ ਲਈ ਪ੍ਰੇਰਿਤ ਹੋਵੋ। ਮੈਂ ਤੁਹਾਨੂੰ ਕਿਸੇ ਤੁਰੰਤ ਜਾਂ ਫੌਰਨ ਮਿਲ ਜਾਣ ਵਾਲੇ ਹੱਲ ਦਾ ਭਰੋਸਾ ਨਹੀਂ ਦੇ ਰਹੀ ਹਾਂ, ਕਿਉਂਕਿ ਅਜਿਹਾ ਕੋਈ ਹੱਲ ਹੁੰਦਾ ਹੀ ਨਹੀਂ। ਪਰ ਤੁਹਾਨੂੰ ਬਾਈਬਲ ਦਾ ਇੱਕ ਪ੍ਰਭਾਵਸ਼ਾਲੀ ਪਾਠਕ ਬਣਨ ਵਿੱਚ ਸਹਾਇਤਾ ਦੇ ਕੇ ਮੈਂ ਤੁਹਾਨੂੰ ਅਜਿਹਾ ਮੌਕਾ ਦੇ ਰਹੀ ਹਾਂ, ਜਿਸ ਰਾਹੀਂ ਤੁਸੀਂ ਉਹ ਯੋਗਤਾਵਾਂ ਅਤੇ ਸਮਝ ਵਿਕਸਿਤ ਕਰ ਸਕੋ ਜੋ ਭਵਿੱਖ ਵਿੱਚ ਆਉਣ ਵਾਲੀ ਕਿਸੇ ਵੀ ਸਥਿਤੀ ਵਿੱਚੋਂ ਪਾਰ ਲੰਘਣ ਵਿੱਚ ਤੁਹਾਡੀ ਸਹਾਇਤਾ ਕਰਨਗੀਆਂ।

ਮੈਂ ਤੁਹਾਨੂੰ ਵਿਸ਼ਵਾਸ ਨਾਲ ਇਹ ਕਹਿ ਸਕਦੀ ਹਾਂ ਕਿ ਜਦੋਂ ਤੁਹਾਡੀ ਮੌਜੂਦਾ ਮੁਸ਼ਕਲ ਸਮਾਪਤ ਹੋ ਜਾਵੇਗੀ, ਤਦ ਭਵਿੱਖ ਵਿੱਚ ਕੋਈ ਹੋਰ ਤੂਫ਼ਾਨ ਤੁਹਾਡਾ ਸਾਹਮਣਾ ਕਰਨ ਲਈ ਤਿਆਰ ਹੋਵੇਗਾ—ਅਤੇ ਸੰਭਵ ਹੈ ਕਿ ਉਹ ਇਸ ਤੋਂ ਵੀ ਵੱਧ ਭਿਆਨਕ ਹੋਵੇ। ਪਰ ਇਸ ਵਾਰ ਤੁਸੀਂ ਉਸ ਲਈ ਪਹਿਲਾਂ ਤੋਂ ਤਿਆਰ ਹੋਵੋਗੇ।

# ਜਾਣ-ਪਛਾਣ।

ਅਸੀਂ ਇੱਕ ਅਜਿਹੇ ਟੁੱਟੇ ਹੋਏ ਸੰਸਾਰ ਵਿੱਚ ਰਹਿੰਦੇ ਹਾਂ ਜਿਸ ਨੂੰ ਪਾਪ ਨੇ ਬੁਰੀ ਤਰ੍ਹਾਂ ਨਾਸ਼ ਅਤੇ ਵਿਗਾੜ ਦਿੱਤਾ ਹੈ। ਨਤੀਜੇ ਵਜੋਂ, ਮੁਸ਼ਕਲਾਂ ਸਾਡੇ ਸਾਰਿਆਂ ਦੇ ਜੀਵਨ ਵਿੱਚ ਆਉਂਦੀਆਂ ਹਨ। ਜੀਵਨ ਦੀਆਂ ਪਰੇਸ਼ਾਨੀਆਂ ਸਾਡੀ ਤਾਕਤ ਨੂੰ ਕਮਜ਼ੋਰ ਕਰ ਦਿੰਦੀਆਂ ਹਨ ਅਤੇ ਸਾਡੀ ਆਸ ਖੋਹ ਲੈਂਦੀਆਂ ਹਨ। ਕਦੇ ਸਾਨੂੰ ਅਜਿਹਾ ਮਹਿਸੂਸ ਹੁੰਦਾ ਹੈ ਕਿ ਅਸੀਂ ਪੂਰੀ ਦੁਨੀਆ ਉੱਤੇ ਜਿੱਤ ਪ੍ਰਾਪਤ ਕਰ ਸਕਦੇ ਹਾਂ, ਅਤੇ ਕਦੇ ਅਜਿਹੀ ਸਥਿਤੀ ਆ ਜਾਂਦੀ ਹੈ ਕਿ ਸਾਡੇ ਲਈ ਮੰਜੇ ਤੋਂ ਉੱਠਣਾ ਵੀ ਔਖਾ ਹੋ ਜਾਂਦਾ ਹੈ। ਅਸੀਂ ਕੇਵਲ ਇਸ ਗੱਲ ਉੱਤੇ ਹੀ ਸ਼ੱਕ ਨਹੀਂ ਕਰਨ ਲੱਗ ਪੈਂਦੇ ਕਿ ਪਰਮੇਸ਼ੁਰ ਸਾਡੀ ਸਹਾਇਤਾ ਕਰਨਗੇ, ਸਗੋਂ ਇਹ ਵੀ ਸੋਚਣ ਲੱਗ ਪੈਂਦੇ ਹਾਂ ਕਿ ਕਿਤੇ ਉਹ ਅਸਲ ਵਿੱਚ ਹਨ ਵੀ ਜਾਂ ਨਹੀਂ।

ਜੀਵਨ ਦੀਆਂ ਚੁਣੌਤੀਆਂ ਅਤੇ ਪੀੜਾਂ ਤੋਂ ਬਚਣ ਦਾ ਕੋਈ ਰਸਤਾ ਨਹੀਂ ਹੈ। ਪਰ ਇਹ ਜ਼ਰੂਰ ਸੰਭਵ ਹੈ ਕਿ ਅਸੀਂ ਮੁਸ਼ਕਲਾਂ ਦਾ ਸਾਹਮਣਾ ਬਿਨਾਂ ਡਗਮਗਾਏ ਅਤੇ ਪੂਰੀ ਤਰ੍ਹਾਂ ਟੁੱਟੇ ਬਿਨਾਂ ਕਰੀਏ। ਇਹ ਸੰਭਵ ਹੈ ਕਿ ਅਸੀਂ ਇਸ ਵਿਸ਼ਵਾਸ ਨੂੰ ਦ੍ਰਿੜ੍ਹਤਾ ਨਾਲ ਫੜੀ ਰੱਖੀਏ ਕਿ ਅਸੀਂ ਇਨ੍ਹਾਂ ਸਥਿਤੀਆਂ ਵਿੱਚੋਂ ਨਿਕਲ ਆਵਾਂਗੇ, ਅਤੇ ਇਸ ਆਸ ਨੂੰ ਕਾਇਮ ਰੱਖੀਏ ਕਿ ਸਾਡੀ ਸਥਿਤੀ ਜ਼ਰੂਰ ਸੁਧਰੇਗੀ। ਕੀ ਤੁਹਾਡੇ ਘਰ ਵਿੱਚ ਇੱਕ ਪਵਿੱਤਰ ਬਾਈਬਲ ਹੈ? ਜੇ ਹਾਂ, ਤਾਂ ਤੁਹਾਡੇ ਕੋਲ ਉਹੀ ਸਾਧਨ ਹੈ ਜਿਸ ਦੀ ਤੁਹਾਨੂੰ ਲੋੜ ਹੈ, ਤਾਂ ਜੋ ਤੁਸੀਂ ਜੀਵਨ ਦੇ ਤੂਫ਼ਾਨਾਂ ਦੇ ਵਿਚਕਾਰ ਅਡੋਲ ਖੜ੍ਹੇ ਰਹਿ ਸਕੋ ਅਤੇ ਆਪਣੇ ਰਾਹ ਵਿੱਚ ਆਉਣ ਵਾਲੀ ਹਰ ਮੁਸ਼ਕਲ ਉੱਤੇ ਜਿੱਤ ਪ੍ਰਾਪਤ ਕਰ ਸਕੋ।

ਪਵਿੱਤਰ ਬਾਈਬਲ ਸੰਸਾਰ ਦੀ ਕਿਸੇ ਵੀ ਹੋਰ ਪੁਸਤਕ ਵਰਗੀ ਨਹੀਂ ਹੈ, ਕਿਉਂਕਿ ਇਹ ਸਾਨੂੰ ਆਪ ਪਰਮੇਸ਼ੁਰ ਵੱਲੋਂ ਪ੍ਰਾਪਤ ਹੋਈ ਹੈ। ਸਰਬਸ਼ਕਤੀਮਾਨ ਪਰਮੇਸ਼ੁਰ ਨੇ ਉਨ੍ਹਾਂ ਲੇਖਕਾਂ ਨੂੰ ਪ੍ਰੇਰਿਤ ਕੀਤਾ ਜਿਨ੍ਹਾਂ ਨੇ ਇਸ ਦੇ ਪੰਨਿਆਂ ਉੱਤੇ ਲਿਖੇ ਗਏ ਬਚਨ ਲਿਖੇ। ਪਵਿੱਤਰ ਬਾਈਬਲ ਇੱਕ ਅਲੌਕਿਕ ਪੁਸਤਕ ਹੈ, ਕਿਉਂਕਿ ਇਸ ਦੀ ਵਿਸ਼ਾ-ਵਸਤੂ ਦੀ ਪ੍ਰੇਰਣਾ ਇਸ ਭੌਤਿਕ ਸੰਸਾਰ ਤੋਂ ਪਰੇ ਇੱਕ ਆਯਾਮ ਤੋਂ ਆਈ ਹੈ। ਅਲੌਕਿਕ ਦਾ ਅਰਥ ਹੈ, "ਅਜਿਹੀ ਹੋਂਦ ਜਾਂ ਵਿਵਸਥਾ ਨਾਲ ਸੰਬੰਧਿਤ ਜੋ ਇਸ ਦ੍ਰਿਸ਼ਮਾਨ ਅਤੇ ਸਿੱਧੇ ਤੌਰ ਤੇ ਦੇਖੇ ਜਾ ਸਕਣ ਵਾਲੇ ਬ੍ਰਹਿਮੰਡ ਤੋਂ ਪਰੇ ਹੋਵੇ।"

ਪਰਮੇਸ਼ੁਰ ਦਾ ਲਿਖਿਆ ਹੋਇਆ ਬਚਨ ਉਨ੍ਹਾਂ ਲੋਕਾਂ ਦੇ ਜੀਵਨ ਵਿੱਚ ਆਤਮਿਕ ਵਾਧਾ ਅਤੇ ਬਦਲਾਅ ਪੈਦਾ ਕਰਨ ਦੇ ਸਮਰੱਥ ਹੈ ਜੋ ਇਸ ਨੂੰ ਪੜ੍ਹਦੇ ਅਤੇ ਇਸ ਉੱਤੇ ਵਿਸ਼ਵਾਸ ਕਰਦੇ ਹਨ। ਉਸ ਦਾ ਬਚਨ ਤੁਹਾਨੂੰ ਪਰਖਾਂ ਅਤੇ ਕਲੇਸ਼ਾਂ ਦਾ ਸਾਹਮਣਾ ਕਰਦੇ ਸਮੇਂ ਨਿਡਰ ਬਣਾ ਸਕਦਾ ਹੈ। ਪਰਮੇਸ਼ੁਰ ਦਾ ਬਚਨ ਤੁਹਾਨੂੰ ਜੀਵਨ ਦੀਆਂ ਬਿਪਤਾਵਾਂ ਲਈ ਅਸਲ ਹੱਲ ਪ੍ਰਦਾਨ ਕਰੇਗਾ ਅਤੇ ਜੀਵਨ ਦੇ ਤੂਫ਼ਾਨਾਂ ਦੇ ਵਿਚਕਾਰ ਵੀ ਤੁਹਾਡੇ ਮਨ ਨੂੰ ਸੱਚੀ ਸ਼ਾਂਤੀ ਨਾਲ ਭਰ ਦੇਵੇਗਾ।

ਦੁੱਖ ਦੀ ਗੱਲ ਇਹ ਹੈ ਕਿ ਬਹੁਤ ਘੱਟ ਲੋਕ ਇਨ੍ਹਾਂ ਬਰਕਤਾਂ ਦਾ ਲਾਭ ਉਠਾ ਪਾਉਂਦੇ ਹਨ, ਕਿਉਂਕਿ ਉਹ ਨਾ ਤਾਂ ਇਹ ਸਮਝਦੇ ਹਨ ਕਿ ਪਵਿੱਤਰ ਬਾਈਬਲ ਅਸਲ ਵਿੱਚ ਕੀ ਹੈ ਅਤੇ ਨਾ ਹੀ ਇਹ ਜਾਣਦੇ ਹਨ ਕਿ ਇਸ ਦੀ ਸਹੀ ਵਰਤੋਂ ਕਿਵੇਂ ਕੀਤੀ ਜਾਵੇ। ਇਸ ਪੁਸਤਕ ਵਿੱਚ ਅਸੀਂ ਇਨ੍ਹਾਂ ਹੀ ਗੱਲਾਂ ਉੱਤੇ ਵਿਚਾਰ ਕਰਾਂਗੇ ਅਤੇ ਅਜਿਹੇ ਵਿਹਾਰਕ ਉਪਾਅ ਪੇਸ਼ ਕਰਾਂਗੇ ਜਿਨ੍ਹਾਂ ਨੂੰ ਤੁਸੀਂ ਆਪਣੇ ਜੀਵਨ ਵਿੱਚ ਲਾਗੂ ਕਰਕੇ ਉਨ੍ਹਾਂ ਦਾ ਲਾਭ ਉਠਾ ਸਕਦੇ ਹੋ। ਅਸੀਂ ਮੁਸ਼ਕਲ

ਸਥਿਤੀਆਂ ਨੂੰ ਆਪਣੇ ਜੀਵਨ ਵਿੱਚ ਆਉਣ ਤੋਂ ਨਹੀਂ ਰੋਕ ਸਕਦੇ। ਪਰ ਪਰਮੇਸ਼ੁਰ ਦੇ ਬਚਨ—ਅਰਥਾਤ ਪਵਿੱਤਰ ਬਾਈਬਲ—ਦੇ ਦੁਆਰਾ ਅਸੀਂ ਉਸ ਅਵਸਥਾ ਤੱਕ ਪਹੁੰਚ ਸਕਦੇ ਹਾਂ ਜਿੱਥੇ ਜੀਵਨ ਦੀਆਂ ਮੁਸ਼ਕਲਾਂ ਨਾ ਤਾਂ ਸਾਨੂੰ ਡਗਮਗਾ ਸਕਣ ਅਤੇ ਨਾ ਹੀ ਸਾਨੂੰ ਨਾਸ਼ ਕਰ ਸਕਣ। ਇੰਨਾ ਹੀ ਨਹੀਂ, ਅਸੀਂ ਇਹ ਵੀ ਸਿੱਖ ਸਕਦੇ ਹਾਂ ਕਿ ਉਥਲ-ਪੁਥਲ ਅਤੇ ਸੰਕਟ ਦੇ ਵਿਚਕਾਰ ਵੀ ਕਿਵੇਂ ਜਿੱਤ ਭਰਿਆ ਅਤੇ ਫਲਦਾਇਕ ਜੀਵਨ ਜੀਉਣਾ ਹੈ।

# 1

## ਤੁਸੀਂ ਤੂਫ਼ਾਨ ਨੂੰ ਰੋਕ ਸਕਦੇ ਹੋ।

ਜਦੋਂ ਯਿਸੂ ਇਸ ਧਰਤੀ ਉੱਤੇ ਸਨ, ਤਦ ਉਨ੍ਹਾਂ ਨੇ ਦੋ ਘਰਾਂ ਬਾਰੇ ਇੱਕ ਸਰਲ ਦ੍ਰਿਸ਼ਟਾਂਤ ਸੁਣਾਇਆ, ਜਿਨ੍ਹਾਂ ਉੱਤੇ ਇੱਕ ਭਿਆਨਕ ਤੂਫ਼ਾਨ ਆਇਆ। ਇੱਕ ਘਰ ਮੀਂਹ, ਹਨੇਰੀ ਅਤੇ ਹੜ੍ਹ ਦੇ ਪ੍ਰਚੰਡ ਹਮਲੇ ਤੋਂ ਬਾਅਦ ਵੀ ਅਡੋਲ ਖੜ੍ਹਾ ਰਿਹਾ, ਜਦਕਿ ਦੂਜਾ ਘਰ ਪੂਰੀ ਤਰ੍ਹਾਂ ਨਾਸ਼ ਹੋ ਗਿਆ। ਇਨ੍ਹਾਂ ਦੋਹਾਂ ਘਰਾਂ ਵਿਚਕਾਰ ਅੰਤਰ ਕੇਵਲ ਉਨ੍ਹਾਂ ਦੀ ਨੀਂਹ ਦਾ ਸੀ। ਇੱਕ ਘਰ ਠੋਸ ਚਟਾਨ ਉੱਤੇ ਬਣਾਇਆ ਗਿਆ ਸੀ ਅਤੇ ਦੂਜਾ ਰੇਤ ਉੱਤੇ ਖੜ੍ਹਾ ਸੀ। ਯਿਸੂ ਨੇ ਸਪਸ਼ਟ ਕੀਤਾ ਕਿ ਹਰੇਕ ਘਰ ਦੀ ਨੀਂਹ ਇਸ ਗੱਲ ਦਾ ਨਤੀਜਾ ਸੀ ਕਿ ਉਸ ਨੂੰ ਬਣਾਉਣ ਵਾਲੇ ਨੇ ਪਰਮੇਸ਼ੁਰ ਦੇ ਬਚਨ ਪ੍ਰਤੀ ਕਿਹੋ ਜਿਹਾ ਹੁੰਗਾਰਾ ਦਿੱਤਾ ਸੀ (ਮੱਤੀ ਅਧਿਆਇ 7 ਆਇਤ 24 ਤੋਂ 27)।

ਇਸ ਦ੍ਰਿਸ਼ਟਾਂਤ ਦੇ ਰਾਹੀਂ ਯਿਸੂ ਨੇ ਉਸ ਸੱਚਾਈ ਨੂੰ ਪ੍ਰਗਟ ਕੀਤਾ ਜੋ ਪਵਿੱਤਰ ਬਾਈਬਲ ਦੇ ਆਰੰਭ ਤੋਂ ਲੈ ਕੇ ਅੰਤ ਤੱਕ ਦਿਖਾਈ ਦਿੰਦੀ ਹੈ। ਜਿਹੜੇ ਲੋਕ ਪਰਮੇਸ਼ੁਰ ਦੇ ਬਚਨ ਨੂੰ ਜਾਣਦੇ ਹਨ ਅਤੇ ਉਸ ਨੂੰ ਆਪਣੇ ਜੀਵਨ ਵਿੱਚ ਅਮਲ ਵਿੱਚ ਲਿਆਉਂਦੇ ਹਨ, ਉਹ ਜੀਵਨ ਦੇ ਤੂਫ਼ਾਨਾਂ ਦਾ ਦ੍ਰਿੜ੍ਹਤਾ ਨਾਲ ਸਾਹਮਣਾ ਕਰ ਸਕਦੇ ਹਨ। ਉਹ ਕੇਵਲ ਜੀਉਂਦੇ ਹੀ ਨਹੀਂ ਬਚਦੇ, ਸਗੋਂ ਜੀਵਨ ਦੀ ਹਰ ਚੁਣੌਤੀ ਦੇ ਵਿਚਕਾਰ ਵੀ ਤਰੱਕੀ ਕਰਦੇ ਹਨ ਅਤੇ ਜਿੱਤ ਭਰਿਆ ਜੀਵਨ ਜੀਉਂਦੇ ਹਨ।

## ਇੱਕ ਫਲਦਾਇਕ ਰੁੱਖ।

ਯਿਸੂ ਵੱਲੋਂ ਤੂਫ਼ਾਨ ਵਿੱਚ ਬਣੇ ਘਰਾਂ ਬਾਰੇ ਦ੍ਰਿਸ਼ਟਾਂਤ ਸੁਣਾਏ ਜਾਣ ਤੋਂ ਸੈਂਕੜੇ ਸਾਲ ਪਹਿਲਾਂ, ਇਸਰਾਏਲ ਦੇ ਰਾਜੇ ਦਾਊਦ ਨੇ ਇੱਕ ਭਜਨ ਦੀ ਰਚਨਾ ਕੀਤੀ, ਜਿਸ ਵਿੱਚ ਉਸ ਨੇ ਉਸ ਮਨੁੱਖ ਦਾ ਵਰਣਨ ਕੀਤਾ ਜੋ "ਯਹੋਵਾਹ ਦੀ ਬਿਵਸਥਾ ਤੋਂ ਪ੍ਰਸੰਨ ਰਹਿੰਦਾ ਹੈ ਅਤੇ ਉਸ ਦੀ ਬਿਵਸਥਾ ਉੱਤੇ ਦਿਨ-ਰਾਤ ਮਨਨ ਕਰਦਾ ਹੈ" (ਜ਼ਬੂਰਾਂ ਦੀ ਪੋਥੀ ਅਧਿਆਇ 1 ਆਇਤ 2)। ਦਾਊਦ ਨੇ ਅਜਿਹੇ ਮਨੁੱਖ ਦੀ ਤੁਲਨਾ ਉਸ ਰੁੱਖ ਨਾਲ ਕੀਤੀ, "ਜੋ ਵਗਦੇ ਪਾਣੀ ਦੀਆਂ ਧਾਰਾਂ ਦੇ ਕੰਢੇ ਲਾਇਆ ਗਿਆ ਹੈ, ਜੋ ਆਪਣੇ ਸਮੇਂ ਤੇ ਫਲ ਦਿੰਦਾ ਹੈ ਅਤੇ ਜਿਸ ਦੇ ਪੱਤੇ ਕਦੇ ਨਹੀਂ ਮੁਰਝਾਉਂਦੇ" (ਜ਼ਬੂਰਾਂ ਦੀ ਪੋਥੀ ਅਧਿਆਇ 1 ਆਇਤ 3)। ਜਿਸ ਤਰ੍ਹਾਂ ਰੁੱਖਾਂ ਦੀਆਂ ਜੜ੍ਹਾਂ ਉਨ੍ਹਾਂ ਨੂੰ ਪ੍ਰਚੰਡ ਹਨੇਰੀਆਂ ਦੇ ਸਮੇਂ ਦ੍ਰਿੜ੍ਹਤਾ ਨਾਲ ਫੜੀ ਰੱਖਦੀਆਂ ਹਨ ਅਤੇ ਸੋਕੇ ਦੇ ਦਿਨਾਂ ਵਿੱਚ ਵੀ ਉਨ੍ਹਾਂ ਲਈ ਪੋਸ਼ਣ ਦਾ ਸਰੋਤ ਬਣਦੀਆਂ ਹਨ, ਉਸੇ

ਤਰ੍ਹਾਂ ਜਿਹੜੇ ਲੋਕ ਪਰਮੇਸ਼ੁਰ ਦੇ ਬਚਨ ਉੱਤੇ ਮਨਨ ਕਰਦੇ ਹਨ, ਉਹ ਔਖੇ ਸਮਿਆਂ ਵਿੱਚ ਵੀ ਲਗਾਤਾਰ ਫਲਦੇ-ਫੁੱਲਦੇ ਰਹਿੰਦੇ ਹਨ।

## ਮਸੀਹ ਵਿੱਚ ਜੜ੍ਹ ਫੜਨਾ।

ਰਸੂਲ ਪੌਲੁਸ ਨੇ ਵੀ ਉਨ੍ਹਾਂ ਜੜ੍ਹਾਂ ਦੀ ਇਸੇ ਸੱਚਾਈ ਨੂੰ ਦੁਹਰਾਇਆ ਜੋ ਮਨੁੱਖ ਨੂੰ ਸਥਿਰ ਬਣਾਈ ਰੱਖਦੀਆਂ ਹਨ। ਉਸ ਨੇ ਵਿਸ਼ਵਾਸੀਆਂ ਨੂੰ ਉਤਸ਼ਾਹਿਤ ਕੀਤਾ ਕਿ ਉਹ "ਆਪਣੀਆਂ ਜੜ੍ਹਾਂ [ਯਿਸੂ] ਵਿੱਚ ਡੂੰਘੀਆਂ ਜਮਾ ਲੈਣ" (ਕੁਲੁੱਸੀਆਂ ਅਧਿਆਇ 2 ਆਇਤ 7)। ਪੌਲੁਸ ਨੇ ਇਹ ਬਚਨ ਮੂਲ ਰੂਪ ਵਿੱਚ ਯੂਨਾਨੀ ਭਾਸ਼ਾ ਵਿੱਚ ਲਿਖਿਆ ਸੀ। ਜਿਸ ਯੂਨਾਨੀ ਸ਼ਬਦ ਦਾ ਅਨੁਵਾਦ "ਜੜ੍ਹਾਂ" ਕੀਤਾ ਗਿਆ ਹੈ, ਉਸ ਦਾ ਅਰਥ ਹੈ, "ਸਥਿਰ ਹੋ ਜਾਣਾ।" ਸਥਿਰ ਦਾ ਅਰਥ ਹੈ, "ਦ੍ਰਿੜ੍ਹਤਾ ਨਾਲ ਸਥਾਪਿਤ ਹੋ ਜਾਣਾ।"

ਜਿਹੜਾ ਵਿਅਕਤੀ ਮਸੀਹ ਵਿੱਚ ਜੜ੍ਹ ਫੜ ਚੁੱਕਾ ਹੁੰਦਾ ਹੈ, ਉਹ ਜੀਵਨ ਦੇ ਤੂਫ਼ਾਨਾਂ ਦੇ ਆਉਣ ਤੇ ਵਿਸ਼ਵਾਸ ਤੋਂ ਸ਼ੱਕ ਵੱਲ ਨਹੀਂ ਡਗਮਗਾਉਂਦਾ। ਨਾ ਹੀ ਬਿਪਤਾ ਉਸ ਨੂੰ ਪਰਮੇਸ਼ੁਰ ਉੱਤੇ ਆਪਣੇ ਭਰੋਸੇ ਤੋਂ ਹਟਾ ਸਕਦੀ ਹੈ ਅਤੇ ਨਾ ਹੀ ਉਸ ਦੇ ਭਵਿੱਖ ਦੀ ਆਸ ਖੋਹ ਸਕਦੀ ਹੈ। ਉਹ ਨਾ ਤਾਂ ਅਸਥਿਰ ਹੁੰਦਾ ਹੈ ਅਤੇ ਨਾ ਹੀ ਟੁੱਟ ਕੇ ਖਿੱਲਰ ਜਾਂਦਾ ਹੈ। ਜਿਨ੍ਹਾਂ ਲੋਕਾਂ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਹਨ, ਉਹ "[ਯਿਸੂ] ਤੋਂ ਆਤਮਿਕ ਪੋਸ਼ਣ ਪ੍ਰਾਪਤ ਕਰਦੇ ਹਨ ਅਤੇ ਵਿਸ਼ਵਾਸ ਵਿੱਚ ਵਧਦੇ ਜਾਂਦੇ ਹਨ, ਸੱਚਾਈ ਵਿੱਚ ਦ੍ਰਿੜ੍ਹ ਅਤੇ ਸਮਰੱਥ ਬਣਦੇ ਹਨ" (ਕੁਲੁੱਸੀਆਂ ਅਧਿਆਇ 2 ਆਇਤ 7)।

ਅਸੀਂ ਪਵਿੱਤਰ ਬਾਈਬਲ ਦੇ ਰਾਹੀਂ ਮਸੀਹ ਵਿੱਚ ਜੜ੍ਹ ਫੜਦੇ ਹਾਂ। ਇਹ ਅਦੁੱਤੀ ਪੁਸਤਕ ਕੇਵਲ ਸਾਨੂੰ ਜਾਣਕਾਰੀ ਹੀ ਨਹੀਂ ਦਿੰਦੀ ਜਾਂ ਸਾਡੀਆਂ ਭਾਵਨਾਵਾਂ ਨੂੰ ਹੀ ਨਹੀਂ ਛੂੰਹਦੀ। ਪਰਮੇਸ਼ੁਰ ਦਾ ਬਚਨ ਇਸ ਨੂੰ ਪੜ੍ਹਨ ਵਾਲਿਆਂ ਦੇ ਜੀਵਨ ਵਿੱਚ ਸਮਰੱਥਾ, ਅਨੰਦ, ਸ਼ਾਂਤੀ, ਬੁੱਧੀ ਅਤੇ ਵਿਸ਼ਵਾਸ ਪੈਦਾ ਕਰਦਾ ਹੈ। ਪਵਿੱਤਰ-ਸ਼ਾਸਤਰ ਸਾਡੇ ਅੰਦਰ ਆਤਮਿਕ ਵਾਧਾ ਅਤੇ ਬਦਲਾਅ ਲਿਆਉਂਦਾ ਹੈ, ਜੋ ਬਾਹਰੋਂ ਵੀ ਸਪਸ਼ਟ ਦਿਖਾਈ ਦਿੰਦਾ ਹੈ, ਕਿਉਂਕਿ ਸਥਿਤੀਆਂ ਪ੍ਰਤੀ ਸਾਡਾ ਹੁੰਗਾਰਾ ਅਤੇ ਲੋਕਾਂ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਅਤੇ ਵਿਹਾਰ ਬਦਲਣ ਲੱਗ ਪੈਂਦਾ ਹੈ। ਯਾਦ ਰੱਖੋ, ਪਵਿੱਤਰ ਬਾਈਬਲ ਇੱਕ ਅਲੌਕਿਕ ਪੁਸਤਕ ਹੈ। "ਹਰ ਇੱਕ ਪਵਿੱਤਰ-ਸ਼ਾਸਤਰ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਰਚਿਆ ਗਿਆ ਹੈ" (2 ਤਿਮੋਥਿਉਸ ਅਧਿਆਇ 3 ਆਇਤ 16)।

ਰਸੂਲ ਪੌਲੁਸ ਨੇ ਲਿਖਿਆ ਕਿ "ਪਰਮੇਸ਼ੁਰ ਦਾ ਬਚਨ... ਤੁਹਾਡੇ ਵਿੱਚ ਜਿਹੜੇ ਵਿਸ਼ਵਾਸ ਕਰਦੇ ਹਨ, ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਿਹਾ ਹੈ—ਅਤੇ ਜਿਹੜੇ ਲੋਕ ਉਸ ਉੱਤੇ ਦ੍ਰਿੜ੍ਹਤਾ ਨਾਲ ਚੱਲਦੇ ਹਨ, ਉਸ ਉੱਤੇ ਭਰੋਸਾ ਰੱਖਦੇ ਹਨ ਅਤੇ ਉਸੇ ਉੱਤੇ ਨਿਰਭਰ ਰਹਿੰਦੇ ਹਨ, ਉਨ੍ਹਾਂ ਵਿੱਚ ਆਪਣੀ ਅਲੌਕਿਕ ਸਮਰੱਥਾ ਨੂੰ ਪ੍ਰਗਟ ਕਰਦਾ ਹੈ" (1 ਥੱਸਲੁਨੀਕੀਆਂ ਅਧਿਆਇ 2 ਆਇਤ 13)।

ਰਸੂਲ ਪਤਰਸ ਨੇ ਵਿਸ਼ਵਾਸੀਆਂ ਨੂੰ ਪਰਮੇਸ਼ੁਰ ਦੇ ਬਚਨ ਲਈ ਡੂੰਘੀ ਲਾਲਸਾ ਰੱਖਣ ਦੀ ਸਿੱਖਿਆ ਦਿੱਤੀ। "ਨਵਜੰਮੇ ਬੱਚਿਆਂ ਵਾਂਗ ਉਸ ਸ਼ੁੱਧ ਆਤਮਿਕ ਦੁੱਧ ਦੀ ਲਾਲਸਾ ਕਰੋ, ਤਾਂ ਜੋ ਉਸ ਦੇ ਰਾਹੀਂ ਤੁਹਾਡੀ ਆਤਮਿਕ ਉੱਨਤੀ ਹੋਵੇ"

(1 ਪਤਰਸ ਅਧਿਆਇ 2 ਆਇਤ 2)। ਇੱਕ ਛੋਟੇ ਬੱਚੇ ਲਈ ਦੁੱਧ ਸਭ ਤੋਂ ਪਹਿਲੀ ਲੋੜ ਹੁੰਦੀ ਹੈ। ਉਹ ਇਸ ਤੋਂ ਬਿਨਾਂ ਜੀਉਂਦਾ ਨਹੀਂ ਰਹਿ ਸਕਦਾ ਅਤੇ ਜਦ ਤੱਕ ਉਸ ਨੂੰ ਦੁੱਧ ਨਹੀਂ ਮਿਲ ਜਾਂਦਾ, ਤਦ ਤੱਕ ਉਹ ਰੋਣਾ ਨਹੀਂ ਛੱਡਦਾ। ਅਤੇ ਕਿਉਂਕਿ ਉਹ ਦੁੱਧ ਪੀਂਦਾ ਹੈ, ਇਸ ਲਈ ਉਹ ਕੇਵਲ ਜੀਉਂਦਾ ਹੀ ਨਹੀਂ ਰਹਿੰਦਾ, ਸਗੋਂ ਬਲਵਾਨ ਵੀ ਹੁੰਦਾ ਜਾਂਦਾ ਹੈ।

ਪਵਿੱਤਰ ਬਾਈਬਲ ਸਾਡੇ ਅੰਦਰਲੇ ਮਨੁੱਖ ਲਈ ਆਤਮਿਕ ਭੋਜਨ ਹੈ। ਆਪ ਯਿਸੂ ਨੇ ਕਿਹਾ, "ਮਨੁੱਖ ਕੇਵਲ ਰੋਟੀ ਨਾਲ ਹੀ ਜੀਉਂਦਾ ਨਹੀਂ ਰਹੇਗਾ, ਪਰ ਹਰ ਇੱਕ ਬਚਨ ਨਾਲ ਜੋ ਪਰਮੇਸ਼ੁਰ ਦੇ ਮੂੰਹੋਂ ਨਿਕਲਦਾ ਹੈ" (ਮੱਤੀ ਅਧਿਆਇ 4 ਆਇਤ 4)। ਪਰਮੇਸ਼ੁਰ ਦੇ ਬਚਨ ਦੀ ਤੁਲਨਾ ਭੋਜਨ ਨਾਲ ਕਰਕੇ ਯਿਸੂ ਸਾਨੂੰ ਇਸ ਦੇ ਉਦੇਸ਼ ਅਤੇ ਮਹੱਤਵ ਨੂੰ ਸਮਝਾਉਂਦੇ ਹਨ। ਜਦੋਂ ਤੁਸੀਂ ਭੋਜਨ ਕਰਦੇ ਹੋ, ਤਾਂ ਉਸ ਨੂੰ ਆਪਣੇ ਅੰਦਰ ਗ੍ਰਹਿਣ ਕਰਦੇ ਹੋ ਅਤੇ ਉਹ ਤੁਹਾਡੇ ਸਰੀਰ ਦਾ ਹਿੱਸਾ ਬਣ ਜਾਂਦਾ ਹੈ। ਇਹ ਜਾਣਨਾ ਜ਼ਰੂਰੀ ਨਹੀਂ ਕਿ ਭੋਜਨ ਕਿਸ ਤਰ੍ਹਾਂ ਤੁਹਾਡੇ ਸਰੀਰ ਨੂੰ ਪੋਸ਼ਣ ਦਿੰਦਾ ਹੈ, ਵਾਧਾ ਕਰਦਾ ਹੈ ਅਤੇ ਤੁਹਾਨੂੰ ਸਮਰੱਥ ਬਣਾਉਂਦਾ ਹੈ। ਪਰ ਇਸ ਦੇ ਲਾਭ ਪ੍ਰਾਪਤ ਕਰਨ ਲਈ ਇਸ ਨੂੰ ਖਾਣਾ ਜ਼ਰੂਰੀ ਹੈ।

ਠੀਕ ਇਸੇ ਤਰ੍ਹਾਂ, ਇਹ ਸਮਝਣਾ ਜ਼ਰੂਰੀ ਨਹੀਂ ਕਿ ਪਵਿੱਤਰ ਬਾਈਬਲ ਤੁਹਾਡੇ ਅੰਦਰ ਕਿਸ ਤਰ੍ਹਾਂ ਬਦਲਾਅ ਅਤੇ ਰੂਪਾਂਤਰ ਪੈਦਾ ਕਰਦੀ ਹੈ; ਪਰ ਇਸ ਦੇ ਕੰਮ ਕਰਨ ਲਈ ਤੁਹਾਨੂੰ ਇਸ ਨੂੰ ਪੜ੍ਹਨਾ ਜ਼ਰੂਰੀ ਹੈ। ਜੇ ਤੁਸੀਂ ਪਰਮੇਸ਼ੁਰ ਦੇ ਬਚਨ ਨੂੰ ਗ੍ਰਹਿਣ ਕਰੋਗੇ—ਅਰਥਾਤ ਇਸ ਨੂੰ ਪੜ੍ਹੋਗੇ ਅਤੇ ਆਪਣੇ ਅੰਦਰ ਥਾਂ ਦਿਓਗੇ—ਤਾਂ ਪਰਮੇਸ਼ੁਰ ਦਾ ਬਚਨ ਉਹੀ ਕੰਮ ਕਰੇਗਾ ਜਿਸ ਲਈ ਇਹ ਦਿੱਤਾ ਗਿਆ ਹੈ।

## ਮੈਨੂੰ ਇਹ ਨਾ ਕਹੋ ਕਿ ਮੈਨੂੰ ਪਵਿੱਤਰ ਬਾਈਬਲ ਜ਼ਰੂਰ ਪੜ੍ਹਨੀ ਹੀ ਪਵੇਗੀ!

ਮੈਂ ਚੰਗੀ ਤਰ੍ਹਾਂ ਜਾਣਦੀ ਹਾਂ ਕਿ ਬਹੁਤ ਸਾਰੇ ਮਸੀਹੀਆਂ ਲਈ ਪਵਿੱਤਰ ਬਾਈਬਲ ਪੜ੍ਹਨਾ ਇੱਕ ਸੰਘਰਸ਼ ਹੈ। ਇੱਕ ਨਹੀਂ, ਸਗੋਂ ਅਨੇਕਾਂ ਇਮਾਨਦਾਰ ਲੋਕਾਂ ਨੇ ਮੇਰੇ ਸਾਹਮਣੇ ਇਹ ਸਵੀਕਾਰ ਕੀਤਾ ਹੈ ਕਿ ਉਹ ਬਹੁਤ ਘੱਟ, ਜਾਂ ਲਗਭਗ ਕਦੇ ਵੀ, ਆਪਣੀ ਪਵਿੱਤਰ ਬਾਈਬਲ ਨਹੀਂ ਪੜ੍ਹਦੇ। ਮੈਂ ਅਕਸਰ ਇਸ ਤਰ੍ਹਾਂ ਦੀਆਂ ਗੱਲਾਂ ਸੁਣਦੀ ਹਾਂ: "ਜਦੋਂ ਮੈਂ ਪਵਿੱਤਰ ਬਾਈਬਲ ਪੜ੍ਹਨ ਦੀ ਕੋਸ਼ਿਸ਼ ਕਰਦਾ ਹਾਂ, ਤਾਂ ਮੈਨੂੰ ਇਹ ਸਮਝ ਨਹੀਂ ਆਉਂਦੀ।" "ਇਹ ਬਹੁਤ ਨੀਰਸ ਲੱਗਦੀ ਹੈ ਅਤੇ ਮੈਨੂੰ ਨੀਂਦ ਆਉਣ ਲੱਗ ਪੈਂਦੀ ਹੈ।" "ਮੈਨੂੰ ਸਮਝ ਨਹੀਂ ਆਉਂਦੀ ਕਿ ਪੜ੍ਹਨਾ ਕਿੱਥੋਂ ਸ਼ੁਰੂ ਕਰਾਂ।" "ਇਹ ਮੈਨੂੰ ਬਹੁਤ ਔਖੀ ਅਤੇ ਬੋਝਲ ਲੱਗਦੀ ਹੈ।"

### ਅਸੀਂ ਆਪ ਆਪਣੀ ਅਸਫਲਤਾ ਦਾ ਕਾਰਨ ਬਣ ਜਾਂਦੇ ਹਾਂ।

ਪਵਿੱਤਰ ਬਾਈਬਲ ਪੜ੍ਹਨਾ ਔਖਾ ਇਸ ਲਈ ਵੀ ਲੱਗਦਾ ਹੈ ਕਿਉਂਕਿ ਅਸੀਂ ਆਪ ਹੀ ਆਪਣੀ ਅਸਫਲਤਾ ਲਈ ਮੰਚ ਤਿਆਰ ਕਰ ਲੈਂਦੇ ਹਾਂ। ਅਸੀਂ ਨਿਸ਼ਚਾ ਕਰਦੇ ਹਾਂ ਕਿ ਹਰ ਰੋਜ਼ ਇੱਕ ਘੰਟਾ ਪਹਿਲਾਂ ਉੱਠਾਂਗੇ ਅਤੇ ਪਵਿੱਤਰ ਬਾਈਬਲ ਪੜ੍ਹਾਂਗੇ। ਪਰ ਪਹਿਲੇ ਅਤੇ ਦੂਜੇ ਦਿਨ ਅਸੀਂ ਦੇਰ ਤੱਕ ਸੁੱਤੇ ਰਹਿ ਜਾਂਦੇ ਹਾਂ, ਤੀਜੇ ਅਤੇ ਚੌਥੇ ਦਿਨ ਝੁੰਝਲਾ ਕੇ

ਅਲਾਰਮ ਘੜੀ ਨੂੰ ਕਮਰੇ ਦੇ ਇੱਕ ਕੋਨੇ ਵਿੱਚ ਸੁੱਟ ਦਿੰਦੇ ਹਾਂ, ਅਤੇ ਪੰਜਵੇਂ ਦਿਨ ਤਾਂ ਅਲਾਰਮ ਲਗਾਉਣ ਦੀ ਵੀ ਖੇਚਲ ਨਹੀਂ ਕਰਦੇ।

ਜਾਂ ਫਿਰ ਅਸੀਂ ਇਹ ਸੰਕਲਪ ਕਰਦੇ ਹਾਂ ਕਿ ਹਰ ਰਾਤ ਸੌਣ ਤੋਂ ਪਹਿਲਾਂ ਦਸ ਅਧਿਆਇ ਪੜ੍ਹਾਂਗੇ। ਪਰ ਪੂਰੇ ਦਿਨ ਦੀ ਭੱਜ-ਦੌੜ ਅਤੇ ਥਕਾਵਟ ਦੇ ਕਾਰਨ ਕੁਝ ਹੀ ਦੇਰ ਵਿੱਚ ਸਾਨੂੰ ਨੀਂਦ ਆ ਜਾਂਦੀ ਹੈ। ਕੁਝ ਹੋਰ ਕੋਸ਼ਿਸ਼ਾਂ ਤੋਂ ਬਾਅਦ ਅਸੀਂ ਪੂਰੀ ਤਰ੍ਹਾਂ ਹਾਰ ਮੰਨ ਲੈਂਦੇ ਹਾਂ।

ਕੁਝ ਲੋਕ "ਇੱਕ ਸਾਲ ਵਿੱਚ ਪੂਰੀ ਪਵਿੱਤਰ ਬਾਈਬਲ ਪੜ੍ਹੋ" ਵਰਗੀ ਯੋਜਨਾ ਅਪਣਾਉਂਦੇ ਹਨ। ਉਹ ਪਹਿਲੀ ਅਤੇ ਦੂਜੀ ਜਨਵਰੀ ਨੂੰ ਆਪਣੇ ਨਿਰਧਾਰਤ ਹਿੱਸੇ ਨੂੰ ਪੜ੍ਹ ਲੈਂਦੇ ਹਨ, ਪਰ ਫਿਰ ਕਈ ਦਿਨਾਂ ਤੱਕ ਪੜ੍ਹ ਨਹੀਂ ਪਾਉਂਦੇ। ਥੋੜ੍ਹੇ ਹੀ ਸਮੇਂ ਵਿੱਚ ਉਹ ਇੰਨੇ ਪਿੱਛੇ ਰਹਿ ਜਾਂਦੇ ਹਨ ਕਿ ਉਸ ਦੀ ਭਰਪਾਈ ਕਰਨਾ ਅਸੰਭਵ ਜਿਹਾ ਲੱਗਣ ਲੱਗ ਪੈਂਦਾ ਹੈ। ਅਤੇ ਜੇ ਕਿਸੇ ਤਰ੍ਹਾਂ ਉਹ ਇੱਕ ਸਾਲ ਬਾਅਦ ਇਸ ਯੋਜਨਾ ਨੂੰ ਪੂਰਾ ਵੀ ਕਰ ਲੈਣ, ਤਦ ਤੱਕ ਉਨ੍ਹਾਂ ਨੂੰ ਇਹ ਵੀ ਯਾਦ ਨਹੀਂ ਰਹਿੰਦਾ ਕਿ ਸਾਲ ਦੀ ਸ਼ੁਰੂਆਤ ਵਿੱਚ ਉਨ੍ਹਾਂ ਨੇ ਕੀ ਪੜ੍ਹਿਆ ਸੀ।

ਜਦੋਂ ਕਦੇ ਸਾਨੂੰ ਪਵਿੱਤਰ ਬਾਈਬਲ ਪੜ੍ਹਨ ਲਈ ਸਮਾਂ ਮਿਲ ਵੀ ਜਾਂਦਾ ਹੈ, ਤਾਂ ਜਿਸ-ਜਿਸ ਸ਼ਬਦ ਦਾ ਅਰਥ ਸਮਝ ਵਿੱਚ ਨਹੀਂ ਆਉਂਦਾ, ਅਸੀਂ ਉੱਥੇ ਹੀ ਰੁਕ ਕੇ ਸ਼ਬਦਕੋਸ਼ ਜਾਂ ਪਵਿੱਤਰ-ਸ਼ਾਸਤਰ ਦੇ ਵਿਰੋਧਾਭਾਸਾਂ ਨੂੰ ਦੇਖਣ ਲੱਗ ਪੈਂਦੇ ਹਾਂ। ਜਾਂ ਫਿਰ ਅਸੀਂ ਆਪਣਾ ਜ਼ਿਆਦਾਤਰ ਸਮਾਂ ਪੰਨੇ ਦੇ ਹੇਠਾਂ ਲਿਖੀਆਂ ਅਧਿਐਨ-ਟਿੱਪਣੀਆਂ ਨੂੰ ਪੜ੍ਹਨ ਵਿੱਚ ਬਿਤਾਉਂਦੇ ਹਾਂ, ਕਿਉਂਕਿ ਉਹ ਸਾਨੂੰ ਮੂਲ ਪਾਠ ਨਾਲੋਂ ਵਧੇਰੇ ਰੁਚਿਕਰ ਲੱਗਦੀਆਂ ਹਨ। ਨਤੀਜੇ ਵਜੋਂ, ਅਸੀਂ ਪਵਿੱਤਰ ਬਾਈਬਲ ਪੜ੍ਹਨ ਦੀ ਬਜਾਇ ਉਸ ਦੇ ਵਿਸ਼ੇ ਵਿੱਚ ਲਿਖੀਆਂ ਪੁਸਤਕਾਂ ਅਤੇ ਟਿੱਪਣੀਆਂ ਨੂੰ ਵਧੇਰੇ ਪੜ੍ਹਦੇ ਰਹਿੰਦੇ ਹਾਂ।

## ਨਿਯਮਿਤ ਅਤੇ ਕ੍ਰਮਬੱਧ ਪਾਠ।

ਮੈਂ ਤੁਹਾਨੂੰ ਪਵਿੱਤਰ ਬਾਈਬਲ ਪੜ੍ਹਨ ਦਾ ਇੱਕ ਅਜਿਹਾ ਤਰੀਕਾ ਦੱਸਣਾ ਚਾਹੁੰਦੀ ਹਾਂ ਜੋ ਇਨ੍ਹਾਂ ਮੁਸ਼ਕਲਾਂ ਦਾ ਹੱਲ ਕਰੇਗਾ ਅਤੇ ਤੁਹਾਡੇ ਜੀਵਨ ਵਿੱਚ ਨਿਸ਼ਚਿਤ ਨਤੀਜੇ ਪੈਦਾ ਕਰੇਗਾ: ਪਵਿੱਤਰ ਬਾਈਬਲ ਦਾ ਨਿਯਮਿਤ ਅਤੇ ਕ੍ਰਮਬੱਧ ਪਾਠਕ ਬਣੋ।

• ਨਿਯਮਿਤ ਪਾਠ ਤੋਂ ਮੇਰਾ ਭਾਵ ਹੈ ਕਿ ਹਰ ਰੋਜ਼ (ਜਾਂ ਜਿੰਨਾ ਸੰਭਵ ਹੋ ਸਕੇ ਉੰਨਾ ਨਿਯਮਿਤ ਤੌਰ ਤੇ) ਥੋੜ੍ਹੇ ਸਮੇਂ ਲਈ, ਲਗਭਗ ਪੰਦਰਾਂ ਤੋਂ ਵੀਹ ਮਿੰਟ ਤੱਕ ਪਵਿੱਤਰ ਬਾਈਬਲ ਪੜ੍ਹੋ। ਅਸੀਂ ਸਾਰੇ ਆਪਣੇ ਵਿਅਸਤ ਕਾਰਜਕ੍ਰਮ ਵਿੱਚੋਂ ਹਫ਼ਤੇ ਦੇ ਘੱਟੋ-ਘੱਟ ਕੁਝ ਦਿਨਾਂ ਵਿੱਚ ਇੰਨਾ ਸਮਾਂ ਜ਼ਰੂਰ ਕੱਢ ਸਕਦੇ ਹਾਂ।

• ਕ੍ਰਮਬੱਧ ਪਾਠ ਤੋਂ ਮੇਰਾ ਅਰਥ ਹੈ ਕਿ ਨਵੇਂ ਨੇਮ ਦੀ ਸ਼ੁਰੂਆਤ ਤੋਂ ਪੜ੍ਹਨਾ ਆਰੰਭ ਕਰੋ। ਆਪਣੇ ਨਿਰਧਾਰਤ ਸਮੇਂ ਦੇ ਅੰਦਰ ਜਿੰਨਾ ਪੜ੍ਹ ਸਕੋ, ਉੰਨਾ ਪੜ੍ਹੋ। ਜਿੱਥੇ ਪੜ੍ਹਨਾ ਸਮਾਪਤ ਕਰੋ, ਉੱਥੇ ਇੱਕ ਨਿਸ਼ਾਨ ਲਾ ਦਿਓ। ਅਗਲੇ ਦਿਨ ਉਸੇ ਥਾਂ ਤੋਂ ਪੜ੍ਹਨਾ ਆਰੰਭ ਕਰੋ ਜਿੱਥੇ ਤੁਸੀਂ ਪਿਛਲੇ ਦਿਨ ਛੱਡਿਆ ਸੀ। ਜਿਹੜੀਆਂ ਗੱਲਾਂ ਤੁਹਾਡੀ ਸਮਝ ਵਿੱਚ ਨਾ ਆਉਣ, ਉਨ੍ਹਾਂ ਦੀ ਚਿੰਤਾ ਨਾ ਕਰੋ। ਬਸ ਪੜ੍ਹਦੇ ਰਹੋ। ਜਿਨ੍ਹਾਂ ਸ਼ਬਦਾਂ ਜਾਂ ਗੱਲਾਂ ਨੂੰ ਤੁਸੀਂ ਨਹੀਂ ਸਮਝਦੇ, ਉਨ੍ਹਾਂ ਦੇ

ਅਰਥ ਤੁਸੀਂ ਕਿਸੇ ਹੋਰ ਸਮੇਂ ਸ਼ਬਦਕੋਸ਼, ਟਿੱਪਣੀਆਂ ਜਾਂ ਹੋਰ ਅਧਿਐਨ-ਸਮੱਗਰੀ ਦੀ ਸਹਾਇਤਾ ਨਾਲ ਜਾਣ ਸਕਦੇ ਹੋ।

• ਜਦੋਂ ਤੁਸੀਂ ਪੂਰਾ ਨਵਾਂ ਨੇਮ ਪੜ੍ਹ ਲਵੋ, ਤਦ ਇਸ ਨੂੰ ਦੁਬਾਰਾ ਪੜ੍ਹੋ ਅਤੇ ਇਸ ਤੋਂ ਬਾਅਦ ਵੀ ਵਾਰ-ਵਾਰ ਪੜ੍ਹਦੇ ਰਹੋ। ਪਵਿੱਤਰ ਬਾਈਬਲ ਪੜ੍ਹਨ ਨੂੰ ਆਪਣੇ ਜੀਵਨ ਦੀ ਇੱਕ ਸਥਾਈ ਆਦਤ ਬਣਾ ਲਵੋ। ਪੁਰਾਣੇ ਨੇਮ ਨੂੰ ਉਦੋਂ ਤੱਕ ਲਈ ਛੱਡ ਦਿਓ, ਜਦ ਤੱਕ ਤੁਸੀਂ ਨਵੇਂ ਨੇਮ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਉਸ ਵਿੱਚ ਨਿਪੁੰਨ ਹੋਣ ਨਾ ਲੱਗ ਪਵੋ। (ਇਸ ਦਾ ਕਾਰਨ ਮੈਂ ਅੱਗੇ ਇਸ ਪੁਸਤਕ ਵਿੱਚ ਦੱਸਾਂਗੀ।)

ਇਸ ਤਰ੍ਹਾਂ ਪੜ੍ਹਨ ਦਾ ਉਦੇਸ਼ ਪਵਿੱਤਰ-ਸ਼ਾਸਤਰ ਨਾਲ ਜਾਣ-ਪਛਾਣ ਕਰਨਾ ਹੈ। ਸਮਝ ਜਾਣ-ਪਛਾਣ ਦੇ ਨਾਲ ਆਉਂਦੀ ਹੈ, ਅਤੇ ਜਾਣ-ਪਛਾਣ ਨਿਯਮਿਤ ਅਤੇ ਵਾਰ-ਵਾਰ ਪੜ੍ਹਨ ਨਾਲ ਪੈਦਾ ਹੁੰਦੀ ਹੈ। ਜਦੋਂ ਤੁਸੀਂ ਨਵੇਂ ਨੇਮ ਨੂੰ ਵਾਰ-ਵਾਰ ਪੜ੍ਹਦੇ ਹੋ, ਤਦ ਤੁਹਾਨੂੰ ਇਸ ਦੇ ਵੱਖ-ਵੱਖ ਭਾਗਾਂ ਦੇ ਵਿਚਕਾਰ ਸੰਬੰਧ ਦਿਖਾਈ ਦੇਣ ਲੱਗ ਪੈਂਦੇ ਹਨ। ਤੁਸੀਂ ਸਮਝਣ ਲੱਗ ਪੈਂਦੇ ਹੋ ਕਿ ਕਿਸੇ ਪੱਤਰੀ ਵਿੱਚ ਲਿਖਿਆ ਇੱਕ ਬਚਨ ਇੰਜੀਲਾਂ ਵਿੱਚ ਕਹੀ ਗਈ ਕਿਸੇ ਗੱਲ ਨੂੰ ਹੋਰ ਵੀ ਸਪਸ਼ਟ ਕਰਦਾ ਹੈ। ਤੁਸੀਂ ਉਨ੍ਹਾਂ ਵਿਸ਼ਿਆਂ ਅਤੇ ਵਿਚਾਰਾਂ ਨੂੰ ਪਛਾਣਨ ਲੱਗ ਪੈਂਦੇ ਹੋ ਜੋ ਵਾਰ-ਵਾਰ ਸਾਹਮਣੇ ਆਉਂਦੇ ਹਨ, ਅਤੇ ਇਸ ਨਾਲ ਤੁਹਾਨੂੰ ਸਮਝ ਆਉਣ ਲੱਗ ਪੈਂਦੀ ਹੈ ਕਿ ਉਹ ਬਹੁਤ ਹੀ ਮਹੱਤਵਪੂਰਨ ਸੱਚਾਈਆਂ ਹਨ। ਹੌਲੀ-ਹੌਲੀ ਪਵਿੱਤਰ ਬਾਈਬਲ ਤੁਹਾਡੇ ਲਈ ਸਪਸ਼ਟ ਅਤੇ ਅਰਥਪੂਰਨ ਬਣਨ ਲੱਗ ਪੈਂਦੀ ਹੈ।

ਇਸ ਤਰ੍ਹਾਂ ਨਿਯਮਿਤ ਤੌਰ ਤੇ ਪੜ੍ਹਨ ਦੀ ਆਦਤ ਵਿਕਸਿਤ ਕਰਨਾ ਇੱਕ ਸੰਘਰਸ਼ ਹੋ ਸਕਦਾ ਹੈ, ਕਿਉਂਕਿ ਅਸੀਂ ਸਾਰੇ ਆਪਣੇ ਜੀਵਨ ਵਿੱਚ ਬਹੁਤ ਵਿਅਸਤ ਰਹਿੰਦੇ ਹਾਂ, ਅਤੇ ਇਸ ਦਾ ਨਤੀਜਾ ਵੀ ਸੰਭਵ ਹੈ ਕਿ ਤੁਰੰਤ ਦਿਖਾਈ ਨਾ ਦੇਵੇ। ਫਿਰ ਵੀ ਯਾਦ ਰੱਖੋ ਕਿ ਪਵਿੱਤਰ ਬਾਈਬਲ ਇੱਕ ਅਲੌਕਿਕ ਪੁਸਤਕ ਹੈ, ਅਤੇ ਇਹ ਤੁਹਾਡੇ ਜੀਵਨ ਵਿੱਚ ਜ਼ਰੂਰ ਬਦਲਾਅ ਪੈਦਾ ਕਰੇਗੀ। ਸ਼ੁਰੂ ਵਿੱਚ ਹੋ ਸਕਦਾ ਹੈ ਕਿ ਤੁਹਾਨੂੰ ਉਨ੍ਹਾਂ ਬਦਲਾਵਾਂ ਦਾ ਅਹਿਸਾਸ ਨਾ ਹੋਵੇ, ਪਰ ਸਮਾਂ ਆਉਣ ਤੇ ਉਹ ਸਪਸ਼ਟ ਤੌਰ ਤੇ ਦਿਖਾਈ ਦੇਣਗੇ। ਜੇ ਕਿਸੇ ਕਾਰਨ ਤੁਸੀਂ ਇੱਕ ਜਾਂ ਦੋ ਦਿਨ ਪਵਿੱਤਰ ਬਾਈਬਲ ਨਾ ਪੜ੍ਹ ਸਕੋ, ਤਾਂ ਦੋਸ਼ੀਪਣ ਵਿੱਚ ਨਾ ਪਵੋ। ਪਰਮੇਸ਼ੁਰ ਤੁਹਾਡੇ ਨਾਲ ਕ੍ਰੋਧਿਤ ਨਹੀਂ ਹਨ। ਜੇ ਤੁਸੀਂ ਇੱਕ ਜਾਂ ਦੋ ਹਫ਼ਤੇ, ਜਾਂ ਇੱਥੋਂ ਤੱਕ ਕਿ ਇੱਕ ਮਹੀਨੇ ਜਾਂ ਇਸ ਤੋਂ ਵੀ ਵੱਧ ਸਮੇਂ ਲਈ ਪੜ੍ਹਨ ਤੋਂ ਦੂਰ ਹੋ ਜਾਓ, ਤਦ ਵੀ ਦੁਬਾਰਾ ਸ਼ੁਰੂ ਕਰਨ ਦਾ ਦ੍ਰਿੜ੍ਹ ਨਿਸ਼ਚਾ ਕਰੋ। ਇਸ ਸੰਘਰਸ਼ ਨੂੰ ਜਿੱਤ ਕੇ ਵਾਪਸ ਆਓ, ਕਿਉਂਕਿ ਇਹ ਯਤਨ ਸੱਚਮੁੱਚ ਕਰਨ ਦੇ ਯੋਗ ਹੈ।

ਲੋਕ ਅਕਸਰ ਮੈਨੂੰ ਪੁੱਛਦੇ ਹਨ ਕਿ ਮੈਂ ਪਵਿੱਤਰ ਬਾਈਬਲ ਨੂੰ ਇੰਨੀ ਚੰਗੀ ਤਰ੍ਹਾਂ ਕਿਵੇਂ ਸਿੱਖਿਆ ਕਿ ਮੈਂ ਇਸ ਨੂੰ ਦੂਜਿਆਂ ਨੂੰ ਸਿਖਾ ਸਕਾਂ। ਇਸ ਦਾ ਉੱਤਰ ਇਹੀ ਹੈ ਕਿ ਮੈਂ ਨਵੇਂ ਨੇਮ ਦਾ ਨਿਯਮਿਤ ਅਤੇ ਕ੍ਰਮਬੱਧ ਢੰਗ ਨਾਲ ਅਧਿਐਨ ਕੀਤਾ। ਜਦੋਂ ਮੈਂ ਪਹਿਲੀ ਵਾਰ ਪੜ੍ਹਨਾ ਸ਼ੁਰੂ ਕੀਤਾ, ਤਦ ਜੋ ਕੁਝ ਮੈਂ ਪੜ੍ਹਦੀ ਸੀ, ਉਸ ਦਾ ਜ਼ਿਆਦਾਤਰ ਹਿੱਸਾ ਮੇਰੀ ਸਮਝ ਵਿੱਚ ਨਹੀਂ ਆਉਂਦਾ ਸੀ। ਪਰ ਜਿਵੇਂ-ਜਿਵੇਂ ਮੈਂ ਲਗਾਤਾਰ ਪੜ੍ਹਦੀ ਰਹੀ, ਉਸੇ ਤਰ੍ਹਾਂ ਸਮਝ ਆਉਣ ਲੱਗੀ। ਇਸ ਨੇ ਕੇਵਲ ਮੇਰੇ ਜੀਵਨ ਨੂੰ ਹੀ ਨਹੀਂ ਬਦਲਿਆ, ਸਗੋਂ ਉਨ੍ਹਾਂ ਬਹੁਤ ਸਾਰੇ ਲੋਕਾਂ ਦੇ ਜੀਵਨ ਨੂੰ ਵੀ ਬਦਲ ਦਿੱਤਾ ਜਿਨ੍ਹਾਂ ਨੇ ਨਿਯਮਿਤ ਅਤੇ ਕ੍ਰਮਬੱਧ ਢੰਗ ਨਾਲ ਪਵਿੱਤਰ ਬਾਈਬਲ ਪੜ੍ਹਨ ਦੀ ਆਦਤ ਬਣਾ ਲਈ।

ਜੇ ਤੁਸੀਂ ਪੂਰੇ ਨਵੇਂ ਨੇਮ ਨੂੰ ਸ਼ੁਰੂ ਤੋਂ ਅੰਤ ਤੱਕ ਪੜ੍ਹਨ ਦਾ ਦ੍ਰਿੜ੍ਹ ਨਿਸ਼ਚਾ ਕਰੋਗੇ ਅਤੇ ਇਸ ਆਦਤ ਵਿੱਚ ਬਣੇ ਰਹੋਗੇ, ਤਾਂ ਇੱਕ ਸਾਲ ਬਾਅਦ ਤੁਸੀਂ ਪਹਿਲਾਂ ਵਰਗੇ ਵਿਅਕਤੀ ਨਹੀਂ ਰਹੋਗੇ। ਤੁਸੀਂ ਮਸੀਹ ਵਿੱਚ ਸਥਿਰ ਅਤੇ ਅਡੋਲ ਬਣਨ ਦੀ ਦਿਸ਼ਾ ਵਿੱਚ ਬਹੁਤ ਅੱਗੇ ਵੱਧ ਚੁੱਕੇ ਹੋਵੋਗੇ। ਜੀਵਨ ਦੀਆਂ ਸਥਿਤੀਆਂ ਦਾ ਸਾਹਮਣਾ ਕਰਨ ਬਾਰੇ ਤੁਹਾਡਾ ਦ੍ਰਿਸ਼ਟੀਕੋਣ ਬਦਲ ਜਾਵੇਗਾ। ਜੀਵਨ ਦੀਆਂ ਬਿਪਤਾਵਾਂ ਤੁਹਾਨੂੰ ਪਹਿਲਾਂ ਵਾਂਗ ਪੂਰੀ ਤਰ੍ਹਾਂ ਹਰਾ ਜਾਂ ਨਿਰਾਸ਼ ਨਹੀਂ ਕਰ ਸਕਣਗੀਆਂ। ਅਤੇ ਜਦੋਂ ਜੀਵਨ ਦਾ ਤੂਫ਼ਾਨ ਲੰਘ ਜਾਵੇਗਾ, ਤਦ ਵੀ ਤੁਸੀਂ ਦ੍ਰਿੜ੍ਹਤਾ ਨਾਲ ਖੜ੍ਹੇ ਰਹੋਗੇ।

ਕਦੇ-ਕਦੇ ਮੇਰੀ ਮੁਲਾਕਾਤ ਅਜਿਹੇ ਸੱਚੇ ਅਤੇ ਇਮਾਨਦਾਰ ਮਸੀਹੀਆਂ ਨਾਲ ਹੁੰਦੀ ਹੈ ਜੋ ਆਪਣੇ ਆਪ ਨੂੰ ਪਵਿੱਤਰ ਬਾਈਬਲ ਦੇ ਪਾਠਕ ਮੰਨਦੇ ਹਨ, ਪਰ ਉਹ ਇਸ ਨੂੰ ਉਸ ਤਰ੍ਹਾਂ ਨਹੀਂ ਪੜ੍ਹਦੇ ਜਿਵੇਂ ਮੈਂ ਇੱਥੇ ਦੱਸਿਆ ਹੈ। ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਇਹ ਜਾਣ ਕੇ ਹੈਰਾਨ ਹੋ ਜਾਂਦੇ ਹਨ ਕਿ ਅਸਲ ਵਿੱਚ ਉਹ ਪਵਿੱਤਰ ਬਾਈਬਲ ਦਾ ਨਿਯਮਿਤ ਅਧਿਐਨ ਕਰ ਹੀ ਨਹੀਂ ਰਹੇ ਹਨ।

ਇਹ ਗੱਲ ਸਾਨੂੰ ਉਸ ਅਗਲੇ ਵਿਸ਼ੇ ਵੱਲ ਲੈ ਜਾਂਦੀ ਹੈ, ਜਿਸ ਬਾਰੇ ਹੁਣ ਸਾਨੂੰ ਵਿਚਾਰ ਕਰਨ ਦੀ ਲੋੜ ਹੈ।

# 2

## ਤੁਸੀਂ ਸੋਚ ਸਕਦੇ ਹੋ ਕਿ ਤੁਸੀਂ ਬਾਈਬਲ ਪੜ੍ਹਦੇ ਹੋ, ਪਰੰਤੂ......

ਕੀ ਤੁਸੀਂ ਕਦੇ ਬਾਈਬਲ ਨੂੰ ਅਚਾਨਕ ਕਿਸੇ ਵੀ ਥਾਂ ਤੋਂ ਖੋਲ੍ਹ ਕੇ ਬਚਨ ਚੁਣਨ ਦੀ ਖੇਡ ਖੇਡੀ ਹੈ? ਇਹ ਇਸ ਤਰ੍ਹਾਂ ਹੁੰਦਾ ਹੈ: ਤੁਸੀਂ ਬਾਈਬਲ ਨੂੰ ਕਿਸੇ ਵੀ ਥਾਂ ਤੋਂ ਬਿਨਾਂ ਸੋਚੇ-ਸਮਝੇ ਖੋਲ੍ਹਦੇ ਹੋ, ਤੁਹਾਡੀ ਨਜ਼ਰ ਸਭ ਤੋਂ ਪਹਿਲਾਂ ਜਿਸ ਪੰਕਤੀ ਉੱਤੇ ਪੈਂਦੀ ਹੈ, ਉਸ ਨੂੰ ਪੜ੍ਹਦੇ ਹੋ ਅਤੇ ਉਹ ਬਚਨ ਤੁਹਾਡੇ ਨਾਲ ਗੱਲ ਕਰਨ ਲੱਗ ਪੈਂਦਾ ਹੈ। ਮੈਂ ਜਾਣਦੀ ਹਾਂ ਕਿ ਹਰੇਕ ਵਿਅਕਤੀ, ਮੈਂ ਆਪ ਵੀ, ਅਜਿਹਾ ਅਨੁਭਵ ਸੁਣਾ ਸਕਦਾ ਹੈ ਜਦੋਂ ਉਸ ਨੇ ਅਚਾਨਕ ਬਾਈਬਲ ਖੋਲ੍ਹੀ, ਕੋਈ ਬਚਨ ਸਾਹਮਣੇ ਆਇਆ ਅਤੇ ਉਹ ਉਸੇ ਪਲ ਸਾਡੀ ਲੋੜ ਦੇ ਬਿਲਕੁਲ ਅਨੁਕੂਲ ਨਿਕਲਿਆ।

ਪਰ ਬਾਈਬਲ ਨੂੰ ਇਸ ਤਰ੍ਹਾਂ ਅਚਾਨਕ ਖੋਲ੍ਹ ਕੇ ਬਚਨ ਚੁਣਨ ਵਿੱਚ ਸਮੱਸਿਆ ਇਹ ਹੈ ਕਿ ਪਰਮੇਸ਼ੁਰ ਦਾ ਬਚਨ ਇਸ ਢੰਗ ਨਾਲ ਪੜ੍ਹੇ ਜਾਣ ਲਈ ਲਿਖਿਆ ਹੀ ਨਹੀਂ ਗਿਆ ਸੀ, ਕਿਉਂਕਿ ਇਹ ਇੱਕ-ਦੂਜੇ ਤੋਂ ਸੁਤੰਤਰ ਅਤੇ ਬੇ-ਸੰਬੰਧ ਆਇਤਾਂ ਦਾ ਸੰਗ੍ਰਹਿ ਨਹੀਂ ਹੈ। ਬਾਈਬਲ ਮੂਲ ਰੂਪ ਵਿੱਚ ਅਧਿਆਇਆਂ ਅਤੇ ਆਇਤਾਂ ਵਿੱਚ ਨਹੀਂ ਲਿਖੀ ਗਈ ਸੀ। ਪਵਿੱਤਰ-ਸ਼ਾਸਤਰ ਦੇ ਪੂਰਾ ਹੋ ਜਾਣ ਤੋਂ ਕਈ ਸਦੀਆਂ ਬਾਅਦ ਇਹ ਵੰਡ ਹਵਾਲਿਆਂ ਲਈ ਅਤੇ ਖਾਸ ਹਿੱਸਿਆਂ ਨੂੰ ਆਸਾਨੀ ਨਾਲ ਲੱਭ ਸਕਣ ਵਾਸਤੇ ਜੋੜੀ ਗਈ ਸੀ। ਅਸਲ ਵਿੱਚ ਬਾਈਬਲ ਪੁਸਤਕਾਂ ਅਤੇ ਪੱਤਰੀਆਂ ਦਾ ਸੰਗ੍ਰਹਿ ਹੈ, ਜਿਨ੍ਹਾਂ ਨੂੰ ਹੋਰ ਸਾਰੀਆਂ ਪੁਸਤਕਾਂ ਅਤੇ ਪੱਤਰੀਆਂ ਵਾਂਗ ਸ਼ੁਰੂ ਤੋਂ ਅੰਤ ਤੱਕ ਪੜ੍ਹਿਆ ਜਾਣਾ ਚਾਹੀਦਾ ਹੈ।

ਮੰਨ ਲਓ ਕਿ ਮੈਂ ਤੁਹਾਨੂੰ ਪੰਜ ਪੰਨਿਆਂ ਦੀ ਇੱਕ ਪੱਤਰੀ ਲਿਖਾਂ ਅਤੇ ਤੁਸੀਂ ਤੀਜੇ ਪੰਨੇ ਦੇ ਵਿਚਕਾਰੋਂ ਦੋ ਵਾਕ, ਪੰਜਵੇਂ ਪੰਨੇ ਦੇ ਸ਼ੁਰੂ ਵਿੱਚੋਂ ਇੱਕ ਵਾਕ ਅਤੇ ਦੂਜੇ ਪੰਨੇ ਦਾ ਆਖਰੀ ਪੈਰਾ ਪੜ੍ਹ ਲਓ; ਫਿਰ ਉਸ ਪੱਤਰੀ ਨੂੰ ਮੋੜ ਕੇ ਇਹ ਐਲਾਨ ਕਰ ਦਿਓ ਕਿ ਤੁਸੀਂ ਇਸ ਨੂੰ ਪੜ੍ਹ ਲਿਆ ਹੈ। ਤਦ ਤੁਸੀਂ ਨਾ ਤਾਂ ਮੇਰੀ ਪੱਤਰੀ ਨੂੰ ਅਸਲ ਵਿੱਚ ਪੜ੍ਹਿਆ ਹੈ ਅਤੇ ਨਾ ਹੀ ਤੁਹਾਡੇ ਲਈ ਇਸ ਦੀ ਵਿਸ਼ਾ-ਵਸਤੂ ਦੀ ਚੰਗੀ ਸਮਝ ਹੋਣਾ ਸੰਭਵ ਹੈ। ਅਤੇ ਜੋ ਕੁਝ ਮੈਂ ਲਿਖਿਆ ਹੈ, ਉਸ ਬਾਰੇ ਤੁਸੀਂ ਗਲਤ ਨਤੀਜੇ ਕੱਢ ਸਕਦੇ ਹੋ। ਫਿਰ ਵੀ ਸਾਡੇ ਵਿੱਚੋਂ ਬਹੁਤ ਜ਼ਿਆਦਾ ਲੋਕ ਇਸੇ ਤਰ੍ਹਾਂ ਇਸ ਬ੍ਰਹਿਮੰਡ ਦੀ ਸਭ ਤੋਂ ਮਹੱਤਵਪੂਰਨ ਪੁਸਤਕ ਨੂੰ ਪੜ੍ਹਦੇ ਹਨ। ਅਸੀਂ ਬਿਨਾਂ ਸੋਚੇ-ਸਮਝੇ ਚੁਣੀਆਂ ਹੋਈਆਂ, ਵੱਖ-ਵੱਖ ਆਇਤਾਂ ਪੜ੍ਹਦੇ ਹਾਂ।

## ਬੇਸ਼ੱਕ, ਮੈਂ ਪੜ੍ਹਦਾ ਹਾਂ!

ਭਾਵੇਂ ਬਹੁਤ ਸਾਰੇ ਮਸੀਹੀ ਆਸਾਨੀ ਨਾਲ ਇਹ ਸਵੀਕਾਰ ਕਰ ਲੈਂਦੇ ਹਨ ਕਿ ਉਹ ਬਾਈਬਲ ਨਹੀਂ ਪੜ੍ਹਦੇ, ਫਿਰ ਵੀ ਕੁਝ ਹੋਰ ਸੱਚਮੁੱਚ ਮੰਨਦੇ ਹਨ ਕਿ ਉਹ ਬਾਈਬਲ ਪੜ੍ਹਦੇ ਹਨ, ਕਿਉਂਕਿ ਉਹ ਰੋਜ਼ਾਨਾ ਭਗਤੀ-ਪਾਠ ਪੜ੍ਹਦੇ ਹਨ, ਨਿਯਮਿਤ ਤੌਰ ਤੇ ਬਾਈਬਲ-ਅਧਿਐਨ ਵਿੱਚ ਹਿੱਸਾ ਲੈਂਦੇ ਹਨ, ਬਾਈਬਲ ਬਾਰੇ ਪੁਸਤਕਾਂ ਪੜ੍ਹਦੇ ਹਨ ਅਤੇ ਅਜਿਹੇ ਉਪਦੇਸ਼ ਸੁਣਦੇ ਹਨ ਜਿਨ੍ਹਾਂ ਵਿੱਚ ਪਵਿੱਤਰ-ਸ਼ਾਸਤਰ ਦੇ ਬਚਨ ਉਧਰਿਤ ਕੀਤੇ ਜਾਂਦੇ ਹਨ। ਮੈਂ ਇਹ ਨਹੀਂ ਕਹਿ ਰਹੀ ਕਿ ਤੁਹਾਨੂੰ ਇਨ੍ਹਾਂ ਗਤੀਵਿਧੀਆਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ; ਪਰ ਮੈਂ ਇਹ ਜ਼ਰੂਰ ਕਹਿ ਰਹੀ ਹਾਂ ਕਿ ਇਨ੍ਹਾਂ ਵਿੱਚੋਂ ਕੋਈ ਵੀ ਨਿਯਮਿਤ ਅਤੇ ਕ੍ਰਮਬੱਧ ਪਾਠ ਦਾ ਬਦਲ ਨਹੀਂ ਹੈ। ਮੈਨੂੰ ਸਮਝਾਉਣ ਦਿਓ।

### ਰੋਜ਼ਾਨਾ ਭਗਤੀ-ਪਾਠ, ਬਾਈਬਲ-ਅਧਿਐਨ, ਪੁਸਤਕਾਂ ਅਤੇ ਉਪਦੇਸ਼।

ਭਗਤੀ-ਪਾਠ ਵੀ ਇਸੇ ਤਰ੍ਹਾਂ ਦੀ ਰੀਤ ਅਪਣਾਉਂਦੇ ਹਨ। ਹਰੇਕ ਪੰਨਾ ਕਿਸੇ ਖਾਸ ਬਾਈਬਲ ਆਇਤ ਤੋਂ ਸ਼ੁਰੂ ਜਾਂ ਸਮਾਪਤ ਹੁੰਦਾ ਹੈ, ਜਿਸ ਨੂੰ ਲੇਖਕ ਜਾਂ ਲੇਖਿਕਾ ਚੁਣਦਾ ਜਾਂ ਚੁਣਦੀ ਹੈ ਅਤੇ ਫਿਰ ਉਸ ਆਇਤ ਨੂੰ ਵਿਸਥਾਰ ਦੇਣ ਲਈ ਬਾਕੀ ਪੰਨੇ ਦੀ ਵਰਤੋਂ ਕਰਦਾ ਜਾਂ ਕਰਦੀ ਹੈ। ਉਹ ਕੁਝ ਵਿਆਖਿਆਤਮਕ ਗੱਲਾਂ, ਦ੍ਰਿਸ਼ਟਾਂਤਕ ਕਹਾਣੀਆਂ ਅਤੇ ਇਸ ਗੱਲ ਦੀਆਂ ਉਦਾਹਰਣਾਂ ਦੇ ਸਕਦਾ ਜਾਂ ਸਕਦੀ ਹੈ ਕਿ ਉਸ ਆਇਤ ਨੂੰ ਆਪਣੇ ਜੀਵਨ ਵਿੱਚ ਕਿਵੇਂ ਲਾਗੂ ਕੀਤਾ ਜਾਵੇ। ਇਸ ਢੰਗ ਵਿੱਚ ਆਪਣੇ ਆਪ ਵਿੱਚ ਕੁਝ ਵੀ ਗਲਤ ਨਹੀਂ ਹੈ। ਪਰ ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਤੁਸੀਂ ਫਿਰ ਵੀ ਬਿਨਾਂ ਸੋਚੇ-ਸਮਝੇ ਚੁਣੀਆਂ ਹੋਈਆਂ ਆਇਤਾਂ ਹੀ ਪੜ੍ਹ ਰਹੇ ਹੋ, ਆਪ ਬਾਈਬਲ ਨਹੀਂ।

ਬਾਈਬਲ-ਅਧਿਐਨ ਵੀ ਆਮ ਤੌਰ ਤੇ ਵੱਖਰੇ ਕੀਤੇ ਹੋਏ ਹਿੱਸਿਆਂ ਉੱਤੇ ਹੀ ਕੇਂਦਰਿਤ ਹੁੰਦੇ ਹਨ। ਬਹੁਤ ਸਾਰੇ ਮਸੀਹੀਆਂ ਲਈ ਬਾਈਬਲ-ਅਧਿਐਨ ਦਾ ਅਰਥ ਹੈ ਕਿਸੇ ਦੇ ਬੈਠਕ-ਕਮਰੇ ਵਿੱਚ ਇਕੱਠੇ ਹੋ ਕੇ ਜੋ ਪੜ੍ਹਿਆ ਗਿਆ ਹੈ, ਉਸ ਨੂੰ ਪੜ੍ਹਨਾ ਅਤੇ ਉਸ ਉੱਤੇ ਚਰਚਾ ਕਰਨਾ। ਮੰਨ ਲਓ ਕਿ ਡਾਕਟਰ ਬਣਨ ਦੀ ਇੱਛਾ ਰੱਖਣ ਵਾਲੇ ਕੁਝ ਲੋਕ ਹਰ ਹਫ਼ਤੇ ਵਫ਼ਾਦਾਰੀ ਨਾਲ ਇਕੱਠੇ ਹੋਣ, ਡਾਕਟਰੀ ਦੀ ਕਿਸੇ ਪਾਠ-ਪੁਸਤਕ ਵਿੱਚੋਂ ਬਿਨਾਂ ਸੋਚੇ-ਸਮਝੇ ਚੁਣੇ ਹੋਏ ਕਥਨ ਪੜ੍ਹਨ, ਹਰ ਵਾਕ ਉੱਤੇ ਡੂੰਘੀ ਚਰਚਾ ਕਰਨ ਅਤੇ ਦੱਸਣ ਕਿ ਉਹ ਸ਼ਬਦ ਉਨ੍ਹਾਂ ਲਈ ਕੀ ਅਰਥ ਰੱਖਦੇ ਹਨ। ਉਹ ਆਪਣੇ ਅਧਿਐਨ ਪ੍ਰਤੀ ਕਿੰਨੇ ਵੀ ਸਮਰਪਿਤ ਹੋਣ, ਕੀ ਤੁਸੀਂ ਉਨ੍ਹਾਂ ਭਵਿੱਖ ਦੇ ਡਾਕਟਰਾਂ ਵਿੱਚੋਂ ਕਿਸੇ ਨੂੰ ਆਪਣੀ ਸ਼ਲਯ-ਚਿਕਿਤਸਾ ਕਰਨ ਜਾਂ ਤੁਹਾਡੇ ਲਈ ਦਵਾਈ ਲਿਖਣ ਦਿਓਗੇ? ਸੰਭਵ ਤੌਰ ਤੇ ਨਹੀਂ, ਕਿਉਂਕਿ ਤੁਸੀਂ ਜਾਣਦੇ ਹੋ ਕਿ ਉਹ ਭਵਿੱਖ ਦੇ ਡਾਕਟਰ ਆਪਣੇ ਪਾਠ ਨੂੰ ਭਾਵੇਂ ਕਿੰਨੀ ਵੀ ਇਮਾਨਦਾਰੀ ਨਾਲ ਕਿਉਂ ਨਾ ਪੜ੍ਹਨ, ਉਨ੍ਹਾਂ ਨੇ ਉਸ ਪਾਠ-ਪੁਸਤਕ ਦਾ ਅਸਲ ਵਿੱਚ ਅਧਿਐਨ ਨਹੀਂ ਕੀਤਾ ਹੈ। ਉਨ੍ਹਾਂ ਨੇ ਕੇਵਲ ਉਸ ਦੀ ਵਿਸ਼ਾ-ਵਸਤੂ ਦੇ ਕੁਝ ਹਿੱਸਿਆਂ ਨੂੰ ਉਨ੍ਹਾਂ ਦੇ ਮੂਲ ਸੰਦਰਭ ਤੋਂ ਵੱਖ ਕਰਕੇ ਪੜ੍ਹਿਆ ਅਤੇ ਉਨ੍ਹਾਂ ਉੱਤੇ ਚਰਚਾ ਕੀਤੀ ਹੈ—ਜਿਵੇਂ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਆਪਣੇ ਬਾਈਬਲ-ਅਧਿਐਨਾਂ ਵਿੱਚ ਕਰਦੇ ਹਨ।

ਸੰਭਵ ਹੈ ਕਿ ਤੁਹਾਨੂੰ ਪ੍ਰਤਿਭਾਸ਼ਾਲੀ ਮਸੀਹੀ ਲੇਖਕਾਂ ਵੱਲੋਂ ਲਿਖੀਆਂ ਪੁਸਤਕਾਂ ਪੜ੍ਹਨਾ ਬਹੁਤ ਪਸੰਦ ਹੋਵੇ ਅਤੇ ਤੁਸੀਂ ਲੇਖਕਾਂ ਵੱਲੋਂ ਦਿੱਤੇ ਪਵਿੱਤਰ-ਸ਼ਾਸਤਰ ਦੇ ਸਾਰੇ ਹਵਾਲਿਆਂ ਨੂੰ ਧਿਆਨ ਨਾਲ ਪੜ੍ਹਦੇ ਹੋਵੋ। ਜਾਂ ਤੁਸੀਂ ਹਮੇਸ਼ਾ ਆਪਣੀ ਬਾਈਬਲ ਕਲੀਸੀਆ ਵਿੱਚ ਆਪਣੇ ਨਾਲ ਲੈ ਕੇ ਜਾਂਦੇ ਹੋਵੋ ਅਤੇ ਉਪਦੇਸ਼ਕ ਵੱਲੋਂ ਆਪਣੇ ਉਪਦੇਸ਼ ਵਿੱਚ ਦੱਸੀਆਂ ਹਰ

ਆਇਤ ਨੂੰ ਮਿਹਨਤ ਨਾਲ ਲੱਭਦੇ ਹੋਵੋ। ਭਾਵੇਂ ਤੁਹਾਡੇ ਯਤਨ ਸ਼ਲਾਘਾਯੋਗ ਹਨ, ਫਿਰ ਵੀ ਤੁਸੀਂ ਬਾਈਬਲ ਨਹੀਂ ਪੜ੍ਹ ਰਹੇ ਹੋ। ਤੁਸੀਂ ਉਨ੍ਹਾਂ ਹਿੱਸਿਆਂ ਨੂੰ ਪੜ੍ਹ ਰਹੇ ਹੋ ਜਿਨ੍ਹਾਂ ਨੂੰ ਪੇਸ਼ ਕਰਨ ਵਾਲੇ ਨੇ ਪੁਸਤਕ ਜਾਂ ਉਪਦੇਸ਼ ਵਿੱਚ ਆਪਣੀ ਗੱਲ ਦੇ ਸਮਰਥਨ ਲਈ ਚੁਣਿਆ ਹੈ। ਅਤੇ ਜਦੋਂ ਤੱਕ ਤੁਸੀਂ ਉਸ ਸਥਿਤੀ ਜਾਂ ਸੰਦਰਭ ਤੋਂ ਜਾਣੂ ਨਹੀਂ ਹੋ ਜਿਸ ਵਿੱਚ ਉਹ ਵੱਖ-ਵੱਖ ਆਇਤਾਂ ਆਉਂਦੀਆਂ ਹਨ, ਤਦ ਤੱਕ ਤੁਸੀਂ ਇਹ ਨਿਸ਼ਚਿਤ ਨਹੀਂ ਕਰ ਸਕਦੇ ਕਿ ਬੋਲਣ ਵਾਲੇ ਜਾਂ ਲੇਖਕ ਦੀ ਵਿਆਖਿਆ ਸਹੀ ਹੈ। ਜੇ ਤੁਸੀਂ ਆਪ ਬਾਈਬਲ ਪੜ੍ਹ ਕੇ ਉਸ ਨਾਲ ਜਾਣ-ਪਛਾਣ ਪ੍ਰਾਪਤ ਨਹੀਂ ਕੀਤੀ ਹੈ, ਤਾਂ ਉਸ ਵਿਆਖਿਆ ਦੀ ਜਾਂਚ ਕਰਨ ਲਈ ਤੁਹਾਡੇ ਕੋਲ ਸੰਦਰਭ ਬਾਰੇ ਕਾਫ਼ੀ ਜਾਣਕਾਰੀ ਨਹੀਂ ਹੈ।

## ਸੰਦਰਭ ਵਿੱਚ ਪੜ੍ਹਨਾ।

ਵਿਸ਼ੇਸ਼ ਹਿੱਸਿਆਂ ਦੀ ਸਹੀ ਵਿਆਖਿਆ ਕਰਨ ਲਈ ਸਾਨੂੰ ਸੰਦਰਭ ਉੱਤੇ ਵਿਚਾਰ ਕਰਨਾ ਚਾਹੀਦਾ ਹੈ। ਸੰਦਰਭ ਦਾ ਅਰਥ ਕੇਵਲ ਕਿਸੇ ਖਾਸ ਆਇਤ ਤੋਂ ਠੀਕ ਪਹਿਲਾਂ ਅਤੇ ਬਾਅਦ ਵਿੱਚ ਆਉਣ ਵਾਲੇ ਸ਼ਬਦਾਂ ਨੂੰ ਪੜ੍ਹਨਾ ਹੀ ਨਹੀਂ ਹੈ, ਭਾਵੇਂ ਇਹ ਨਿਸ਼ਚਤ ਤੌਰ ਤੇ ਮਹੱਤਵਪੂਰਨ ਹੈ। ਬਾਈਬਲ ਦੇ ਹਿੱਸਿਆਂ ਦਾ ਇੱਕ ਇਤਿਹਾਸਕ ਸੰਦਰਭ ਵੀ ਹੁੰਦਾ ਹੈ, ਜੋ ਉਨ੍ਹਾਂ ਦੇ ਅਰਥ ਨੂੰ ਸਮਝਣ ਵਿੱਚ ਸਹਾਇਤਾ ਕਰਦਾ ਹੈ।

- ਬਾਈਬਲ ਦੀ ਹਰ ਗੱਲ ਕਿਸੇ ਵਿਅਕਤੀ ਨੇ ਕਿਸੇ ਹੋਰ ਵਿਅਕਤੀ ਨੂੰ ਕਿਸੇ ਵਿਸ਼ੇ ਬਾਰੇ ਲਿਖੀ ਜਾਂ ਕਹੀ।
- ਜਿਸ ਤਰ੍ਹਾਂ ਅਸੀਂ ਅਸਲ ਵਿਸ਼ਿਆਂ ਬਾਰੇ ਜਾਣਕਾਰੀ ਪਹੁੰਚਾਉਣ ਦੇ ਉਦੇਸ਼ ਨਾਲ ਦੂਜਿਆਂ ਨਾਲ ਗੱਲ ਕਰਦੇ ਜਾਂ ਲਿਖਦੇ ਹਾਂ, ਉਸੇ ਤਰ੍ਹਾਂ ਬਾਈਬਲ ਦੇ ਲੇਖਕਾਂ ਨੇ ਵੀ ਕੀਤਾ।
- ਬਾਈਬਲ ਦੇ ਹਿੱਸਿਆਂ ਦੀ ਸਹੀ ਵਿਆਖਿਆ ਕਰਨ ਲਈ ਸਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਕੌਣ ਕਿਸ ਨੂੰ ਲਿਖ ਰਿਹਾ ਜਾਂ ਬੋਲ ਰਿਹਾ ਹੈ ਅਤੇ ਕਿਸ ਵਿਸ਼ੇ ਬਾਰੇ।

ਤੁਸੀਂ ਸੋਚ ਸਕਦੇ ਹੋ, "ਮੈਂ ਇਨ੍ਹਾਂ ਤਿੰਨ ਗੱਲਾਂ ਨੂੰ ਭਲਾ ਕਿਵੇਂ ਜਾਣ ਸਕਦਾ ਹਾਂ?" ਪਹਿਲਾਂ, ਇਨ੍ਹਾਂ ਸਵਾਲਾਂ ਦੇ ਉੱਤਰ ਅਕਸਰ ਪਾਠ ਵਿੱਚ ਹੀ ਮਿਲ ਜਾਂਦੇ ਹਨ। ਇਸੇ ਕਾਰਨ ਤੁਹਾਨੂੰ ਬਿਨਾਂ ਸੋਚੇ-ਸਮਝੇ ਚੁਣੀਆਂ ਹੋਈਆਂ ਆਇਤਾਂ ਨਾਲੋਂ ਵੱਧ ਪੜ੍ਹਨਾ ਚਾਹੀਦਾ ਹੈ। ਨਿਯਮਿਤ ਅਤੇ ਕ੍ਰਮਬੱਧ ਪਾਠ ਤੁਹਾਨੂੰ ਸੰਦਰਭ ਨੂੰ ਸਮਝਣ ਵਿੱਚ ਸਹਾਇਤਾ ਦਿੰਦਾ ਹੈ, ਕਿਉਂਕਿ ਇਸ ਵਿੱਚ ਤੁਸੀਂ ਕੇਵਲ ਵੱਖਰੀਆਂ ਆਇਤਾਂ ਨਹੀਂ, ਸਗੋਂ ਪੂਰੀਆਂ ਪੁਸਤਕਾਂ ਪੜ੍ਹਦੇ ਹੋ। ਦੂਜੇ, ਇੱਕ ਚੰਗਾ ਬਾਈਬਲ ਅਧਿਆਪਕ—ਜਿਸ ਨੇ ਪਵਿੱਤਰ-ਸ਼ਾਸਤਰ ਦਾ ਵਿਸ਼ਾਲ ਅਧਿਐਨ ਕੀਤਾ ਹੋਵੇ ਅਤੇ ਜੋ ਇਤਿਹਾਸਕ ਸੰਦਰਭ ਦੀ ਮਹੱਤਤਾ ਨੂੰ ਸਮਝਦਾ ਹੋਵੇ—ਇਨ੍ਹਾਂ ਸਵਾਲਾਂ ਦੇ ਉੱਤਰ ਲੱਭਣ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ।

## ਇਸ ਦਾ ਮੇਰੇ ਲਈ ਕੀ ਅਰਥ ਹੈ?

ਸਾਡੇ ਵਿੱਚੋਂ ਬਹੁਤ ਜ਼ਿਆਦਾ ਲੋਕਾਂ ਦੀ ਪ੍ਰਵਿਰਤੀ ਹੈ ਕਿ ਅਸੀਂ ਬਾਈਬਲ ਕੋਲ ਇਸ ਦ੍ਰਿਸ਼ਟੀਕੋਣ ਨਾਲ ਆਉਂਦੇ ਹਾਂ, "ਇਸ ਦਾ ਮੇਰੇ ਲਈ ਕੀ ਅਰਥ ਹੈ?" ਅਸਲ ਵਿੱਚ, ਇਹ ਮਹੱਤਵਪੂਰਨ ਨਹੀਂ ਹੈ ਕਿ ਇਸ ਦਾ ਤੁਹਾਡੇ ਲਈ ਕੀ ਅਰਥ ਹੈ। ਮਹੱਤਵਪੂਰਨ ਇਹ ਹੈ ਕਿ ਪਵਿੱਤਰ ਆਤਮਾ ਦੀ ਪ੍ਰੇਰਣਾ ਦੇ ਅਧੀਨ ਲੇਖਕ ਨੇ ਜਦੋਂ ਇਹ ਸ਼ਬਦ ਕਾਗਜ਼ ਉੱਤੇ ਲਿਖੇ, ਤਦ ਉਹ ਕੀ ਕਹਿਣਾ ਚਾਹੁੰਦਾ ਸੀ। ਪਵਿੱਤਰ-ਸ਼ਾਸਤਰ ਦੀਆਂ ਆਇਤਾਂ ਦਾ ਸਾਡੇ ਲਈ ਉਹ ਅਰਥ ਨਹੀਂ ਹੋ ਸਕਦਾ ਜੋ ਉਨ੍ਹਾਂ ਲੋਕਾਂ ਲਈ ਨਹੀਂ ਸੀ ਜਿਨ੍ਹਾਂ ਲਈ ਉਹ ਮੂਲ ਰੂਪ ਵਿੱਚ ਲਿਖੀਆਂ ਗਈਆਂ ਸਨ। ਨਿਸ਼ਚਤ ਤੌਰ ਤੇ

ਬਾਈਬਲ ਵਿੱਚ ਅਜਿਹੀਆਂ ਸਦੀਵੀ ਸੱਚਾਈਆਂ ਅਤੇ ਸਿਧਾਂਤ ਹਨ ਜਿਨ੍ਹਾਂ ਨੂੰ ਸਾਡੇ ਵਿੱਚੋਂ ਹਰੇਕ ਆਪਣੇ ਜੀਵਨ ਵਿੱਚ ਲਾਗੂ ਕਰ ਸਕਦਾ ਹੈ, ਭਾਵੇਂ ਸਾਡਾ ਜਨਮ ਕਦੋਂ ਅਤੇ ਕਿੱਥੇ ਹੋਇਆ ਹੋਵੇ। ਪਰ ਸਹੀ ਵਿਆਖਿਆ ਲਈ ਇਤਿਹਾਸਕ ਸੰਦਰਭ ਨੂੰ ਜਾਣਨਾ—ਕਿਸ ਨੇ ਕਿਸ ਨੂੰ ਅਤੇ ਕਿਉਂ ਲਿਖਿਆ—ਬਹੁਤ ਹੀ ਜ਼ਰੂਰੀ ਹੈ।

ਸੰਦਰਭ ਉੱਤੇ ਵਿਚਾਰ ਕੀਤੇ ਬਿਨਾਂ ਅਸੀਂ ਬਾਈਬਲ ਤੋਂ ਅਜਿਹੀਆਂ ਗੱਲਾਂ ਕਹਵਾ ਸਕਦੇ ਹਾਂ ਜੋ ਉਹ ਅਸਲ ਵਿੱਚ ਕਹਿੰਦੀ ਹੀ ਨਹੀਂ। ਆਓ, ਆਇਤਾਂ ਨੂੰ ਉਨ੍ਹਾਂ ਦੇ ਸੰਦਰਭ ਤੋਂ ਵੱਖ ਕਰਕੇ ਉਨ੍ਹਾਂ ਦੇ ਅਰਥ ਨੂੰ ਬਦਲ ਦੇਣ ਦੀਆਂ ਦੋ ਉਦਾਹਰਣਾਂ ਉੱਤੇ ਵਿਚਾਰ ਕਰੀਏ। ਜੇ ਤੁਸੀਂ ਕੁਝ ਸਮੇਂ ਤੋਂ ਮਸੀਹੀ ਹੋ, ਤਾਂ ਨਿਸ਼ਚਤ ਹੀ ਤੁਸੀਂ ਹੇਠਾਂ ਦਿੱਤੀਆਂ ਦੋਹਾਂ ਆਇਤਾਂ ਨੂੰ ਉਪਦੇਸ਼ਾਂ ਵਿੱਚ ਵਰਤਿਆ ਜਾਂਦਾ ਸੁਣਿਆ ਹੋਵੇਗਾ। ਪਰ ਜੇ ਤੁਸੀਂ ਨਿਯਮਿਤ ਤੌਰ ਤੇ ਬਾਈਬਲ ਨਹੀਂ ਪੜ੍ਹਦੇ, ਤਾਂ ਸੰਭਵ ਹੈ ਕਿ ਤੁਸੀਂ ਇਨ੍ਹਾਂ ਗਲਤ ਵਿਆਖਿਆਵਾਂ ਨੂੰ ਪਛਾਣ ਨਾ ਸਕੇ ਹੋਵੋਗੇ।

· "ਪਰਮੇਸ਼ੁਰ ਵਿਸ਼ਵਾਸਯੋਗ ਹੈ, ਅਤੇ ਉਹ ਤੁਹਾਨੂੰ ਤੁਹਾਡੀ ਸਮਰੱਥਾ ਤੋਂ ਵੱਧ ਪਰਖ ਵਿੱਚ ਨਹੀਂ ਪੈਣ ਦੇਵੇਗਾ; ਪਰ ਪਰਖ ਦੇ ਨਾਲ ਉਹ ਬਚ ਨਿਕਲਣ ਦਾ ਰਾਹ ਵੀ ਦੇਵੇਗਾ, ਤਾਂ ਜੋ ਤੁਸੀਂ ਉਸ ਨੂੰ ਸਹਿ ਸਕੋ" (1 ਕੁਰਿੰਥੀਆਂ ਅਧਿਆਇ 10 ਆਇਤ 13, ਅੰਗਰੇਜ਼ੀ ਮਿਆਰੀ ਸੰਸਕਰਣ)। ਇਸ ਆਇਤ ਦੀ ਵਰਤੋਂ ਅਕਸਰ ਇਹ ਕਹਿਣ ਲਈ ਕੀਤੀ ਜਾਂਦੀ ਹੈ ਕਿ ਪਰਮੇਸ਼ੁਰ ਤੁਹਾਨੂੰ ਤੁਹਾਡੀ ਸਹਿਣ ਦੀ ਸਮਰੱਥਾ ਤੋਂ ਵੱਧ ਪਰਖਾਂ ਅਤੇ ਕਲੇਸ਼ ਨਹੀਂ ਦੇਣਗੇ। ਪਰ ਜਦੋਂ ਅਸੀਂ ਇਸ ਆਇਤ ਨੂੰ ਇਸ ਦੇ ਸੰਦਰਭ ਵਿੱਚ ਪੜ੍ਹਦੇ ਹਾਂ, ਤਾਂ ਸਾਨੂੰ ਪਤਾ ਲੱਗਦਾ ਹੈ ਕਿ ਇਹ ਅਸਲ ਵਿੱਚ ਕਹਿੰਦੀ ਹੈ ਕਿ ਪਾਪ ਕਰਨ ਲਈ ਕੋਈ ਵੀ ਪਰਤਾਵਾ ਤੁਹਾਡੀ ਸਹਿਣਸ਼ਕਤੀ ਤੋਂ ਵੱਡਾ ਨਹੀਂ ਹੈ, ਕਿਉਂਕਿ ਪਰਮੇਸ਼ੁਰ ਸਦਾ ਸਾਨੂੰ ਉਸ ਪਾਪ ਤੋਂ ਬਚ ਨਿਕਲਣ ਦਾ ਰਾਹ ਦਿੰਦੇ ਹਨ (1 ਕੁਰਿੰਥੀਆਂ ਅਧਿਆਇ 10 ਆਇਤ 1 ਤੋਂ 12)। ਇਸ ਆਇਤ ਦਾ ਸਾਡੇ ਜੀਵਨਾਂ ਵਿੱਚ ਪਰਮੇਸ਼ੁਰ ਵੱਲੋਂ ਪਰਖਾਂ ਅਤੇ ਕਲੇਸ਼ਾਂ ਨੂੰ ਆਉਣ ਦੇਣ ਨਾਲ ਕੋਈ ਸੰਬੰਧ ਨਹੀਂ ਹੈ। ਮੈਂ ਆਪਣੀ ਪੁਸਤਕ "ਪਰਮੇਸ਼ੁਰ ਭਲਾ ਹੈ ਅਤੇ ਭਲੇ ਦਾ ਅਰਥ ਭਲਾ ਹੈ" ਦੇ ਪੰਨਾ 8 ਅਤੇ 9 ਉੱਤੇ ਇਸ ਆਇਤ ਦੀ ਹੋਰ ਡੂੰਘੀ ਵਿਆਖਿਆ ਦਿੱਤੀ ਹੈ।

· "ਦਿਓ, ਤਾਂ ਤੁਹਾਨੂੰ ਵੀ ਦਿੱਤਾ ਜਾਵੇਗਾ; ਚੰਗਾ ਨਾਪ, ਅਤੇ ਉਫਨਦਾ ਹੋਇਆ, ਲੋਕ ਤੁਹਾਡੀ ਝੋਲੀ ਵਿੱਚ ਪਾਉਣਗੇ। ਕਿਉਂਕਿ ਜਿਸ ਨਾਪ ਨਾਲ ਤੁਸੀਂ ਨਾਪਦੇ ਹੋ, ਉਸੇ ਨਾਪ ਨਾਲ ਤੁਹਾਡੇ ਲਈ ਫਿਰ ਨਾਪਿਆ ਜਾਵੇਗਾ" (ਲੂਕਾ ਅਧਿਆਇ 6 ਆਇਤ 38, ਰਾਜਾ ਜੇਮਜ਼ ਸੰਸਕਰਣ)। ਸੰਭਵ ਹੈ ਕਿ ਤੁਸੀਂ ਕਲੀਸੀਆ ਦੀ ਆਰਾਧਨਾ-ਸਭਾ ਵਿੱਚ ਭੇਟ ਦੇ ਸਮੇਂ ਲੋਕਾਂ ਨੂੰ ਖੁੱਲ੍ਹੇ ਦਿਲ ਨਾਲ ਦੇਣ ਲਈ ਉਤਸ਼ਾਹਿਤ ਕਰਨ ਵਾਸਤੇ ਇਸ ਆਇਤ ਨੂੰ ਉਧਰਿਤ ਕੀਤਾ ਜਾਂਦਾ ਸੁਣਿਆ ਹੋਵੇ। ਪਰ ਇਸ ਆਇਤ ਦਾ ਧਨ ਨਾਲ ਕੋਈ ਸੰਬੰਧ ਨਹੀਂ ਹੈ। ਯਿਸੂ ਕਹਿ ਰਹੇ ਸਨ ਕਿ ਦਇਆ ਅਤੇ ਮਾਫ਼ੀ ਦੇ ਰੂਪ ਵਿੱਚ ਤੁਸੀਂ ਦੂਜਿਆਂ ਨੂੰ ਜੋ ਦਿੰਦੇ ਹੋ, ਉਹੀ ਉਸੇ ਮਾਤਰਾ ਵਿੱਚ ਤੁਹਾਡੇ ਕੋਲ ਵਾਪਸ ਆਵੇਗਾ (ਲੂਕਾ ਅਧਿਆਇ 6 ਆਇਤ 27 ਤੋਂ 38)।

ਮੈਂ ਉਨ੍ਹਾਂ ਲੋਕਾਂ ਦੀ ਨਿਸ਼ਕਪਟਤਾ ਉੱਤੇ ਸਵਾਲ ਨਹੀਂ ਉਠਾ ਰਹੀ ਜੋ ਇਨ੍ਹਾਂ ਆਇਤਾਂ ਨੂੰ ਗਲਤ ਸਮਝਦੇ ਅਤੇ ਇਨ੍ਹਾਂ ਦੀ ਗਲਤ ਵਰਤੋਂ ਕਰਦੇ ਹਨ। ਪਰ ਮੈਂ ਤੁਹਾਨੂੰ ਨਿਯਮਿਤ ਅਤੇ ਕ੍ਰਮਬੱਧ ਬਾਈਬਲ-ਪਾਠ ਦੀ ਲੋੜ ਨੂੰ ਪਛਾਣਨ ਦੀ ਚੁਣੌਤੀ ਦੇ ਰਹੀ ਹਾਂ।

ਬਾਈਬਲ ਨੂੰ ਸਫਲਤਾਪੂਰਵਕ ਪੜ੍ਹਨ ਲਈ ਕੇਵਲ ਇਹ ਜਾਣਨਾ ਹੀ ਕਾਫ਼ੀ ਨਹੀਂ ਹੈ ਕਿ ਇਸ ਨੂੰ ਕਿਵੇਂ ਪੜ੍ਹਿਆ ਜਾਵੇ; ਤੁਹਾਨੂੰ ਬਾਈਬਲ ਦੇ ਉਦੇਸ਼ ਨੂੰ ਵੀ ਸਮਝਣਾ ਚਾਹੀਦਾ ਹੈ। ਜੇ ਤੁਸੀਂ ਜਾਣੋਗੇ ਕਿ ਪਰਮੇਸ਼ੁਰ ਦੀ ਇਹ ਅਦਭੁਤ ਪੁਸਤਕ ਕਿਉਂ ਲਿਖੀ ਗਈ ਅਤੇ ਇਸ ਨੂੰ ਪੜ੍ਹਨ ਵਾਲਿਆਂ ਲਈ ਇਹ ਕੀ ਕੰਮ ਕਰਦੀ ਹੈ, ਤਾਂ ਤੁਸੀਂ ਇਸ ਤੋਂ ਹੋਰ ਵੀ ਵੱਧ ਲਾਭ ਪ੍ਰਾਪਤ ਕਰੋਗੇ। ਅਗਲੇ ਅਧਿਆਇ ਵਿੱਚ ਸਾਡਾ ਵਿਸ਼ਾ ਇਹੀ ਹੈ।

# 3

## ਇਹ ਸਭ ਕਿਸ ਵਿਸ਼ੇ ਬਾਰੇ ਹੈ?

ਨਿਸ਼ਕਪਟ ਮਸੀਹੀ ਬਾਈਬਲ ਨੂੰ ਲੈ ਕੇ ਸੰਘਰਸ਼ ਕਰਦੇ ਹਨ, ਕਿਉਂਕਿ ਇਸ ਦੇ ਉਦੇਸ਼ ਬਾਰੇ ਉਨ੍ਹਾਂ ਦੀਆਂ ਧਾਰਣਾਵਾਂ ਗਲਤ ਹੁੰਦੀਆਂ ਹਨ ਅਤੇ ਇਸ ਗੱਲ ਨੂੰ ਲੈ ਕੇ ਉਨ੍ਹਾਂ ਦੀਆਂ ਉਮੀਦਾਂ ਹਕੀਕਤ ਤੋਂ ਦੂਰ ਹੁੰਦੀਆਂ ਹਨ ਕਿ ਇਹ ਉਨ੍ਹਾਂ ਲਈ ਕੀ ਕਰ ਸਕਦੀ ਹੈ ਅਤੇ ਕੀ ਨਹੀਂ ਕਰ ਸਕਦੀ। ਨਿਰਾਸ਼ ਲੋਕ ਕਦੇ-ਕਦੇ ਮੈਨੂੰ ਅਜਿਹੀ ਆਇਤ ਦੇਣ ਲਈ ਕਹਿੰਦੇ ਹਨ ਜੋ ਉਨ੍ਹਾਂ ਦੇ ਸਾਹਮਣੇ ਮੌਜੂਦ ਕਿਸੇ ਵੀ ਸੰਕਟ ਦਾ ਅੰਤ ਕਰ ਦੇਵੇ। ਪਰ ਬਾਈਬਲ ਜੀਵਨ ਦੀਆਂ ਸਮੱਸਿਆਵਾਂ ਦੇ ਤੁਰੰਤ ਹੱਲਾਂ ਦਾ ਸੰਗ੍ਰਹਿ ਨਹੀਂ ਹੈ। ਨਾ ਹੀ ਇਹ ਅਜਿਹੀ ਸਵੈ-ਸਹਾਇਤਾ ਪੁਸਤਕ ਹੈ ਜੋ ਸਾਨੂੰ ਭਰਪੂਰ ਜੀਵਨ ਜੀਉਣ ਲਈ ਸਮਰੱਥ ਬਣਾਉਣ ਜਾਂ ਅਰਥਪੂਰਨ ਜੀਵਨ ਜੀਉਣ ਦੇ ਸਿਧਾਂਤ ਦੇਣ ਲਈ ਲਿਖੀ ਗਈ ਹੋਵੇ।

ਮੈਂ ਇਹ ਨਹੀਂ ਕਹਿ ਰਹੀ ਕਿ ਬਾਈਬਲ ਵਿੱਚ ਦਿੱਤੀ ਜਾਣਕਾਰੀ ਤੁਹਾਨੂੰ ਬਿਹਤਰ ਜੀਵਨ ਜੀਉਣ ਵਿੱਚ ਸਹਾਇਤਾ ਨਹੀਂ ਕਰੇਗੀ, ਪਰ ਇਹ ਇਸੇ ਉਦੇਸ਼ ਨਾਲ ਨਹੀਂ ਲਿਖੀ ਗਈ ਸੀ। ਬਾਈਬਲ ਸਰਬਸ਼ਕਤੀਮਾਨ ਪਰਮੇਸ਼ੁਰ ਅਤੇ ਉਨ੍ਹਾਂ ਦੀਆਂ ਯੋਜਨਾਵਾਂ ਅਤੇ ਉਦੇਸ਼ਾਂ ਨੂੰ ਪ੍ਰਗਟ ਕਰਨ ਲਈ ਲਿਖੀ ਗਈ ਸੀ। ਇਹ ਛਿਆਹਠ ਪੁਸਤਕਾਂ ਅਤੇ ਪੱਤਰੀਆਂ ਦਾ ਸੰਗ੍ਰਹਿ ਹੈ, ਜੋ ਪਰਮੇਸ਼ੁਰ ਦੀ ਇੱਕ ਪਰਿਵਾਰ ਪ੍ਰਾਪਤ ਕਰਨ ਦੀ ਇੱਛਾ ਅਤੇ ਯਿਸੂ ਮਸੀਹ ਦੇ ਰਾਹੀਂ ਉਸ ਪਰਿਵਾਰ ਨੂੰ ਪ੍ਰਾਪਤ ਕਰਨ ਦੇ ਉਨ੍ਹਾਂ ਦੇ ਢੰਗ ਨੂੰ ਪ੍ਰਗਟ ਕਰਦਾ ਹੈ। ਬਾਈਬਲ ਦਾ ਹਰ ਲੇਖ ਕਿਸੇ ਨਾ ਕਿਸੇ ਤਰੀਕੇ ਨਾਲ ਇਸ ਕਥਾ ਵਿੱਚ ਕੁਝ ਜੋੜਦਾ ਹੈ ਜਾਂ ਇਸ ਨੂੰ ਅੱਗੇ ਵਧਾਉਂਦਾ ਹੈ।

## ਯੋਜਨਾ ਸ਼ੁਰੂ ਹੋਈ, ਰੁਕਾਵਟ ਪਈ, ਦੁਬਾਰਾ ਸਥਾਪਿਤ ਹੋਈ।

ਬਾਈਬਲ ਦਾ ਆਰੰਭ ਸ੍ਰਿਸ਼ਟੀ ਤੋਂ ਹੁੰਦਾ ਹੈ। ਸਰਬਸ਼ਕਤੀਮਾਨ ਪਰਮੇਸ਼ੁਰ ਨੇ ਪੁਰਖਾਂ ਅਤੇ ਇਸਤ੍ਰੀਆਂ ਨੂੰ ਆਪਣੇ ਪੁੱਤਰ ਅਤੇ ਧੀਆਂ ਬਣਨ ਲਈ ਸਿਰਜਿਆ ਅਤੇ ਉਨ੍ਹਾਂ ਨੇ ਧਰਤੀ ਨੂੰ ਆਪਣੇ ਅਤੇ ਆਪਣੇ ਪਰਿਵਾਰ ਲਈ ਇੱਕ ਘਰ ਵਜੋਂ ਬਣਾਇਆ (ਉਤਪਤ ਅਧਿਆਇ 1 ਤੋਂ 2; ਅਫ਼ਸੀਆਂ ਅਧਿਆਇ 1 ਆਇਤ 4 ਤੋਂ 5; ਯਸਾਯਾਹ ਅਧਿਆਇ 45 ਆਇਤ 18)। ਕਥਾ ਜਲਦੀ ਹੀ ਮਨੁੱਖ ਦੇ ਪਤਨ ਤੱਕ ਪਹੁੰਚਦੀ ਹੈ, ਜਦੋਂ ਪਹਿਲੇ ਮਨੁੱਖ ਆਦਮ ਨੇ ਪਾਪ ਦੇ ਰਾਹੀਂ ਪਰਮੇਸ਼ੁਰ ਤੋਂ ਸੁਤੰਤਰ ਰਹਿਣ ਦੀ ਚੋਣ ਕੀਤੀ। ਮਨੁੱਖੀ ਜਾਤੀ ਦੇ ਮੁਖੀ ਅਤੇ ਧਰਤੀ ਦੇ ਪਹਿਲੇ ਭੰਡਾਰੀ ਵਜੋਂ, ਉਸ ਦੇ

ਬਗਾਵਤੀ ਕੰਮ ਨੇ ਸਾਰੀ ਮਨੁੱਖੀ ਜਾਤੀ ਅਤੇ ਪਰਿਵਾਰ ਦੇ ਘਰ ਉੱਤੇ ਭ੍ਰਿਸ਼ਟਤਾ ਅਤੇ ਮੌਤ ਦਾ ਸਰਾਪ ਲਿਆਇਆ (ਉਤਪਤ ਅਧਿਆਇ 3 ਆਇਤ 17 ਤੋਂ 19; ਰੋਮੀਆਂ ਅਧਿਆਇ 5 ਆਇਤ 12; ਰੋਮੀਆਂ ਅਧਿਆਇ 8 ਆਇਤ 20)। ਮਨੁੱਖੀ ਜਾਤੀ ਪੁੱਤਰਪੁਣੇ ਨੂੰ ਪ੍ਰਾਪਤ ਕਰਨ ਦੇ ਯੋਗ ਨਾ ਰਹੀ ਅਤੇ ਪਾਪ ਦੇ ਕਾਰਨ ਧਰਤੀ ਭ੍ਰਿਸ਼ਟ ਹੋ ਗਈ।

ਆਦਮ ਦੀ ਅਣਆਗਿਆਕਾਰੀ ਤੋਂ ਤੁਰੰਤ ਬਾਅਦ, ਪਰਮੇਸ਼ੁਰ ਨੇ ਆਦਮ ਨਾਲ—ਅਤੇ ਆਦਮ ਵਿੱਚ ਸਾਰੀ ਮਨੁੱਖੀ ਜਾਤੀ ਨਾਲ—ਇਹ ਵਾਅਦਾ ਕੀਤਾ ਕਿ ਇੱਕ ਦਿਨ ਇੱਕ ਮੁਕਤੀਦਾਤਾ, ਅਰਥਾਤ ਛੁਡਾਉਣ ਵਾਲਾ, ਧਰਤੀ ਉੱਤੇ ਆਵੇਗਾ ਅਤੇ ਹੋਏ ਨੁਕਸਾਨ ਨੂੰ ਮਿਟਾ ਦੇਵੇਗਾ (ਉਤਪਤ ਅਧਿਆਇ 3 ਆਇਤ 15)। ਯਿਸੂ ਹੀ ਉਹ ਮੁਕਤੀਦਾਤਾ ਹਨ। ਇਸ ਤੋਂ ਬਾਅਦ ਪਰਮੇਸ਼ੁਰ ਨੇ ਮਨੁੱਖਾਂ ਨੂੰ ਲਿਖਤੀ ਦਰਜ ਰੱਖਣ ਦੀ ਹਦਾਇਤ ਦਿੱਤੀ, ਜਿਵੇਂ-ਜਿਵੇਂ ਉਹ ਯਿਸੂ ਦੇ ਰਾਹੀਂ ਆਪਣੇ ਪਰਿਵਾਰ ਨੂੰ ਦੁਬਾਰਾ ਪ੍ਰਾਪਤ ਕਰਨ ਦੀ ਆਪਣੀ ਯੋਜਨਾ ਦੇ ਵੱਖ-ਵੱਖ ਪੱਖਾਂ ਨੂੰ ਹੋਰ ਵੱਧ ਪ੍ਰਗਟ ਕਰਦੇ ਗਏ। ਉਹ ਮੁੱਢਲੇ ਦਰਜ ਵਿਕਸਿਤ ਹੁੰਦੇ-ਹੁੰਦੇ ਉਸ ਗ੍ਰੰਥ-ਸੰਗ੍ਰਹਿ ਵਿੱਚ ਬਦਲ ਗਏ ਜਿਸ ਨੂੰ ਹੁਣ ਪੁਰਾਣਾ ਨੇਮ ਕਿਹਾ ਜਾਂਦਾ ਹੈ।

ਬਾਈਬਲ ਦੇ ਮੁੱਢਲੇ ਲੇਖ ਵਿੱਚ ਪ੍ਰਭੂ ਨੇ ਉਸ ਲੋਕ-ਸਮੂਹ ਨੂੰ ਪ੍ਰਗਟ ਕੀਤਾ ਜਿਸ ਰਾਹੀਂ ਯਿਸੂ ਇਸ ਸੰਸਾਰ ਵਿੱਚ ਆਉਣ ਵਾਲੇ ਸਨ—ਅਰਥਾਤ ਅਬਰਾਹਾਮ ਨਾਮਕ ਵਿਅਕਤੀ ਦੀ ਸੰਤਾਨ ਨੂੰ (ਉਤਪਤ ਅਧਿਆਇ 12 ਆਇਤ 1 ਤੋਂ 3)। ਉਸ ਦੀ ਸੰਤਾਨ ਅੱਗੇ ਚੱਲ ਕੇ ਇਸਰਾਏਲ ਕੌਮ ਬਣੀ, ਜਿਸ ਨੂੰ ਇਬਰਾਨੀ ਅਤੇ ਯਹੂਦੀ ਵੀ ਕਿਹਾ ਜਾਂਦਾ ਹੈ। ਪੁਰਾਣੇ ਨੇਮ ਦਾ ਬਾਕੀ ਹਿੱਸਾ ਮੁੱਖ ਤੌਰ ਤੇ ਇਨ੍ਹਾਂ ਲੋਕਾਂ ਦਾ ਉਹ ਇਤਿਹਾਸ ਹੈ ਜੋ ਯਿਸੂ ਦੇ ਜਨਮ ਤੋਂ ਚਾਰ ਸੌ ਸਾਲ ਪਹਿਲਾਂ ਤੱਕ ਦਾ ਹੈ (1921 ਈਸਾ ਪੂਰਵ ਤੋਂ 400 ਈਸਾ ਪੂਰਵ)। ਇਹ ਇਸ ਗੱਲ ਦਾ ਲੇਖਾ ਹੈ ਕਿ ਪਰਮੇਸ਼ੁਰ ਨੇ ਭਿਆਨਕ ਰੁਕਾਵਟਾਂ ਦੇ ਵਿਚਕਾਰ ਅਬਰਾਹਾਮ ਦੀ ਸੰਤਾਨ ਨੂੰ ਕਿਵੇਂ ਸੁਰੱਖਿਅਤ ਰੱਖਿਆ, ਜਦੋਂ ਉਹ ਆਪਣੀ ਯੋਜਨਾ ਅਤੇ ਆਉਣ ਵਾਲੇ ਮੁਕਤੀਦਾਤਾ ਬਾਰੇ ਹੌਲੀ-ਹੌਲੀ ਹੋਰ ਜਾਣਕਾਰੀ ਪ੍ਰਗਟ ਕਰਦੇ ਗਏ। ਨਵਾਂ ਨੇਮ ਯਿਸੂ ਦੇ ਆਗਮਨ ਅਤੇ ਉਨ੍ਹਾਂ ਦੇ ਕੰਮ ਦਾ ਲੇਖਾ ਹੈ। ਇਸ ਦੀਆਂ ਸਾਰੀਆਂ ਪੁਸਤਕਾਂ ਅਤੇ ਪੱਤਰੀਆਂ ਉਨ੍ਹਾਂ ਪੁਰਖਾਂ ਨੇ ਲਿਖੀਆਂ ਜਿਨ੍ਹਾਂ ਨੇ ਯਿਸੂ ਮਸੀਹ ਦੀ ਸੇਵਕਾਈ, ਸਲੀਬ ਉੱਤੇ ਚੜ੍ਹਾਏ ਜਾਣ ਅਤੇ ਪੁਨਰੁੱਥਾਨ ਨੂੰ ਨੇੜਿਓਂ ਦੇਖਿਆ ਸੀ। ਇਨ੍ਹਾਂ ਪੁਰਖਾਂ ਬਾਰੇ ਮੈਂ ਅੱਗੇ ਆਉਣ ਵਾਲੇ ਇੱਕ ਅਧਿਆਇ ਵਿੱਚ ਹੋਰ ਗੱਲ ਕਰਾਂਗੀ।

## ਮੁਕਤੀ ਲਈ ਬੁੱਧੀਮਾਨ।

ਪ੍ਰਭੂ ਨੇ ਮਨੁੱਖਾਂ ਨੂੰ ਪਵਿੱਤਰ-ਸ਼ਾਸਤਰ ਲਿਖਣ ਲਈ ਪ੍ਰੇਰਣਾ ਦਿੱਤੀ, ਤਾਂ ਜੋ ਅਸੀਂ ਸਮਝ ਸਕੀਏ ਕਿ ਸਾਨੂੰ ਪਾਪ ਤੋਂ ਮੁਕਤੀ ਦੀ ਲੋੜ ਕਿਉਂ ਹੈ, ਪਰਮੇਸ਼ੁਰ ਇਹ ਮੁਕਤੀ ਕਿਵੇਂ ਪ੍ਰਦਾਨ ਕਰਦੇ ਹਨ ਅਤੇ ਇਸ ਦਾ ਸਾਡੇ ਜੀਵਨਾਂ ਉੱਤੇ ਕੀ ਪ੍ਰਭਾਵ ਪੈਂਦਾ ਹੈ। ਯਿਸੂ ਇਸ ਸੰਸਾਰ ਵਿੱਚ ਇਸ ਲਈ ਆਏ ਕਿ ਸਲੀਬ ਉੱਤੇ ਉਹ ਪਾਪ ਦੇ ਕਾਰਨ ਮਨੁੱਖੀ ਜਾਤੀ ਲਈ ਠਹਿਰਾਈ ਗਈ ਸਜ਼ਾ ਆਪਣੇ ਉੱਤੇ ਲੈ ਲੈਣ। ਆਪਣੀ ਮੌਤ ਅਤੇ ਪੁਨਰੁੱਥਾਨ ਦੇ ਰਾਹੀਂ ਯਿਸੂ ਨੇ ਉਨ੍ਹਾਂ ਸਾਰਿਆਂ ਲਈ ਜੋ ਉਨ੍ਹਾਂ ਉੱਤੇ ਵਿਸ਼ਵਾਸ ਕਰਦੇ ਹਨ, ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਬਣਨ ਦਾ ਰਾਹ ਖੋਲ੍ਹ ਦਿੱਤਾ। ਯਿਸੂ ਉੱਤੇ ਵਿਸ਼ਵਾਸ ਕਰਨ ਦਾ ਅਰਥ ਹੈ ਉਨ੍ਹਾਂ ਨੂੰ ਆਪਣਾ ਮੁਕਤੀਦਾਤਾ ਅਤੇ ਪ੍ਰਭੂ ਮੰਨਣਾ ਅਤੇ ਪਾਪ ਤੋਂ ਮੁਕਤੀ ਦੇ ਇੱਕੋ-ਇੱਕ ਸਰੋਤ ਵਜੋਂ ਉਨ੍ਹਾਂ ਉੱਤੇ ਭਰੋਸਾ ਰੱਖਣਾ।

"[ਪਵਿੱਤਰ-ਸ਼ਾਸਤਰ] ਤੁਹਾਨੂੰ ਸਿੱਖਿਆ ਦੇਣ ਅਤੇ ਉਸ ਮੁਕਤੀ ਦੀ ਸਮਝ ਦੇਣ ਦੇ ਸਮਰੱਥ ਹਨ ਜੋ ਮਸੀਹ ਯਿਸੂ ਉੱਤੇ ਵਿਸ਼ਵਾਸ ਦੇ ਰਾਹੀਂ ਪ੍ਰਾਪਤ ਹੁੰਦੀ ਹੈ" (2 ਤਿਮੋਥਿਉਸ ਅਧਿਆਇ 3 ਆਇਤ 15)।

"ਪਰ ਇਹ [ਪਵਿੱਤਰ-ਸ਼ਾਸਤਰ] ਇਸ ਲਈ ਲਿਖੇ ਗਏ ਹਨ ਕਿ ਤੁਸੀਂ ਵਿਸ਼ਵਾਸ ਕਰੋ ਕਿ ਯਿਸੂ ਹੀ ਮਸੀਹ [ਮੁਕਤੀਦਾਤਾ], ਪਰਮੇਸ਼ੁਰ ਦੇ ਪੁੱਤਰ ਹਨ, ਅਤੇ ਉਨ੍ਹਾਂ ਉੱਤੇ ਵਿਸ਼ਵਾਸ ਕਰਨ ਨਾਲ ਤੁਹਾਨੂੰ ਜੀਵਨ ਪ੍ਰਾਪਤ ਹੋਵੇ" (ਯੂਹੰਨਾ ਅਧਿਆਇ 20 ਆਇਤ 31)।

ਪਰਮੇਸ਼ੁਰ ਦਾ ਬਚਨ ਸਾਨੂੰ ਕੇਵਲ ਮੁਕਤੀ ਦੇ ਵਿਸ਼ੇ ਵਿੱਚ ਜਾਣਕਾਰੀ ਹੀ ਨਹੀਂ ਦਿੰਦਾ; ਇਹ ਸਾਡੇ ਜੀਵਨਾਂ ਵਿੱਚ ਮੁਕਤੀ ਉਤਪੰਨ ਹੋਣ ਲਈ ਅਤਿ-ਜ਼ਰੂਰੀ ਵੀ ਹੈ। ਜਦੋਂ ਸਾਡੇ ਸਾਹਮਣੇ ਪਰਮੇਸ਼ੁਰ ਦਾ ਬਚਨ ਇਸ ਸੱਚਾਈ ਦੇ ਵਿਸ਼ੇ ਵਿੱਚ ਪੇਸ਼ ਕੀਤਾ ਜਾਂਦਾ ਹੈ ਕਿ ਯਿਸੂ ਸਾਡੇ ਪਾਪਾਂ ਲਈ ਮਰਿਆ ਅਤੇ ਮੁਰਦਿਆਂ ਵਿੱਚੋਂ ਜੀ ਉੱਠਿਆ, ਅਤੇ ਅਸੀਂ ਉਸ ਉੱਤੇ ਵਿਸ਼ਵਾਸ ਕਰਦੇ ਹਾਂ, ਤਦੋਂ ਅਸੀਂ ਮੁਕਤੀ ਦੇ ਉਸ ਪ੍ਰਬੰਧ ਦਾ ਅਨੁਭਵ ਕਰਦੇ ਹਾਂ। ਸਾਨੂੰ ਅਨੰਤ ਜੀਵਨ ਮਿਲਦਾ ਹੈ। ਸਾਡੇ ਅੰਦਰ ਇੱਕ ਅਲੋਕਿਕ ਰੂਪਾਂਤਰਣ ਵਾਪਰਦਾ ਹੈ। ਪਵਿੱਤਰ ਆਤਮਾ, ਪਰਮੇਸ਼ੁਰ ਦੇ ਬਚਨ ਦੇ ਦੁਆਰਾ, ਸਾਡੇ ਅੰਦਰਲੇ ਅੰਤਰੀਵ ਭਾਗ ਵਿੱਚ ਅਨੰਤ ਜੀਵਨ ਪ੍ਰਦਾਨ ਕਰਦਾ ਹੈ, ਅਤੇ ਅਸੀਂ ਸੱਚਮੁੱਚ ਪਰਮੇਸ਼ੁਰ ਤੋਂ ਜਨਮ ਲੈਂਦੇ ਹਾਂ। ਅਸੀਂ ਪਾਪੀਆਂ ਤੋਂ ਬਦਲ ਕੇ ਪਰਮੇਸ਼ੁਰ ਦੇ ਪਵਿੱਤਰ ਅਤੇ ਧਰਮੀ ਪੁੱਤਰ ਅਤੇ ਧੀਆਂ ਬਣ ਜਾਂਦੇ ਹਾਂ (ਯੂਹੰਨਾ ਅਧਿਆਇ 3 ਆਇਤ 3 ਤੋਂ 5; 1 ਪਤਰਸ ਅਧਿਆਇ 1 ਆਇਤ 23; 1 ਯੂਹੰਨਾ ਅਧਿਆਇ 5 ਆਇਤ 1)।

"ਪਰ ਜਿੰਨਿਆਂ ਨੇ ਵਿਸ਼ਵਾਸ ਕੀਤਾ... ਅਤੇ [ਯਿਸੂ] ਨੂੰ ਕਬੂਲ ਕੀਤਾ, ਉਨ੍ਹਾਂ ਨੂੰ ਉਸ ਨੇ ਪਰਮੇਸ਼ੁਰ ਦੀ ਸੰਤਾਨ ਬਣਨ ਦਾ ਅਧਿਕਾਰ ਦਿੱਤਾ। ਉਨ੍ਹਾਂ ਦਾ ਨਵਾਂ ਜਨਮ ਹੁੰਦਾ ਹੈ! ਇਹ ਮਨੁੱਖ ਦੀ ਇੱਛਾ ਜਾਂ ਯੋਜਨਾ ਤੋਂ ਉਤਪੰਨ ਸਰੀਰਕ ਜਨਮ ਨਹੀਂ ਹੈ—ਇਹ ਨਵਾਂ ਜਨਮ ਪਰਮੇਸ਼ੁਰ ਤੋਂ ਹੁੰਦਾ ਹੈ" (ਯੂਹੰਨਾ ਅਧਿਆਇ 1 ਆਇਤ 12 ਤੋਂ 13)।

ਪਵਿੱਤਰ-ਸ਼ਾਸਤਰ ਤੁਹਾਨੂੰ ਤੁਹਾਡਾ ਸੱਚਾ ਉਦੇਸ਼ ਦਿਖਾਉਂਦਾ ਹੈ—ਮਸੀਹ ਉੱਤੇ ਵਿਸ਼ਵਾਸ ਦੇ ਦੁਆਰਾ ਪਰਮੇਸ਼ੁਰ ਦਾ ਪੁੱਤਰ ਜਾਂ ਧੀ ਬਣਨਾ। ਅਤੇ ਪਰਮੇਸ਼ੁਰ ਦਾ ਬਚਨ ਤੁਹਾਨੂੰ ਯਕੀਨ ਦਿਵਾਉਂਦਾ ਹੈ ਕਿ ਤੁਹਾਡੀ ਸਭ ਤੋਂ ਵੱਡੀ ਲੋੜ ਪੂਰੀ ਹੋ ਚੁੱਕੀ ਹੈ—ਪਾਪ ਤੋਂ ਮੁਕਤੀ।

## ਪਰ ਮੈਨੂੰ ਅਸਲ ਸਹਾਇਤਾ ਚਾਹੀਦੀ ਹੈ।

ਸੰਭਵ ਹੈ ਕਿ ਤੁਸੀਂ ਸੋਚ ਰਹੇ ਹੋਵੋਗੇ, "ਇਹ ਸਭ ਠੀਕ ਹੈ, ਪਰ ਮੇਰੀਆਂ ਅਸਲ ਸਮੱਸਿਆਵਾਂ ਹਨ ਅਤੇ ਮੈਨੂੰ ਹੁਣੇ ਅਸਲ ਸਹਾਇਤਾ ਚਾਹੀਦੀ ਹੈ।" ਇਹੀ ਤਾਂ ਅਸਲ ਸਹਾਇਤਾ ਹੈ! ਵੇਖੋ, ਬਹੁਤ ਸਾਰੇ ਨਿਸ਼ਕਪਟ ਮਸੀਹੀਆਂ ਨੂੰ ਜੀਵਨ ਦੇ ਤੂਫ਼ਾਨਾਂ ਵਿੱਚ ਪਰਮੇਸ਼ੁਰ ਉੱਤੇ ਭਰੋਸਾ ਕਰਨ ਵਿੱਚ ਮੁਸ਼ਕਲ ਹੁੰਦੀ ਹੈ, ਕਿਉਂਕਿ ਉਹ ਇਹ ਨਿਸ਼ਚਿਤ ਨਹੀਂ ਕਰ ਪਾਉਂਦੇ ਕਿ ਉਹ ਉਨ੍ਹਾਂ ਦੀ ਸਹਾਇਤਾ ਕਰਨ ਲਈ ਤਿਆਰ ਹੈ। ਅਣਗਿਣਤ ਵਿਸ਼ਵਾਸੀ ਇਨ੍ਹਾਂ ਸ਼ੰਕਿਆਂ ਨਾਲ ਸੰਘਰਸ਼ ਕਰਦੇ ਹਨ: "ਮੈਂ ਬਹੁਤ ਬੁਰੇ ਕੰਮ ਕੀਤੇ ਹਨ।" "ਪਰਮੇਸ਼ੁਰ ਮੈਨੂੰ ਉਨਾ ਪਿਆਰ ਨਹੀਂ ਕਰਦਾ ਜਿੰਨਾ ਉਹ ਦੂਜਿਆਂ ਨੂੰ ਕਰਦਾ ਹੈ।" ਪਰ ਜਦੋਂ ਤੁਸੀਂ ਇਹ ਜਾਣਦੇ ਹੋ ਕਿ ਪਰਮੇਸ਼ੁਰ ਨੇ ਤੁਹਾਡੀ ਸਭ ਤੋਂ ਵੱਡੀ ਲੋੜ—ਪਾਪ ਤੋਂ ਮੁਕਤੀ—ਪਹਿਲਾਂ ਹੀ ਪੂਰੀ ਕਰ ਦਿੱਤੀ ਹੈ, ਤਾਂ ਇਹ ਵਿਸ਼ਵਾਸ ਨੂੰ ਬਹੁਤ ਵਧਾ ਦਿੰਦਾ ਹੈ। ਜਦੋਂ ਤੁਸੀਂ ਉਸ ਦੇ

ਪਰਿਵਾਰ ਦਾ ਹਿੱਸਾ ਵੀ ਨਹੀਂ ਸਨ, ਤਦੋਂ ਜੇ ਪ੍ਰਭੂ ਨੇ ਤੁਹਾਡੀ ਸਭ ਤੋਂ ਮਹੱਤਵਪੂਰਨ ਲੋੜ ਵਿੱਚ ਤੁਹਾਡੀ ਸਹਾਇਤਾ ਕੀਤੀ, ਤਾਂ ਹੁਣ ਜਦੋਂ ਤੁਸੀਂ ਉਸ ਦੇ ਪੁੱਤਰ ਜਾਂ ਧੀ ਹੋ, ਉਹ ਛੋਟੀਆਂ ਗੱਲਾਂ ਵਿੱਚ ਤੁਹਾਡੀ ਸਹਾਇਤਾ ਕਰਨ ਤੋਂ ਕਿਉਂ ਹਿਚਕਿਚਾਏਗਾ? ਅਤੇ ਅਨੰਤ ਮੁਕਤੀ ਦੀ ਤੁਲਨਾ ਵਿੱਚ ਬਾਕੀ ਸਭ ਕੁਝ ਛੋਟੀ ਗੱਲ ਹੀ ਹੈ।

"ਜਿਸ ਨੇ ਆਪਣੇ ਹੀ ਪੁੱਤਰ ਨੂੰ ਨਾ ਰੋਕਿਆ, ਸਗੋਂ ਉਸ ਨੂੰ ਸਾਡੇ ਸਭਨਾਂ ਲਈ ਦੇ ਦਿੱਤਾ—ਕੀ ਅਸੀਂ ਅਜਿਹੇ ਪਰਮੇਸ਼ੁਰ ਉੱਤੇ ਇਹ ਭਰੋਸਾ ਨਹੀਂ ਕਰ ਸਕਦੇ ਕਿ ਉਹ ਆਪਣੇ ਪੁੱਤਰ ਦੇ ਨਾਲ ਸਾਨੂੰ ਉਹ ਸਭ ਕੁਝ ਵੀ ਦੇਵੇਗਾ ਜਿਸ ਦੀ ਸਾਨੂੰ ਲੋੜ ਪੈ ਸਕਦੀ ਹੈ?" (ਰੋਮੀਆਂ ਅਧਿਆਇ 8 ਆਇਤ 32, ਜੇ. ਬੀ. ਫਿਲਿਪਸ ਅਨੁਵਾਦ)।

ਨਵੇਂ ਨੇਮ ਦਾ ਨਿਯਮਿਤ ਅਤੇ ਕ੍ਰਮਬੱਧ ਪਾਠ ਤੁਹਾਡੇ ਅੰਦਰ ਇਹ ਦ੍ਰਿੜ੍ਹ ਵਿਸ਼ਵਾਸ ਪੈਦਾ ਕਰੇਗਾ ਕਿ ਪਰਮੇਸ਼ੁਰ ਤੁਹਾਨੂੰ ਪਿਆਰ ਕਰਦਾ ਹੈ ਅਤੇ ਉਹ ਤੁਹਾਡੀ ਸਹਾਇਤਾ ਕਰੇਗਾ। ਜਿਵੇਂ-ਜਿਵੇਂ ਤੁਸੀਂ ਨਵੇਂ ਨੇਮ ਨਾਲ ਜਾਣੂ ਹੁੰਦੇ ਜਾਂਦੇ ਹੋ, ਤੁਸੀਂ ਇਹ ਦੇਖਣ ਲੱਗਦੇ ਹੋ ਕਿ ਪਰਮੇਸ਼ੁਰ ਨੇ ਮੁਕਤੀ ਦੇ ਦੁਆਰਾ ਤੁਹਾਡੇ ਲਈ ਇਸ ਜੀਵਨ ਵਿੱਚ ਅਤੇ ਆਉਣ ਵਾਲੇ ਜੀਵਨ ਵਿੱਚ ਕੀ-ਕੀ ਉਪਲਬਧ ਕਰਾਇਆ ਹੈ। ਅਤੇ ਤੁਸੀਂ ਇਹ ਸਿੱਖਦੇ ਹੋ ਕਿ ਤੁਹਾਡੇ ਸਾਹਮਣੇ ਭਾਵੇਂ ਕਿਹੋ ਜਿਹੀਆਂ ਵੀ ਪਰਿਸਥਿਤੀਆਂ ਕਿਉਂ ਨਾ ਹੋਣ, ਇਸ ਪ੍ਰਬੰਧ ਵਿੱਚ ਕਿਵੇਂ ਚੱਲਣਾ ਹੈ ਅਤੇ ਇਸ ਦਾ ਅਨੁਭਵ ਕਿਵੇਂ ਕਰਨਾ ਹੈ।

ਬਾਈਬਲ ਵਿੱਚ ਤੁਹਾਡੇ ਲਈ ਅਸਲ ਸਹਾਇਤਾ ਹੈ। ਪਰਮੇਸ਼ੁਰ ਦਾ ਬਚਨ ਨਾ ਕੇਵਲ ਤੁਹਾਨੂੰ ਤੁਹਾਡਾ ਸੱਚਾ ਉਦੇਸ਼ ਦਿਖਾਉਂਦਾ ਹੈ ਅਤੇ ਇਹ ਭਰੋਸਾ ਦਿਵਾਉਂਦਾ ਹੈ ਕਿ ਤੁਹਾਡੀ ਸਭ ਤੋਂ ਵੱਡੀ ਲੋੜ ਪੂਰੀ ਹੋ ਚੁੱਕੀ ਹੈ, ਸਗੋਂ ਇਹ ਤੁਹਾਨੂੰ ਗੱਲਾਂ ਨੂੰ ਉਸੇ ਤਰ੍ਹਾਂ ਦੇਖਣ ਵਿੱਚ ਵੀ ਸਹਾਇਤਾ ਦਿੰਦਾ ਹੈ, ਜਿਵੇਂ ਉਹ ਅਸਲ ਵਿੱਚ ਹਨ। ਜਦੋਂ ਤੁਸੀਂ ਹਕੀਕਤ ਨੂੰ ਉਸ ਦੇ ਸੱਚੇ ਰੂਪ ਵਿੱਚ ਦੇਖਣਾ ਸਿੱਖ ਲੈਂਦੇ ਹੋ, ਤਦੋਂ ਤੁਸੀਂ ਆਪਣੇ ਸਾਹਮਣੇ ਆਉਣ ਵਾਲੀ ਕਿਸੇ ਵੀ ਪਰਿਸਥਿਤੀ ਦਾ ਸਾਹਮਣਾ ਕਰ ਸਕਦੇ ਹੋ। ਬਾਈਬਲ ਹਕੀਕਤ ਦੇ ਵਿਸ਼ੇ ਵਿੱਚ ਕੀ ਪ੍ਰਗਟ ਕਰਦੀ ਹੈ? ਆਓ, ਅਗਲੇ ਭਾਗ ਵਿੱਚ ਇਸ ਪ੍ਰਸ਼ਨ ਦਾ ਉੱਤਰ ਲੱਭੀਏ।

# 4

## ਤੁਸੀਂ ਜਿਸ ਤਰ੍ਹਾਂ ਦੇਖਦੇ ਹੋ, ਉਸੇ ਤਰ੍ਹਾਂ ਸਮਝਦੇ ਹੋ।

ਜੀਵਨ ਦੇ ਤੂਫ਼ਾਨ ਆਪਣੇ ਆਪ ਵਿੱਚ ਲੋਕਾਂ ਨੂੰ ਨਸ਼ਟ ਨਹੀਂ ਕਰਦੇ। ਜੇ ਉਹ ਅਜਿਹਾ ਕਰਦੇ, ਤਾਂ ਸਾਡੇ ਵਿੱਚੋਂ ਕੋਈ ਵੀ ਬਚ ਨਾ ਸਕਦਾ, ਕਿਉਂਕਿ ਅਸੀਂ ਸਾਰੇ ਔਖੇ ਸਮਿਆਂ ਵਿੱਚੋਂ ਲੰਘਦੇ ਹਾਂ। ਔਖੇ ਸਮਿਆਂ ਵਿੱਚ ਤੁਹਾਡੀ ਪ੍ਰਤੀਕਿਰਿਆ ਹੀ ਇਹ ਨਿਰਧਾਰਤ ਕਰਦੀ ਹੈ ਕਿ ਤੁਸੀਂ ਉਨ੍ਹਾਂ ਵਿੱਚੋਂ ਪਾਰ ਲੰਘੋਗੇ ਜਾਂ ਨਹੀਂ। ਤੁਹਾਡੀ ਪ੍ਰਤੀਕਿਰਿਆ ਹਕੀਕਤ ਬਾਰੇ ਤੁਹਾਡੀ ਸਮਝ, ਅਰਥਾਤ ਆਪਣੀ ਪਰਿਸਥਿਤੀ ਨੂੰ ਦੇਖਣ ਦੇ ਤੁਹਾਡੇ ਢੰਗ ਤੋਂ ਪੈਦਾ ਹੁੰਦੀ ਹੈ। ਜੋ ਕੁਝ ਤੁਸੀਂ ਦੇਖਦੇ ਹੋ, ਉਹ ਤੁਹਾਨੂੰ ਨਾ ਬਣਾਉਂਦਾ ਹੈ ਅਤੇ ਨਾ ਹੀ ਤੋੜਦਾ ਹੈ; ਸਗੋਂ ਇਹ ਗੱਲ ਮਹੱਤਵ ਰੱਖਦੀ ਹੈ ਕਿ ਤੁਸੀਂ ਦੇਖੀ ਹੋਈ ਗੱਲ ਨੂੰ ਕਿਸ ਤਰ੍ਹਾਂ ਦੇਖਦੇ ਹੋ। ਇਹੀ ਤੁਹਾਡਾ ਦ੍ਰਿਸ਼ਟੀਕੋਣ ਹੈ। ਜੇ ਤੁਸੀਂ ਪਰਮੇਸ਼ੁਰ ਦੇ ਅਨੁਸਾਰ ਆਪਣੀਆਂ ਪਰਿਸਥਿਤੀਆਂ ਨੂੰ ਉਨ੍ਹਾਂ ਦੇ ਅਸਲ ਸਰੂਪ ਵਿੱਚ ਦੇਖਣਾ ਸਿੱਖ ਲਵੋ, ਤਾਂ ਤੁਸੀਂ ਉਸ ਪ੍ਰਚੰਡ ਹਮਲੇ ਵਿੱਚੋਂ ਬਚ ਨਿਕਲੋਗੇ।

## ਗੱਲਾਂ ਅਸਲ ਵਿੱਚ ਜਿਹੋ ਜਿਹੀਆਂ ਹਨ।

ਜਦੋਂ ਕੋਈ ਤੂਫ਼ਾਨ ਆਉਂਦਾ ਹੈ, ਤਾਂ ਜੋ ਤੁਸੀਂ ਦੇਖਦੇ ਅਤੇ ਅਨੁਭਵ ਕਰਦੇ ਹੋ, ਉਹ ਅਸਲ ਹੁੰਦਾ ਹੈ। ਫਿਰ ਵੀ ਤੁਹਾਡੀ ਨਜ਼ਰ ਅਤੇ ਤੁਹਾਡੀਆਂ ਭਾਵਨਾਵਾਂ ਤੁਹਾਡੀ ਪਰਿਸਥਿਤੀ ਦੇ ਸਾਰੇ ਤੱਥ ਤੁਹਾਨੂੰ ਨਹੀਂ ਦੱਸ ਸਕਦੀਆਂ, ਕਿਉਂਕਿ ਉਸ ਤੋਂ ਕਿਤੇ ਵੱਧ ਕੁਝ ਵਾਪਰ ਰਿਹਾ ਹੁੰਦਾ ਹੈ ਜਿੰਨਾ ਤੁਸੀਂ ਆਪਣੀਆਂ ਇੰਦਰੀਆਂ ਰਾਹੀਂ ਜਾਣ ਸਕਦੇ ਹੋ। ਬਾਈਬਲ ਦੇ ਅਨੁਸਾਰ, ਇੱਕ ਅਦ੍ਰਿਸ਼ਟ ਲੋਕ ਹੈ, ਇੱਕ ਅਜਿਹਾ ਆਯਾਮ ਜੋ ਆਮ ਤੌਰ ਤੇ ਮਨੁੱਖਾਂ ਨੂੰ ਦਿਖਾਈ ਨਹੀਂ ਦਿੰਦਾ। ਅਦ੍ਰਿਸ਼ਟ ਪਰਮੇਸ਼ੁਰ ਸਮਰੱਥਾ ਅਤੇ ਪ੍ਰਬੰਧ ਨਾਲ ਭਰੇ ਹੋਏ ਇੱਕ ਅਦ੍ਰਿਸ਼ਟ ਰਾਜ ਉੱਤੇ ਪ੍ਰਭੁਤਾ ਕਰਦਾ ਹੈ, ਜੋ ਸਾਡੇ ਭੌਤਿਕ ਸੰਸਾਰ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਕਰਦਾ ਵੀ ਹੈ (ਕੁਲੁੱਸੀਆਂ ਅਧਿਆਇ 1 ਆਇਤ 15 ਤੋਂ 16; 2 ਕੁਰਿੰਥੀਆਂ ਅਧਿਆਇ 4 ਆਇਤ 18)। ਇਸ ਸਮੇਂ ਪਰਿਸਥਿਤੀਆਂ ਭਾਵੇਂ ਜਿਹੋ ਜਿਹੀਆਂ ਵੀ ਦਿਖਾਈ ਦੇਣ ਜਾਂ ਮਹਿਸੂਸ ਹੋਣ, ਹਕੀਕਤ ਇਹ ਹੈ—ਸਰਬਸ਼ਕਤੀਮਾਨ ਪਰਮੇਸ਼ੁਰ ਤੁਹਾਡੇ ਨਾਲ ਹੈ, ਅਤੇ ਤੁਹਾਡੇ ਵਿਰੁੱਧ ਅਜਿਹੀ ਕੋਈ ਗੱਲ ਨਹੀਂ ਆ ਸਕਦੀ ਜੋ ਉਸ ਤੋਂ ਵੱਡੀ ਹੋਵੇ। ਬਾਈਬਲ ਪ੍ਰਗਟ ਕਰਦੀ ਹੈ ਕਿ:

- ਪਰਮੇਸ਼ੁਰ ਸਰਬਵਿਆਪੀ ਹੈ, ਅਰਥਾਤ ਉਹ ਇੱਕੋ ਸਮੇਂ ਹਰ ਥਾਂ ਮੌਜੂਦ ਹੈ। ਅਜਿਹੀ ਕੋਈ ਥਾਂ ਨਹੀਂ ਜਿੱਥੇ ਪਰਮੇਸ਼ੁਰ ਨਾ ਹੋਵੇ। ਇਸ ਦਾ ਅਰਥ ਹੈ ਕਿ ਤੁਸੀਂ ਜਿੱਥੇ ਕਿਤੇ ਵੀ ਹੋਵੋ, ਉਹ ਉੱਥੇ ਹੀ ਹੈ (ਯਿਰਮਿਯਾਹ ਅਧਿਆਇ 23 ਆਇਤ 23 ਤੋਂ 24)।
- ਪਰਮੇਸ਼ੁਰ ਸਰਬਸ਼ਕਤੀਮਾਨ ਹੈ, ਅਰਥਾਤ ਉਹ ਸੰਪੂਰਨ ਸਮਰੱਥਾ ਨਾਲ ਭਰਪੂਰ ਹੈ। ਉਸ ਤੋਂ ਵੱਡਾ ਜਾਂ ਵਧੇਰੇ ਸ਼ਕਤੀਸ਼ਾਲੀ ਕੁਝ ਵੀ ਨਹੀਂ ਹੈ, ਅਤੇ ਉਸ ਦੀ ਸ਼ਕਤੀ ਅਤੇ ਪਰਾਕ੍ਰਮ ਦੇ ਸਾਹਮਣੇ ਕੁਝ ਵੀ ਟਿਕ ਨਹੀਂ ਸਕਦਾ (ਪ੍ਰਕਾਸ਼ ਦੀ ਪੋਥੀ ਅਧਿਆਇ 19 ਆਇਤ 6)।
- ਪਰਮੇਸ਼ੁਰ ਸਰਬਗਿਆਨੀ ਹੈ, ਅਰਥਾਤ ਉਹ ਸਭ ਕੁਝ ਜਾਣਦਾ ਹੈ। ਉਹ ਹੋਣ ਤੋਂ ਪਹਿਲਾਂ ਹੀ ਜਾਣਦਾ ਹੈ ਕਿ ਕੀ ਹੋਣ ਵਾਲਾ ਹੈ। ਇਸ ਦਾ ਅਰਥ ਹੈ ਕਿ ਕੋਈ ਗੱਲ ਉਸ ਨੂੰ ਅਚਾਨਕ ਹੈਰਾਨ ਨਹੀਂ ਕਰਦੀ ਜਾਂ ਉਸ ਨੂੰ ਉਲਝਣ ਵਿੱਚ ਨਹੀਂ ਪਾਂਦੀ। ਅਜਿਹੀ ਕੋਈ ਸਮੱਸਿਆ ਨਹੀਂ ਜਿਸ ਲਈ ਉਸ ਕੋਲ ਪਹਿਲਾਂ ਤੋਂ ਕੋਈ ਯੋਜਨਾ ਜਾਂ ਹੱਲ ਨਾ ਹੋਵੇ (ਯਸਾਯਾਹ ਅਧਿਆਇ 46 ਆਇਤ 9 ਤੋਂ 10)।

ਸਰਬਸ਼ਕਤੀਮਾਨ ਪਰਮੇਸ਼ੁਰ ਕੇਵਲ ਤੁਹਾਡੇ ਨਾਲ ਹੀ ਨਹੀਂ ਹੈ, ਉਹ ਤੁਹਾਡੇ ਪੱਖ ਵਿੱਚ ਵੀ ਹੈ। ਅਤੇ ਪ੍ਰਭੂ ਤੁਹਾਡੀ ਵੱਲੋਂ ਆਪਣੀ ਮਹਾਨਤਾ ਪ੍ਰਗਟ ਕਰਨ ਲਈ ਤਿਆਰ ਹੈ। ਉਸ ਨੇ ਤੁਹਾਡੇ ਪਾਪਾਂ ਲਈ ਯਿਸੂ ਨੂੰ ਮਰਨ ਵਾਸਤੇ ਭੇਜ ਕੇ ਇਹ ਸਾਬਤ ਕਰ ਦਿੱਤਾ। ਪਰਮੇਸ਼ੁਰ ਨੇ ਯਿਸੂ ਮਸੀਹ ਦੇ ਦੁਆਰਾ ਸਾਡੇ ਲਈ ਜੋ ਕੁਝ ਕੀਤਾ ਹੈ, ਉਸ ਦੇ ਸੰਦਰਭ ਵਿੱਚ ਰਸੂਲ ਪੌਲੁਸ ਨੇ ਇੱਕ ਅਲੰਕਾਰਿਕ ਪ੍ਰਸ਼ਨ ਪੁੱਛਿਆ, "ਜੇ ਪਰਮੇਸ਼ੁਰ ਸਾਡੇ ਪੱਖ ਵਿੱਚ ਹੈ, ਤਾਂ ਕੌਣ [ਜਾਂ ਕੀ] ਸਾਡੇ ਵਿਰੁੱਧ ਹੋ ਸਕਦਾ ਹੈ?" (ਰੋਮੀਆਂ ਅਧਿਆਇ 8 ਆਇਤ 31, ਕਿੰਗ ਜੇਮਜ਼ ਵਰਜ਼ਨ)। ਪੌਲੁਸ ਨੇ ਇਸ ਪ੍ਰਸ਼ਨ ਦੀ ਵਰਤੋਂ ਪ੍ਰਭਾਵ ਪੈਦਾ ਕਰਨ ਲਈ ਕੀਤੀ, ਕਿਉਂਕਿ ਇਸ ਦਾ ਉੱਤਰ ਸਪਸ਼ਟ ਹੈ। ਜੇ ਪਾਪ ਦੇ ਕਾਰਨ ਤੁਸੀਂ ਉਸ ਦੇ ਵੈਰੀ ਸਨ, ਤਦ ਵੀ ਪਰਮੇਸ਼ੁਰ ਨੇ ਆਪਣੀ ਇੱਛਾ ਨਾਲ ਯਿਸੂ ਨੂੰ ਤੁਹਾਡੇ ਲਈ ਮਰਨ ਵਾਸਤੇ ਭੇਜਿਆ, ਤਾਂ ਹੁਣ ਜਦੋਂ ਤੁਸੀਂ ਸਲੀਬ ਦੇ ਦੁਆਰਾ ਉਸ ਨਾਲ ਮੇਲ-ਮਿਲਾਪ ਕਰ ਚੁੱਕੇ ਹੋ, ਉਹ ਤੁਹਾਡੀ ਸਹਾਇਤਾ ਕਰਨ ਤੋਂ ਕਿਉਂ ਹਿਚਕਿਚਾਏਗਾ? (ਰੋਮੀਆਂ ਅਧਿਆਇ 5 ਆਇਤ 6 ਤੋਂ 10)।

ਬਾਈਬਲ ਦਾ ਨਿਯਮਿਤ ਅਤੇ ਕ੍ਰਮਬੱਧ ਪਾਠ ਤੁਹਾਨੂੰ ਹਕੀਕਤ ਦੀ ਵਧੇਰੇ ਸਹੀ ਸਮਝ ਦਿੰਦਾ ਹੈ। ਇਸ ਦੇ ਪੰਨਿਆਂ ਦੇ ਦੁਆਰਾ ਤੁਸੀਂ ਗੱਲਾਂ ਨੂੰ ਉਨ੍ਹਾਂ ਦੇ ਅਸਲ ਸਰੂਪ ਵਿੱਚ ਦੇਖਣਾ ਸ਼ੁਰੂ ਕਰਦੇ ਹੋ—ਪਰਮੇਸ਼ੁਰ ਤੁਹਾਡੇ ਨਾਲ ਹੈ ਅਤੇ ਤੁਹਾਡੇ ਪੱਖ ਵਿੱਚ ਹੈ, ਅਤੇ ਤੁਹਾਡੀ ਸਹਾਇਤਾ ਕਰਨ ਲਈ ਤਿਆਰ ਅਤੇ ਇੱਛੁਕ ਹੈ। "ਪਰਮੇਸ਼ੁਰ ਸਾਡਾ ਸ਼ਕਤੀਸ਼ਾਲੀ ਗੜ੍ਹ ਹੈ, ਅਤੇ ਸੰਕਟ ਦੇ ਸਮੇਂ ਸਦਾ ਸਹਾਇਤਾ ਕਰਨ ਲਈ ਤਿਆਰ ਰਹਿੰਦਾ ਹੈ" (ਜ਼ਬੂਰਾਂ ਦੀ ਪੋਥੀ ਅਧਿਆਇ 46 ਆਇਤ 1, ਕਾਂਟੈਂਪਰੇਰੀ ਇੰਗਲਿਸ਼ ਵਰਜ਼ਨ)। ਪਰਮੇਸ਼ੁਰ ਦਾ ਬਚਨ ਤੁਹਾਨੂੰ ਇਸ ਗੱਲ ਦਾ ਦ੍ਰਿੜ੍ਹ ਵਿਸ਼ਵਾਸ ਦਿਵਾਉਂਦਾ ਹੈ ਕਿ ਤੁਹਾਡੇ ਵਿਰੁੱਧ ਅਜਿਹੀ ਕੋਈ ਗੱਲ ਨਹੀਂ ਆ ਸਕਦੀ ਜੋ ਉਸ ਤੋਂ ਵੱਡੀ ਹੋਵੇ। ਇਹ ਨਵਾਂ ਦ੍ਰਿਸ਼ਟੀਕੋਣ ਤੁਹਾਨੂੰ ਆਪਣੀਆਂ ਪਰਿਸਥਿਤੀਆਂ ਵਿੱਚ ਵਿਸ਼ਵਾਸ ਅਤੇ ਪ੍ਰਭੂ ਉੱਤੇ ਭਰੋਸੇ ਨਾਲ ਪ੍ਰਤੀਕਿਰਿਆ ਕਰਨ ਦੇ ਯੋਗ ਬਣਾਉਂਦਾ ਹੈ, ਅਤੇ ਇਸ ਤਰ੍ਹਾਂ ਉਸ ਦੀ ਸਹਾਇਤਾ ਅਤੇ ਪ੍ਰਬੰਧ ਦਾ ਦਰਵਾਜ਼ਾ ਖੁੱਲ੍ਹ ਜਾਂਦਾ ਹੈ।

## ਅਸਲ ਜੀਵਨ ਦੀ ਇੱਕ ਉਦਾਹਰਨ।

ਪੁਰਾਣੇ ਨੇਮ ਵਿੱਚ ਸਾਡੇ ਲਈ ਸੁਰੱਖਿਅਤ ਰੱਖੇ ਗਏ ਇਤਿਹਾਸਕ ਬਿਰਤਾਂਤ ਵਿੱਚੋਂ ਇੱਕ ਉਦਾਹਰਨ ਉੱਤੇ ਵਿਚਾਰ ਕਰੋ। ਅਸਲ ਜੀਵਨ ਦੀ ਇਹ ਘਟਨਾ ਦਿਖਾਉਂਦੀ ਹੈ ਕਿ ਹਕੀਕਤ ਬਾਰੇ ਸਾਡਾ ਦ੍ਰਿਸ਼ਟੀਕੋਣ ਕਿਸੇ ਤੂਫ਼ਾਨ ਦਾ

ਸਾਹਮਣਾ ਕਰਦੇ ਸਮੇਂ ਸਾਡੇ ਕੰਮਾਂ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਇਹ ਅਸਲ ਲੋਕਾਂ ਦਾ ਸੱਚਾ ਬਿਰਤਾਂਤ ਹੈ, ਜਿਨ੍ਹਾਂ ਨੇ ਇੱਕ ਗੰਭੀਰ ਸਮੱਸਿਆ ਦਾ ਸਾਹਮਣਾ ਕੀਤਾ; ਅਤੇ ਹਕੀਕਤ ਬਾਰੇ ਆਪਣੇ ਦ੍ਰਿਸ਼ਟੀਕੋਣ ਅਤੇ ਉਸ ਤੋਂ ਬਾਅਦ ਕੀਤੇ ਆਪਣੇ ਕੰਮਾਂ ਦੇ ਕਾਰਨ, ਉਨ੍ਹਾਂ ਵਿੱਚੋਂ ਕੁਝ ਨੂੰ ਸਰਬਸ਼ਕਤੀਮਾਨ ਪਰਮੇਸ਼ੁਰ ਤੋਂ ਸਹਾਇਤਾ ਮਿਲੀ, ਜਦਕਿ ਦੂਜਿਆਂ ਨੂੰ ਨਹੀਂ ਮਿਲੀ।

ਲਗਭਗ 1490 ਈਸਾ ਪੂਰਵ, ਅਬਰਾਹਾਮ ਦੀ ਸੰਤਾਨ, ਅਰਥਾਤ ਯਹੂਦੀ ਜਾਂ ਇਸਰਾਏਲੀ, ਕਨਾਨ ਦੀ ਸਰਹੱਦ ਉੱਤੇ ਪਹੁੰਚੇ, ਜੋ ਅੱਜ ਦਾ ਇਸਰਾਏਲ ਹੈ। ਉਹ ਹਾਲ ਹੀ ਵਿੱਚ ਮਿਸਰ ਤੋਂ ਨਿਕਲੇ ਸਨ, ਜਿੱਥੇ ਉਹ ਕਈ ਸਾਲਾਂ ਤੱਕ ਗੁਲਾਮਾਂ ਵਜੋਂ ਮਿਹਨਤ ਕਰਦੇ ਰਹੇ ਸਨ। ਪ੍ਰਭੂ ਨੇ ਆਪਣੀ ਸਮਰੱਥਾ ਦੇ ਅਨੇਕਾਂ ਮਹਾਨ ਪ੍ਰਗਟਾਵਿਆਂ ਦੇ ਦੁਆਰਾ ਉਨ੍ਹਾਂ ਨੂੰ ਉਸ ਗੁਲਾਮੀ ਤੋਂ ਛੁਡਾਇਆ। ਫਿਰ ਮੂਸਾ ਨਾਮ ਦੇ ਇੱਕ ਵਿਅਕਤੀ ਦੀ ਅਗਵਾਈ ਹੇਠ ਇਸਰਾਏਲੀ ਆਪਣੇ ਪੁਰਖਿਆਂ ਦੇ ਦੇਸ਼ ਵਿੱਚ ਵਾਪਸ ਆਏ।

ਇਸਰਾਏਲੀਆਂ ਦੇ ਸਰਹੱਦ ਪਾਰ ਕਰਨ ਤੋਂ ਪਹਿਲਾਂ, ਮੂਸਾ ਨੇ ਭੇਤ ਲੈਣ ਦੇ ਉਦੇਸ਼ ਨਾਲ ਬਾਰ੍ਹਾਂ ਭੇਤੀਆਂ ਨੂੰ ਕਨਾਨ ਵਿੱਚ ਭੇਜਿਆ। ਚਾਲੀ ਦਿਨਾਂ ਦੀ ਖੋਜ-ਯਾਤਰਾ ਤੋਂ ਬਾਅਦ ਉਹ ਆਪਣਾ ਬਿਰਤਾਂਤ ਲੈ ਕੇ ਵਾਪਸ ਆਏ। ਕਨਾਨ ਭਰਪੂਰ ਪ੍ਰਬੰਧ ਨਾਲ ਭਰਿਆ ਹੋਇਆ ਇੱਕ ਸੁੰਦਰ ਦੇਸ਼ ਸੀ। ਪਰ ਉੱਥੇ ਭਿਆਨਕ ਰੁਕਾਵਟਾਂ ਵੀ ਸਨ—ਚਾਰਦੀਵਾਰੀ ਨਾਲ ਘਿਰੇ ਹੋਏ ਸ਼ਹਿਰ, ਯੁੱਧਪ੍ਰੀ ਕਬੀਲੇ ਅਤੇ ਅਸਾਧਾਰਣ ਤੌਰ ਤੇ ਵਿਸ਼ਾਲਕਾਇ ਲੋਕ। ਭਾਵੇਂ ਸਾਰੇ ਭੇਤੀ ਆਪਣੇ ਬਿਰਤਾਂਤ ਬਾਰੇ ਸਹਿਮਤ ਸਨ, ਫਿਰ ਵੀ ਅੱਗੇ ਕੀ ਕਰਨਾ ਚਾਹੀਦਾ ਹੈ, ਇਸ ਬਾਰੇ ਉਨ੍ਹਾਂ ਦੇ ਵਿਚਾਰ ਬਹੁਤ ਵੱਖਰੇ ਸਨ। ਦੋ ਭੇਤੀਆਂ, ਯਹੋਸ਼ੁਆ ਅਤੇ ਕਾਲੇਬ ਨੇ ਇਹ ਨਤੀਜਾ ਕੱਢਿਆ ਕਿ ਰੁਕਾਵਟਾਂ ਦੇ ਬਾਵਜੂਦ ਉਨ੍ਹਾਂ ਨੂੰ ਉਸ ਦੇਸ਼ ਵਿੱਚ ਦਾਖ਼ਲ ਹੋ ਕੇ ਉਸ ਉੱਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ। ਬਾਕੀ ਦਸ ਇਸ ਗੱਲ ਬਾਰੇ ਪੱਕੇ ਸਨ ਕਿ ਜੇ ਉਹ ਕਨਾਨ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨਗੇ, ਤਾਂ ਉਹ ਸਾਰੇ ਮਾਰੇ ਜਾਣਗੇ।

"[ਯਹੋਸ਼ੁਆ ਨੇ ਕਿਹਾ,] '[ਪ੍ਰਭੂ] ਸਾਨੂੰ ਸੁਰੱਖਿਅਤ ਢੰਗ ਨਾਲ ਉਸ ਦੇਸ਼ ਵਿੱਚ ਲੈ ਜਾਵੇਗਾ ਅਤੇ ਉਹ ਸਾਨੂੰ ਦੇ ਦੇਵੇਗਾ... ਪ੍ਰਭੂ ਦੇ ਵਿਰੁੱਧ ਬਗਾਵਤ ਨਾ ਕਰੋ ਅਤੇ ਉਸ ਦੇਸ਼ ਦੇ ਲੋਕਾਂ ਤੋਂ ਨਾ ਡਰੋ। ਉਹ ਸਾਡੇ ਲਈ ਕੇਵਲ ਬੇਸਹਾਰਾ ਸ਼ਿਕਾਰ ਹਨ! ਉਨ੍ਹਾਂ ਕੋਲ ਕੋਈ ਸੁਰੱਖਿਆ ਨਹੀਂ ਹੈ, ਪਰ ਪ੍ਰਭੂ ਸਾਡੇ ਨਾਲ ਹੈ! ਉਨ੍ਹਾਂ ਤੋਂ ਨਾ ਡਰੋ!'" (ਗਿਣਤੀ ਅਧਿਆਇ 14 ਆਇਤ 8 ਤੋਂ 9)।

"[ਕਾਲੇਬ ਨੇ ਕਿਹਾ,] 'ਆਓ, ਅਸੀਂ ਤੁਰੰਤ ਉਸ ਦੇਸ਼ ਉੱਤੇ ਕਬਜ਼ਾ ਕਰਨ ਲਈ ਚੱਲੀਏ,' ਉਸ ਨੇ ਕਿਹਾ। 'ਅਸੀਂ ਨਿਸ਼ਚਤ ਹੀ ਉਸ ਨੂੰ ਜਿੱਤ ਸਕਦੇ ਹਾਂ।'" (ਗਿਣਤੀ ਅਧਿਆਇ 13 ਆਇਤ 30)।

"ਬਾਕੀ ਦਸਾਂ ਨੇ ਕਿਹਾ, 'ਅਸੀਂ ਉਨ੍ਹਾਂ ਲੋਕਾਂ ਦੇ ਵਿਰੁੱਧ ਨਹੀਂ ਜਾ ਸਕਦੇ ਜੋ ਉਸ ਦੇਸ਼ ਵਿੱਚ ਰਹਿੰਦੇ ਹਨ! ਉਹ ਸਾਡੇ ਨਾਲੋਂ ਵਧੇਰੇ ਤਾਕਤਵਰ ਹਨ… ਜਿਸ ਦੇਸ਼ ਦੀ ਅਸੀਂ ਖੋਜ ਕੀਤੀ ਹੈ, ਉਹ ਉੱਥੇ ਰਹਿਣ ਵਾਲਿਆਂ ਨੂੰ ਨਿਗਲ ਜਾਂਦਾ ਹੈ। ਉੱਥੇ ਅਸੀਂ ਜਿੰਨੇ ਵੀ ਲੋਕ ਦੇਖੇ, ਉਹ ਸਾਰੇ ਬਹੁਤ ਲੰਮੇ ਕੱਦ ਵਾਲੇ ਸਨ। ਅਸੀਂ ਉੱਥੇ ਦੈਂਤਾਂ ਨੂੰ ਵੀ ਦੇਖਿਆ, ਅਰਥਾਤ ਅਨਾਕ ਦੀ ਸੰਤਾਨ ਨੂੰ। ਸਾਨੂੰ ਤਾਂ ਉਨ੍ਹਾਂ ਦੇ ਸਾਹਮਣੇ ਆਪਣੇ ਆਪ ਨੂੰ ਟਿੱਡੀਆਂ ਵਰਗਾ ਮਹਿਸੂਸ ਹੋਇਆ, ਅਤੇ ਉਨ੍ਹਾਂ ਦੀ ਨਜ਼ਰ ਵਿੱਚ ਵੀ ਅਸੀਂ ਅਜਿਹੇ ਹੀ ਦਿਖਾਈ ਦਿੰਦੇ ਸੀ'" (ਗਿਣਤੀ ਅਧਿਆਇ 13 ਆਇਤ 31 ਤੋਂ 33)।

ਇਹ ਦੋਵੇਂ ਬਿਲਕੁਲ ਵੱਖਰੇ ਨਤੀਜੇ ਇਸ ਗੱਲ ਤੋਂ ਪੈਦਾ ਹੋਏ ਕਿ ਹਰੇਕ ਭੇਤੀ ਨੇ ਆਪਣੇ ਸਾਹਮਣੇ ਮੌਜੂਦ ਪਰਿਸਥਿਤੀਆਂ ਨੂੰ ਕਿਸ ਦ੍ਰਿਸ਼ਟੀ ਨਾਲ ਦੇਖਿਆ। ਉਨ੍ਹਾਂ ਦਸ ਭੇਤੀਆਂ ਨੇ ਪਰਿਸਥਿਤੀ ਦਾ ਮੁਲਾਂਕਣ ਕੇਵਲ ਉਸ ਆਧਾਰ ਉੱਤੇ ਕੀਤਾ ਜੋ ਉਨ੍ਹਾਂ ਦੀਆਂ ਅੱਖਾਂ ਨੂੰ ਦਿਖਾਈ ਦੇ ਰਿਹਾ ਸੀ। ਪਰ ਯਹੋਸ਼ੁਆ ਅਤੇ ਕਾਲੇਬ ਨੇ ਉਸ ਦਾ ਮੁਲਾਂਕਣ ਉਨ੍ਹਾਂ ਅਦ੍ਰਿਸ਼ਟ ਸੱਚਾਈਆਂ ਦੇ ਆਧਾਰ ਉੱਤੇ ਕੀਤਾ। ਭਾਵੇਂ ਉਹ ਸਰਬਸ਼ਕਤੀਮਾਨ ਪਰਮੇਸ਼ੁਰ ਨੂੰ ਆਪਣੀਆਂ ਅੱਖਾਂ ਨਾਲ ਨਹੀਂ ਦੇਖ ਸਕਦੇ ਸਨ, ਫਿਰ ਵੀ ਉਹ ਵਿਸ਼ਵਾਸ ਕਰਦੇ ਸਨ ਕਿ ਉਹ ਉਨ੍ਹਾਂ ਦੇ ਨਾਲ ਹੈ ਅਤੇ ਉਨ੍ਹਾਂ ਦੀ ਸਹਾਇਤਾ ਕਰੇਗਾ। ਕਾਲੇਬ ਅਤੇ ਯਹੋਸ਼ੁਆ ਨੂੰ ਇਹ ਵਿਸ਼ਵਾਸ ਖੁਦ ਪ੍ਰਭੂ ਤੋਂ ਮਿਲਿਆ ਸੀ, ਜਦੋਂ ਉਸ ਨੇ ਮੂਸਾ ਨੂੰ ਇਸਰਾਏਲ ਨੂੰ ਮਿਸਰ ਵਿੱਚੋਂ ਬਾਹਰ ਕੱਢਣ ਲਈ ਬੁਲਾਇਆ ਸੀ। ਪ੍ਰਭੂ ਪਰਮੇਸ਼ੁਰ ਨੇ ਮੂਸਾ ਨਾਲ ਵਾਅਦਾ ਕੀਤਾ ਸੀ ਕਿ ਉਹ ਨਾ ਕੇਵਲ ਇਸਰਾਏਲ ਨੂੰ ਮਿਸਰ ਦੀ ਗੁਲਾਮੀ ਤੋਂ ਛੁਡਾਵੇਗਾ, ਸਗੋਂ ਉਨ੍ਹਾਂ ਨੂੰ ਸੁਰੱਖਿਅਤ ਢੰਗ ਨਾਲ ਕਨਾਨ ਦੇ ਦੇਸ਼ ਵਿੱਚ ਵੀ ਪਹੁੰਚਾਵੇਗਾ (ਕੂਚ ਅਧਿਆਇ 3 ਆਇਤ 8; ਕੂਚ ਅਧਿਆਇ 6 ਆਇਤ 6 ਤੋਂ 8)।

ਜਦੋਂ ਉਨ੍ਹਾਂ ਬਾਰ੍ਹਾਂ ਭੇਤੀਆਂ ਨੇ ਆਪਣੀਆਂ-ਆਪਣੀਆਂ ਰਿਪੋਰਟਾਂ ਪੂਰੀ ਇਸਰਾਏਲੀ ਸਭਾ ਦੇ ਸਾਹਮਣੇ ਪੇਸ਼ ਕੀਤੀਆਂ, ਤਾਂ ਸਾਰੀ ਪਰਜਾ ਨੇ ਉਸ ਦੇਸ਼ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਨਾ ਕਰਨ ਦਾ ਫ਼ੈਸਲਾ ਕੀਤਾ। ਭਾਵੇਂ ਪ੍ਰਭੂ ਉਨ੍ਹਾਂ ਦੇ ਨਾਲ ਸੀ ਅਤੇ ਉਨ੍ਹਾਂ ਲਈ ਯੁੱਧ ਕਰਨ ਨੂੰ ਤਿਆਰ ਸੀ, ਫਿਰ ਵੀ ਉਨ੍ਹਾਂ ਨੇ ਆਪਣੇ ਆਪ ਨੂੰ ਬੇਸਹਾਰਾ ਸਮਝਿਆ। ਉਸ ਦੇਸ਼ ਵਿੱਚ ਦਾਖ਼ਲ ਹੋਣ ਦੀ ਬਜਾਇ, ਉਸ ਪੂਰੀ ਪੀੜ੍ਹੀ ਨੇ ਅਗਲੇ ਚਾਲੀ ਸਾਲ ਮਿਸਰ ਅਤੇ ਕਨਾਨ ਦੇ ਵਿਚਕਾਰ ਸਥਿਤ ਉਜਾੜ ਵਿੱਚ ਭਟਕਦਿਆਂ ਬਿਤਾਏ। ਉਨ੍ਹਾਂ ਦੀ ਹਾਰ ਕਨਾਨ ਦੇ ਲੋਕਾਂ ਦੇ ਕਾਰਨ ਨਹੀਂ ਹੋਈ, ਸਗੋਂ ਇਸ ਕਾਰਨ ਹੋਈ ਕਿ ਉਨ੍ਹਾਂ ਨੇ ਆਪਣੀ ਪਰਿਸਥਿਤੀ ਨੂੰ ਕਿਸ ਤਰ੍ਹਾਂ ਦੇਖਿਆ। ਇਸਰਾਏਲੀ ਤੂਫ਼ਾਨ ਤੋਂ ਨਹੀਂ ਹਾਰੇ; ਉਹ ਹਕੀਕਤ ਬਾਰੇ ਆਪਣੀ ਹੀ ਧਾਰਣਾ ਦੇ ਕਾਰਨ ਹਾਰ ਗਏ। ਵੀਹ ਲੱਖ ਤੋਂ ਵੀ ਵੱਧ ਲੋਕਾਂ ਵਿੱਚੋਂ ਅੰਤ ਵਿੱਚ ਕੇਵਲ ਕਾਲੇਬ ਅਤੇ ਯਹੋਸ਼ੁਆ ਹੀ ਉਸ ਦੇਸ਼ ਵਿੱਚ ਜਾ ਕੇ ਵੱਸ ਸਕੇ ਜਿਸ ਦਾ ਪਰਮੇਸ਼ੁਰ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ।

## ਯਹੋਸ਼ੁਆ ਅਤੇ ਕਾਲੇਬ ਵੱਖਰੇ ਕਿਉਂ ਸਨ?

ਯਹੋਸ਼ੁਆ ਅਤੇ ਕਾਲੇਬ ਇਸ ਲਈ ਵੱਖਰੇ ਸਨ ਕਿਉਂਕਿ ਪਰਮੇਸ਼ੁਰ ਦੇ ਬਚਨ ਨੇ ਉਨ੍ਹਾਂ ਦੀ ਸੋਚ ਅਤੇ ਉਨ੍ਹਾਂ ਦੀ ਦ੍ਰਿਸ਼ਟੀ ਨੂੰ ਆਕਾਰ ਦਿੱਤਾ ਸੀ। ਉਨ੍ਹਾਂ ਨੇ ਆਪਣੀਆਂ ਪਰਿਸਥਿਤੀਆਂ ਨੂੰ ਉਸੇ ਦ੍ਰਿਸ਼ਟੀਕੋਣ ਤੋਂ ਦੇਖਿਆ ਅਤੇ ਉਸੇ ਦੇ ਅਨੁਸਾਰ ਤੂਫ਼ਾਨ ਦਾ ਸਾਹਮਣਾ ਕੀਤਾ। ਇਤਿਹਾਸ ਸਾਨੂੰ ਇਹ ਨਹੀਂ ਦੱਸਦਾ ਕਿ ਯਹੋਸ਼ੁਆ ਅਤੇ ਕਾਲੇਬ ਨੇ ਹਕੀਕਤ ਪ੍ਰਤੀ ਅਜਿਹੀ ਦ੍ਰਿਸ਼ਟੀ ਕਿਸ ਤਰ੍ਹਾਂ ਵਿਕਸਿਤ ਕੀਤੀ। ਫਿਰ ਵੀ, ਸਾਨੂੰ ਇਸ ਦਾ ਇੱਕ ਸੰਕੇਤ ਉਸ ਗੱਲ ਤੋਂ ਮਿਲਦਾ ਹੈ ਜੋ ਪ੍ਰਭੂ ਨੇ ਖੁਦ ਯਹੋਸ਼ੁਆ ਨੂੰ ਕਹੀ ਸੀ।

ਜਦੋਂ ਉਜਾੜ ਵਿੱਚ ਭਟਕਣ ਦੇ ਚਾਲੀ ਸਾਲ ਪੂਰੇ ਹੋ ਗਏ ਅਤੇ ਕਨਾਨ ਦੇ ਦੇਸ਼ ਵਿੱਚ ਦੁਬਾਰਾ ਦਾਖ਼ਲ ਹੋਣ ਦਾ ਸਮਾਂ ਆਇਆ, ਤਾਂ ਪਰਮੇਸ਼ੁਰ ਨੇ ਅਗਲੀ ਪੀੜ੍ਹੀ ਦੇ ਇਸਰਾਏਲੀਆਂ ਦੀ ਅਗਵਾਈ ਕਰਨ ਲਈ ਯਹੋਸ਼ੁਆ ਨੂੰ ਚੁਣਿਆ। ਉਸ ਸਮੇਂ ਵੀ ਕਨਾਨ ਅਜਿਹਾ ਦੇਸ਼ ਸੀ ਜਿੱਥੇ ਡਰ ਪੈਦਾ ਕਰਨ ਵਾਲੇ ਤਾਕਤਵਰ ਦੁਸ਼ਮਣ ਵੱਸਦੇ ਸਨ। ਪਰ ਪਰਮੇਸ਼ੁਰ ਨੇ ਯਹੋਸ਼ੁਆ ਨਾਲ ਵਾਅਦਾ ਕੀਤਾ ਕਿ ਜੇ ਉਹ ਪਵਿੱਤਰ-ਸ਼ਾਸਤਰ ਉੱਤੇ ਮਨਨ ਕਰੇਗਾ, ਤਾਂ ਉਹ ਉਸ ਦੇਸ਼ ਨੂੰ ਜਿੱਤਣ ਵਿੱਚ ਸਫਲ ਹੋਵੇਗਾ। **ਮਨਨ ਕਰਨਾ** ਦਾ ਅਰਥ ਹੈ—ਆਪਣੇ ਵਿਚਾਰਾਂ ਨੂੰ ਕਿਸੇ ਗੱਲ ਉੱਤੇ ਕੇਂਦਰਿਤ ਕਰਨਾ, ਉਸ ਬਾਰੇ ਡੂੰਘਾਈ ਨਾਲ ਵਿਚਾਰ ਕਰਨਾ ਅਤੇ ਵਾਰ-ਵਾਰ ਉਸ ਦਾ ਚਿੰਤਨ ਕਰਨਾ।

"ਬਲਵਾਨ ਅਤੇ ਹੌਸਲਾ ਰੱਖ... ਉਨ੍ਹਾਂ ਸਾਰੀਆਂ ਬਿਵਸਥਾਵਾਂ ਦੇ ਅਨੁਸਾਰ ਚੱਲਣਾ ਜਿਨ੍ਹਾਂ ਦੀ ਆਗਿਆ ਮੇਰੇ ਦਾਸ ਮੂਸਾ ਨੇ ਤੈਨੂੰ ਦਿੱਤੀ ਹੈ। ਉਨ੍ਹਾਂ ਤੋਂ ਨਾ ਸੱਜੇ ਮੁੜਨਾ ਅਤੇ ਨਾ ਖੱਬੇ, ਤਾਂ ਜੋ ਜਿੱਥੇ ਕਿਤੇ ਤੂੰ ਜਾਵੇਂ ਉੱਥੇ ਸਫਲਤਾ ਪਾਵੇਂ। ਬਿਵਸਥਾ ਦੀ ਇਹ ਪੁਸਤਕ ਤੇਰੇ ਮੂੰਹ ਤੋਂ ਕਦੇ ਵੱਖਰੀ ਨਾ ਹੋਵੇ, ਸਗੋਂ ਦਿਨ-ਰਾਤ ਉਸ ਉੱਤੇ ਮਨਨ ਕਰਨਾ, ਤਾਂ ਜੋ ਜੋ ਕੁਝ ਉਸ ਵਿੱਚ ਲਿਖਿਆ ਹੈ ਉਸ ਦੇ ਅਨੁਸਾਰ ਕਰਨ ਦੀ ਸਾਵਧਾਨੀ ਰੱਖੇ; ਕਿਉਂਕਿ ਤਦ ਤੂੰ ਆਪਣੇ ਰਾਹ ਵਿੱਚ ਸਫਲ ਹੋਵੇਂਗਾ ਅਤੇ ਤਦ ਹੀ ਤੇਰਾ ਕੰਮ ਸਿਰੇ ਚੜ੍ਹੇਗਾ।" (ਯਹੋਸ਼ੁਆ ਅਧਿਆਇ 1 ਆਇਤ 6 ਤੋਂ 8)

ਜਦੋਂ ਪਰਮੇਸ਼ੁਰ ਨੇ ਇਹ ਗੱਲਾਂ ਯਹੋਸ਼ੁਆ ਨੂੰ ਕਹੀਆਂ, ਉਸ ਸਮੇਂ ਬਾਈਬਲ ਨੂੰ ਬਿਵਸਥਾ ਦੀ ਪੁਸਤਕ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਉਸ ਸਮੇਂ ਇਸ ਵਿੱਚ ਕੇਵਲ ਉਹ ਪੰਜ ਪੁਸਤਕਾਂ ਸਨ ਜਿਨ੍ਹਾਂ ਨੂੰ ਮੂਸਾ ਨੇ ਇਸਰਾਏਲੀਆਂ ਦੇ ਉਜਾੜ ਵਿੱਚ ਭਟਕਣ ਦੌਰਾਨ ਲਿਖਿਆ ਸੀ। ਮੂਸਾ ਤੋਂ ਬਾਅਦ ਅਗਲਾ ਆਗੂ ਹੋਣ ਦੇ ਕਾਰਨ ਯਹੋਸ਼ੁਆ ਨੇ ਨਿਸ਼ਚਤ ਹੀ ਮੂਸਾ ਦੇ ਨਾਲ ਬੈਠ ਕੇ ਇਨ੍ਹਾਂ ਲਿਖਤਾਂ ਦਾ ਵਾਰ-ਵਾਰ ਅਧਿਐਨ ਕੀਤਾ ਹੋਵੇਗਾ। ਉਨ੍ਹਾਂ ਵਿੱਚ ਸਰਬਸ਼ਕਤੀਮਾਨ ਪਰਮੇਸ਼ੁਰ ਦੀਆਂ ਸਪਸ਼ਟ ਆਗਿਆਵਾਂ ਸਨ, ਨਾਲ ਹੀ ਉਸ ਸਮੇਂ ਤੱਕ ਦੇ ਇਸਰਾਏਲ ਦੇ ਇਤਿਹਾਸ ਦਾ ਵੀ ਵਰਣਨ ਸੀ। ਹਕੀਕਤ ਪ੍ਰਤੀ ਯਹੋਸ਼ੁਆ ਦੀ ਦ੍ਰਿਸ਼ਟੀ ਉਸ ਵਾਅਦੇ ਤੋਂ ਬਣੀ ਸੀ ਜਿਸ ਨੂੰ ਪ੍ਰਭੂ ਨੇ ਵਾਰ-ਵਾਰ ਦੁਹਰਾਇਆ ਸੀ ਕਿ ਜੋ ਲੋਕ ਉਸ ਉੱਤੇ ਭਰੋਸਾ ਰੱਖਦੇ ਹਨ ਅਤੇ ਉਸ ਦੀ ਆਗਿਆ ਮੰਨਦੇ ਹਨ, ਉਨ੍ਹਾਂ ਨੂੰ ਉਹ ਜ਼ਰੂਰ ਛੁਡਾਉਂਦਾ ਹੈ। ਇਸ ਤੋਂ ਇਲਾਵਾ, ਇਤਿਹਾਸ ਵਿੱਚ ਅਜਿਹੀਆਂ ਅਨੇਕਾਂ ਉਦਾਹਰਨਾਂ ਵੀ ਸਨ ਜਿੱਥੇ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਦੁਸ਼ਮਣਾਂ ਉੱਤੇ ਜਿੱਤ ਪ੍ਰਦਾਨ ਕੀਤੀ ਸੀ।

ਯਹੋਸ਼ੁਆ ਅਤੇ ਕਾਲੇਬ ਪ੍ਰਭੂ ਦੇ ਬਚਨਾਂ ਦੀ ਸੱਚਾਈ ਬਾਰੇ ਇੰਨੇ ਦ੍ਰਿੜ੍ਹ ਵਿਸ਼ਵਾਸ ਨਾਲ ਭਰ ਗਏ ਸਨ ਕਿ ਜਦੋਂ ਉਨ੍ਹਾਂ ਦੀਆਂ ਅੱਖਾਂ ਨੂੰ ਦਿਖਾਈ ਦੇਣ ਵਾਲੀਆਂ ਗੱਲਾਂ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਵੀ ਪਵਿੱਤਰ-ਸ਼ਾਸਤਰ ਦੇ ਉਲਟ ਦਿਖਾਈ ਦਿੰਦੀਆਂ ਸਨ, ਤਦ ਵੀ ਉਨ੍ਹਾਂ ਨੇ ਪਰਮੇਸ਼ੁਰ ਦਾ ਹੀ ਪੱਖ ਲਿਆ। ਪਰਮੇਸ਼ੁਰ ਦੀ ਬਿਵਸਥਾ ਉਨ੍ਹਾਂ ਦੇ ਵਿਚਾਰਾਂ ਉੱਤੇ ਇਸ ਤਰ੍ਹਾਂ ਪ੍ਰਭੁਤਾ ਰੱਖਦੀ ਸੀ ਕਿ ਉਸੇ ਨੇ ਇਹ ਨਿਰਧਾਰਤ ਕੀਤਾ ਕਿ ਉਹ ਆਪਣੀਆਂ ਪਰਿਸਥਿਤੀਆਂ ਦਾ ਸਾਹਮਣਾ ਕਿਵੇਂ ਕਰਨਗੇ। ਉਨ੍ਹਾਂ ਦੀ ਪ੍ਰਤੀਕਿਰਿਆ ਕੋਈ ਅਜਿਹਾ ਸੂਤਰ ਜਾਂ ਤਕਨੀਕ ਨਹੀਂ ਸੀ ਜਿਸ ਨੂੰ ਸਹੀ ਢੰਗ ਨਾਲ ਅਪਣਾਉਣ ਨਾਲ ਮੁਸ਼ਕਲਾਂ ਖ਼ਤਮ ਹੋ ਜਾਂਦੀਆਂ। ਉਹ ਤਾਂ ਉਨ੍ਹਾਂ ਦੀ ਦ੍ਰਿਸ਼ਟੀ ਸੀ। ਇਨ੍ਹਾਂ ਦੋਵਾਂ ਮਨੁੱਖਾਂ ਨੇ ਪਰਿਸਥਿਤੀਆਂ ਨੂੰ ਉਸੇ ਤਰ੍ਹਾਂ ਦੇਖਿਆ ਜਿਵੇਂ ਉਹ ਅਸਲ ਵਿੱਚ ਪਰਮੇਸ਼ੁਰ ਦੀ ਨਜ਼ਰ ਵਿੱਚ ਸਨ, ਅਤੇ ਇਸੇ ਕਾਰਨ ਉਹ ਕਿੰਨੀਆਂ ਵੀ ਭਿਆਨਕ ਪਰਿਸਥਿਤੀਆਂ ਤੋਂ ਡਗਮਗਾਏ ਨਹੀਂ।

ਨਵੇਂ ਨੇਮ ਦਾ ਨਿਯਮਿਤ ਤੌਰ ਤੇ ਅਧਿਐਨ ਕਰਨ ਨਾਲ ਤੁਹਾਡੀ ਦ੍ਰਿਸ਼ਟੀ ਬਦਲ ਜਾਵੇਗੀ। ਤਦੋਂ ਤੁਸੀਂ ਇਸ ਸਮਝ ਦੇ ਨਾਲ ਜੀਵਨ ਦਾ ਸਾਹਮਣਾ ਕਰੋਗੇ ਕਿ ਤੁਹਾਡੇ ਵਿਰੁੱਧ ਅਜਿਹੀ ਕੋਈ ਵੀ ਪਰਿਸਥਿਤੀ ਨਹੀਂ ਆ ਸਕਦੀ ਜੋ

ਪਰਮੇਸ਼ੁਰ ਤੋਂ ਵੱਡੀ ਹੋਵੇ, ਕਿਉਂਕਿ ਉਹੀ ਪਰਮੇਸ਼ੁਰ ਤੁਹਾਡੇ ਨਾਲ ਹੈ ਅਤੇ ਤੁਹਾਡੇ ਪੱਖ ਵਿੱਚ ਹੈ। ਅਤੇ ਤਦੋਂ, ਯਹੋਸ਼ੁਆ ਅਤੇ ਕਾਲੇਬ ਵਾਂਗ, ਤੁਸੀਂ ਵੀ ਹਰ ਤੂਫ਼ਾਨ ਦਾ ਸਾਹਮਣਾ ਵਿਸ਼ਵਾਸ ਅਤੇ ਪ੍ਰਭੂ ਉੱਤੇ ਭਰੋਸਾ ਰੱਖਦਿਆਂ ਕਰੋਗੇ।

# 5

## ਪੂਰੀ ਤਰ੍ਹਾਂ ਦ੍ਰਿੜ ਵਿਸ਼ਵਾਸ।

ਇਸਰਾਏਲੀਆਂ ਵੱਲੋਂ ਕਨਾਨ ਦੇਸ਼ ਵਿੱਚ ਦਾਖ਼ਲ ਹੋਣ ਤੋਂ ਇਨਕਾਰ ਕਰਨ ਦੇ ਚਾਲੀ ਸਾਲ ਬਾਅਦ, ਉਨ੍ਹਾਂ ਦੀ ਸੰਤਾਨ ਨੇ ਪਰਮੇਸ਼ੁਰ ਦੇ ਬਚਨ ਉੱਤੇ ਵਿਸ਼ਵਾਸ ਕੀਤਾ ਅਤੇ ਸਰਹੱਦ ਪਾਰ ਕਰਕੇ ਉਸ ਦੇਸ਼ ਵਿੱਚ ਦਾਖ਼ਲ ਹੋ ਗਈ। ਉੱਥੇ ਅਨੇਕਾਂ ਰੁਕਾਵਟਾਂ ਹੋਣ ਦੇ ਬਾਵਜੂਦ ਪਰਮੇਸ਼ੁਰ ਨੇ ਉਨ੍ਹਾਂ ਨੂੰ ਸੁਰੱਖਿਅਤ ਢੰਗ ਨਾਲ ਉਸ ਦੇਸ਼ ਵਿੱਚ ਵਸਾ ਦਿੱਤਾ। ਸਰਬਸ਼ਕਤੀਮਾਨ ਪਰਮੇਸ਼ੁਰ ਨੇ ਆਪਣੀ ਕਿਰਪਾਲੂ ਸਮਰੱਥਾ ਨੂੰ ਉਨ੍ਹਾਂ ਦੇ ਵਿਸ਼ਵਾਸ ਦੇ ਦੁਆਰਾ ਉਨ੍ਹਾਂ ਦੀਆਂ ਪਰਿਸਥਿਤੀਆਂ ਵਿੱਚ ਕਾਰਜਸ਼ੀਲ ਕੀਤਾ। ਵਿਸ਼ਵਾਸ ਔਖੀਆਂ ਪਰਿਸਥਿਤੀਆਂ ਵਿੱਚ ਪ੍ਰਭੂ ਦੀ ਸਮਰੱਥਾ ਲਈ ਦਰਵਾਜ਼ਾ ਖੋਲ੍ਹ ਦਿੰਦਾ ਹੈ—ਉਹੀ ਸਮਰੱਥਾ ਜੋ ਦੈਂਤਾਂ ਨੂੰ ਹਰਾ ਦਿੰਦੀ ਹੈ, ਪਹਾੜਾਂ ਨੂੰ ਹਟਾ ਦਿੰਦੀ ਹੈ ਅਤੇ ਤੂਫ਼ਾਨਾਂ ਨੂੰ ਸ਼ਾਂਤ ਕਰ ਦਿੰਦੀ ਹੈ। ਆਓ ਦੇਖੀਏ ਕਿ ਇਹ ਇਸਰਾਏਲੀਆਂ ਦੇ ਜੀਵਨ ਵਿੱਚ ਕਿਵੇਂ ਪ੍ਰਗਟ ਹੋਇਆ ਅਤੇ ਸਾਡੇ ਜੀਵਨ ਵਿੱਚ ਇਹ ਕਿਹੋ ਜਿਹਾ ਦਿਖਾਈ ਦਿੰਦਾ ਹੈ।

### ਵਿਸ਼ਵਾਸ ਦੇ ਦੁਆਰਾ ਜਿੱਤ।

ਜਦੋਂ ਇਸਰਾਏਲੀਆਂ ਦੀ ਇਹ ਨਵੀਂ ਪੀੜ੍ਹੀ ਕਨਾਨ ਦੀ ਪਹਿਲੀ ਰੁਕਾਵਟ, ਅਰਥਾਤ ਮਜ਼ਬੂਤ ਅਤੇ ਉੱਚੀਆਂ ਸ਼ਹਿਰਪਨਾਹਾਂ ਵਾਲੇ ਯਰੀਹੋ ਨਗਰ ਦੇ ਸਾਹਮਣੇ ਪਹੁੰਚੀ, ਤਾਂ ਪਰਮੇਸ਼ੁਰ ਨੇ ਯਹੋਸ਼ੁਆ ਨੂੰ ਅਜਿਹੀ ਯੁੱਧ-ਯੋਜਨਾ ਦਿੱਤੀ ਜੋ ਦੇਖਣ ਵਿੱਚ ਬਹੁਤ ਅਸਾਧਾਰਣ ਜਾਪਦੀ ਸੀ। ਪ੍ਰਭੂ ਨੇ ਉਸ ਨੂੰ ਕਿਹਾ ਕਿ ਉਹ ਲੋਕਾਂ ਨੂੰ ਆਗਿਆ ਦੇਵੇ ਕਿ ਉਹ ਛੇ ਦਿਨਾਂ ਤੱਕ ਹਰ ਰੋਜ਼ ਇੱਕ ਵਾਰ ਨਗਰ ਦੀ ਪਰਿਕਰਮਾ ਕਰਨ। ਸੱਤਵੇਂ ਦਿਨ ਉਨ੍ਹਾਂ ਨੂੰ ਨਗਰ ਦੀ ਸੱਤ ਵਾਰ ਪਰਿਕਰਮਾ ਕਰਨੀ ਸੀ ਅਤੇ ਉਸ ਤੋਂ ਬਾਅਦ ਸਾਰਿਆਂ ਨੇ ਮਿਲ ਕੇ ਉੱਚੀ ਆਵਾਜ਼ ਵਿੱਚ ਜੈਕਾਰਾ ਲਗਾਉਣਾ ਸੀ। ਤਦ ਨਗਰ ਦੀ ਸ਼ਹਿਰਪਨਾਹ ਢਹਿ ਜਾਵੇਗੀ (ਯਹੋਸ਼ੁਆ ਅਧਿਆਇ 6 ਆਇਤ 2 ਤੋਂ 5)। ਇਸਰਾਏਲੀਆਂ ਨੇ ਓਹੀ ਕੀਤਾ ਜਿਵੇਂ ਪਰਮੇਸ਼ੁਰ ਨੇ ਆਗਿਆ ਦਿੱਤੀ ਸੀ। ਸ਼ਹਿਰਪਨਾਹ ਡਿੱਗ ਗਈ ਅਤੇ ਯਰੀਹੋ ਉੱਤੇ ਜਿੱਤ ਪ੍ਰਾਪਤ ਹੋਈ। ਉਨ੍ਹਾਂ ਦੀ ਇਹ ਜਿੱਤ ਉਨ੍ਹਾਂ ਦੀ ਆਪਣੀ ਸਮਰੱਥਾ ਨਾਲ ਨਹੀਂ, ਸਗੋਂ ਉਨ੍ਹਾਂ ਦੇ ਵਿਸ਼ਵਾਸ ਦੇ ਦੁਆਰਾ ਪਰਮੇਸ਼ੁਰ ਦੀ

ਸਮਰੱਥਾ ਨਾਲ ਹੋਈ। "ਵਿਸ਼ਵਾਸ ਹੀ ਦੇ ਦੁਆਰਾ ਯਰੀਹੋ ਦੀ ਸ਼ਹਿਰਪਨਾਹ, ਜਦੋਂ ਸੱਤ ਦਿਨਾਂ ਤੱਕ ਉਸ ਦੀ ਪਰਿਕਰਮਾ ਕੀਤੀ ਗਈ, ਤਾਂ ਡਿੱਗ ਪਈ।" (ਇਬਰਾਨੀਆਂ ਅਧਿਆਇ 11 ਆਇਤ 30)।

ਵਿਸ਼ਵਾਸ ਸ਼ਬਦ ਯੂਨਾਨੀ ਭਾਸ਼ਾ ਦੇ ਇੱਕ ਸ਼ਬਦ ਤੋਂ ਨਿਕਲਿਆ ਹੈ, ਜਿਸ ਦਾ ਅਰਥ ਹੈ ਦ੍ਰਿੜ੍ਹ ਵਿਸ਼ਵਾਸ ਜਾਂ ਅਡੋਲ ਨਿਸ਼ਚਾ। ਯਹੋਸ਼ੁਆ ਅਤੇ ਇਸਰਾਏਲੀ ਪਰਮੇਸ਼ੁਰ ਦੇ ਬਚਨ ਬਾਰੇ ਇੰਨੇ ਨਿਸ਼ਚਿਤ ਸਨ ਕਿ ਭਾਵੇਂ ਉਸ ਦੀ ਪੁਸ਼ਟੀ ਕਰਨ ਲਈ ਉਨ੍ਹਾਂ ਕੋਲ ਕੋਈ ਪ੍ਰਤੱਖ ਸਬੂਤ ਨਹੀਂ ਸੀ, ਫਿਰ ਵੀ ਉਨ੍ਹਾਂ ਨੇ ਉਹੀ ਕੀਤਾ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਕਰਨ ਦੀ ਆਗਿਆ ਦਿੱਤੀ ਸੀ, ਅਤੇ ਯਰੀਹੋ ਉੱਤੇ ਜਿੱਤ ਪ੍ਰਾਪਤ ਕੀਤੀ। ਉਹ ਪੁਰਾਣੇ ਨੇਮ ਦੇ ਅਜਿਹੇ ਇਕੱਲੇ ਲੋਕ ਨਹੀਂ ਸਨ ਜਿਨ੍ਹਾਂ ਨੇ ਵਿਸ਼ਵਾਸ ਦੇ ਦੁਆਰਾ ਪਰਮੇਸ਼ੁਰ ਦੀ ਸਮਰੱਥਾ ਨਾਲ ਜਿੱਤ ਪ੍ਰਾਪਤ ਕੀਤੀ। ਆਓ ਉਨ੍ਹਾਂ ਹੋਰ ਲੋਕਾਂ ਦੇ ਕੰਮਾਂ ਵੱਲ ਵੀ ਧਿਆਨ ਦੇਈਏ, ਜਿਨ੍ਹਾਂ ਨੇ ਯਹੋਸ਼ੁਆ ਅਤੇ ਕਾਲੇਬ ਵਾਂਗ ਆਪਣੇ ਜੀਵਨ ਦੇ ਤੂਫ਼ਾਨਾਂ ਦਾ ਸਾਹਮਣਾ ਕਰਦੇ ਸਮੇਂ ਪਰਮੇਸ਼ੁਰ ਤੋਂ ਅਸਲ ਸਹਾਇਤਾ ਪ੍ਰਾਪਤ ਕੀਤੀ।

"ਹੁਣ ਮੈਂ ਹੋਰ ਕੀ ਕਹਾਂ? ਜੇ ਮੈਂ ਗਿਦਾਊਨ, ਬਾਰਾਕ, ਸ਼ਿਮਸ਼ੋਨ, ਯਿਫ਼ਤਾਹ, ਦਾਊਦ, ਸਮੂਏਲ ਅਤੇ ਹੋਰ ਨਬੀਆਂ ਦੇ ਵਿਸ਼ਵਾਸ ਦੀਆਂ ਗੱਲਾਂ ਸੁਣਾਉਣ ਲੱਗਾਂ, ਤਾਂ ਸਮਾਂ ਘੱਟ ਪੈ ਜਾਵੇਗਾ। ਵਿਸ਼ਵਾਸ ਹੀ ਦੇ ਦੁਆਰਾ ਉਨ੍ਹਾਂ ਨੇ ਰਾਜ ਜਿੱਤ ਲਏ, ਨਿਆਂ ਦੇ ਨਾਲ ਰਾਜ ਕੀਤਾ ਅਤੇ ਪਰਮੇਸ਼ੁਰ ਦੇ ਵਾਅਦੇ ਪ੍ਰਾਪਤ ਕੀਤੇ।" (ਇਬਰਾਨੀਆਂ ਅਧਿਆਇ 11 ਆਇਤ 32)

"ਉਨ੍ਹਾਂ ਨੇ ਸ਼ੇਰਾਂ ਦੇ ਮੂੰਹ ਬੰਦ ਕੀਤੇ, ਭੜਕਦੀ ਅੱਗ ਦੀਆਂ ਲਪਟਾਂ ਨੂੰ ਬੁਝਾਇਆ, ਤਲਵਾਰ ਦੀ ਧਾਰ ਤੋਂ ਬਚ ਨਿਕਲੇ। ਉਨ੍ਹਾਂ ਦੀ ਨਿਰਬਲਤਾ ਸਮਰੱਥਾ ਵਿੱਚ ਬਦਲ ਗਈ। ਉਹ ਯੁੱਧ ਵਿੱਚ ਪਰਾਕ੍ਰਮੀ ਬਣੇ ਅਤੇ ਉਨ੍ਹਾਂ ਨੇ ਵਿਦੇਸ਼ੀ ਫ਼ੌਜਾਂ ਨੂੰ ਭੱਜਣ ਲਈ ਮਜਬੂਰ ਕਰ ਦਿੱਤਾ। ਇਸਤ੍ਰੀਆਂ ਨੇ ਆਪਣੇ ਮਰੇ ਹੋਏ ਪਿਆਰਿਆਂ ਨੂੰ ਦੁਬਾਰਾ ਜੀਉਂਦਾ ਪਾਇਆ।" (ਇਬਰਾਨੀਆਂ ਅਧਿਆਇ 11 ਆਇਤ 33 ਤੋਂ 35)

## ਗਿੜਗਿੜਾਉਣ ਨਾਲ ਕੁਝ ਪ੍ਰਾਪਤ ਨਹੀਂ ਹੁੰਦਾ।

ਅਕਸਰ ਜਦੋਂ ਮੁਸ਼ਕਲਾਂ ਆਉਂਦੀਆਂ ਹਨ, ਤਾਂ ਪਰਮੇਸ਼ੁਰ ਦੇ ਲੋਕ ਉਸ ਕੋਲ ਜਾ ਕੇ ਉਸ ਤੋਂ ਸਹਾਇਤਾ ਲਈ ਭੀਖ ਮੰਗਣ ਲੱਗ ਪੈਂਦੇ ਹਨ। ਪਰ ਪ੍ਰਭੂ ਅਜਿਹੇ ਲੋਕਾਂ ਨੂੰ ਨਹੀਂ ਲੱਭਦਾ ਜੋ ਗਿੜਗਿੜਾਉਂਦੇ ਰਹਿਣ। ਉਹ ਅਜਿਹੇ ਲੋਕਾਂ ਨੂੰ ਲੱਭਦਾ ਹੈ ਜੋ ਵਿਸ਼ਵਾਸ ਕਰਨ ਕਿ ਉਹ ਜ਼ਰੂਰ ਉਨ੍ਹਾਂ ਦੀ ਸਹਾਇਤਾ ਕਰੇਗਾ। "ਕਿਉਂਕਿ ਯਹੋਵਾਹ ਦੀਆਂ ਅੱਖਾਂ ਸਾਰੀ ਧਰਤੀ ਉੱਤੇ ਲੱਗੀਆਂ ਰਹਿੰਦੀਆਂ ਹਨ, ਤਾਂ ਜੋ ਉਹ ਉਨ੍ਹਾਂ ਲਈ ਆਪਣੀ ਸਮਰੱਥਾ ਪ੍ਰਗਟ ਕਰੇ ਜਿਨ੍ਹਾਂ ਦਾ ਮਨ ਉਸ ਵੱਲ ਪੂਰੀ ਤਰ੍ਹਾਂ ਲੱਗਾ ਰਹਿੰਦਾ ਹੈ।" (2 ਇਤਿਹਾਸ ਅਧਿਆਇ 16 ਆਇਤ 9)।

ਜਦੋਂ ਅਸੀਂ ਇਸ ਆਇਤ ਨੂੰ ਇਸ ਦੇ ਪੂਰੇ ਸੰਦਰਭ ਵਿੱਚ ਪੜ੍ਹਦੇ ਹਾਂ, ਤਾਂ ਸਾਨੂੰ ਪਤਾ ਲੱਗਦਾ ਹੈ ਕਿ ਪੂਰੀ ਤਰ੍ਹਾਂ ਸਮਰਪਿਤ ਮਨ ਉਹੀ ਹੈ ਜੋ ਪਰਮੇਸ਼ੁਰ ਉੱਤੇ ਭਰੋਸਾ ਰੱਖਦਾ ਹੈ ਅਤੇ ਉਸ ਦੇ ਬਚਨ ਉੱਤੇ ਵਿਸ਼ਵਾਸ ਕਰਦਾ ਹੈ। ਬਾਈਬਲ ਦਾ ਨਿਯਮਿਤ ਅਤੇ ਵਿਵਸਥਿਤ ਅਧਿਐਨ ਤੁਹਾਡੇ ਅੰਦਰ ਅਜਿਹਾ ਵਿਸ਼ਵਾਸ ਪੈਦਾ ਕਰੇਗਾ ਜੋ ਤੂਫ਼ਾਨ ਭਾਵੇਂ ਕਿੰਨਾ ਵੀ ਪ੍ਰਚੰਡ ਕਿਉਂ ਨਾ ਹੋਵੇ, ਫਿਰ ਵੀ ਪਰਮੇਸ਼ੁਰ ਦੇ ਬਚਨ ਉੱਤੇ ਅਡੋਲ ਬਣਿਆ ਰਹੇਗਾ।

## ਵਿਸ਼ਵਾਸ ਅਤੇ ਪਰਮੇਸ਼ੁਰ ਦਾ ਬਚਨ।

ਜੇ ਤੁਸੀਂ ਕੁਝ ਸਮੇਂ ਤੋਂ ਮਸੀਹੀ ਹੋ, ਤਾਂ ਸੰਭਵ ਹੈ ਕਿ ਤੁਸੀਂ ਇਹ ਬਚਨ ਅਨੇਕਾਂ ਵਾਰ ਸੁਣਿਆ ਹੋਵੇਗਾ: "ਸੋ ਵਿਸ਼ਵਾਸ ਸੁਣਨ ਤੋਂ ਪੈਦਾ ਹੁੰਦਾ ਹੈ, ਅਤੇ ਸੁਣਨਾ ਮਸੀਹ ਦੇ ਬਚਨ ਦੇ ਦੁਆਰਾ ਹੁੰਦਾ ਹੈ।" (ਰੋਮੀਆਂ ਅਧਿਆਇ 10 ਆਇਤ 17)।

ਵਿਸ਼ਵਾਸ ਸਾਨੂੰ ਪਰਮੇਸ਼ੁਰ ਦੇ ਬਚਨ ਦੇ ਦੁਆਰਾ ਪ੍ਰਾਪਤ ਹੁੰਦਾ ਹੈ, ਕਿਉਂਕਿ ਪਵਿੱਤਰ-ਸ਼ਾਸਤਰ ਸਰਬਸ਼ਕਤੀਮਾਨ ਪਰਮੇਸ਼ੁਰ ਨੂੰ ਸਾਡੇ ਸਾਹਮਣੇ ਪ੍ਰਗਟ ਕਰਦਾ ਹੈ। ਬਾਈਬਲ ਸਾਨੂੰ ਦੱਸਦੀ ਹੈ ਕਿ ਉਹ ਕਿਹੋ ਜਿਹਾ ਹੈ ਅਤੇ ਉਹ ਆਪਣੇ ਲੋਕਾਂ ਦੇ ਜੀਵਨ ਵਿੱਚ ਕਿਸ ਤਰ੍ਹਾਂ ਕੰਮ ਕਰਦਾ ਹੈ। ਆਪਣੇ ਲਿਖੇ ਹੋਏ ਬਚਨ ਦੇ ਦੁਆਰਾ ਪ੍ਰਭੂ ਸਾਨੂੰ ਆਪਣੀ ਸਮਰੱਥਾ, ਆਪਣੀ ਭਲਾਈ ਅਤੇ ਆਪਣੀ ਵਫ਼ਾਦਾਰੀ ਬਾਰੇ ਯਕੀਨ ਦਿਵਾਉਂਦਾ ਹੈ। ਵਿਸ਼ਵਾਸ, ਅਰਥਾਤ ਭਰੋਸਾ, ਇਸ ਸੱਚਾਈ ਪ੍ਰਤੀ ਸਾਡੇ ਦਿਲ ਦੀ ਪ੍ਰਤੀਕਿਰਿਆ ਹੈ। ਤੁਹਾਡੇ ਅੰਦਰ ਕਿੰਨਾ ਵਿਸ਼ਵਾਸ ਹੈ ਅਤੇ ਪਰਮੇਸ਼ੁਰ ਉੱਤੇ ਤੁਹਾਡਾ ਭਰੋਸਾ ਕਿੰਨਾ ਦ੍ਰਿੜ੍ਹ ਹੈ, ਇਹ ਸਿੱਧੇ ਤੌਰ ਤੇ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਤੁਸੀਂ ਉਸ ਦੇ ਬਚਨ ਦੇ ਦੁਆਰਾ ਉਸ ਨੂੰ ਕਿੰਨਾ ਜਾਣਦੇ ਹੋ।

ਤੁਸੀਂ ਉਸ ਉੱਤੇ ਵਿਸ਼ਵਾਸ ਨਹੀਂ ਕਰ ਸਕਦੇ ਜਿਸ ਨੂੰ ਤੁਸੀਂ ਜਾਣਦੇ ਹੀ ਨਹੀਂ। ਅਤੇ ਜੇ ਤੁਸੀਂ ਬਾਈਬਲ ਨੂੰ ਨਿਯਮਿਤ ਅਤੇ ਵਿਵਸਥਿਤ ਢੰਗ ਨਾਲ ਨਹੀਂ ਪੜ੍ਹਦੇ, ਤਾਂ ਅਜਿਹੀਆਂ ਬਹੁਤ ਸਾਰੀਆਂ ਗੱਲਾਂ ਹਨ ਜਿਨ੍ਹਾਂ ਬਾਰੇ ਤੁਸੀਂ ਨਹੀਂ ਜਾਣਦੇ। ਬਾਈਬਲ ਵਿੱਚ ਇਕੱਤੀ ਹਜ਼ਾਰ ਤੋਂ ਵੀ ਵੱਧ ਆਇਤਾਂ ਹਨ। ਜੇ ਤੁਸੀਂ ਉਨ੍ਹਾਂ ਵਿੱਚੋਂ ਇੱਕ ਹਜ਼ਾਰ ਆਇਤਾਂ ਪੜ੍ਹ ਲਈਆਂ ਹੋਣ ਅਤੇ ਸੈਂਕੜੇ ਆਇਤਾਂ ਤੁਹਾਨੂੰ ਮੂੰਹ-ਜ਼ਬਾਨੀ ਵੀ ਯਾਦ ਹੋਣ, ਤਾਂ ਵੀ ਲਗਭਗ ਤੀਹ ਹਜ਼ਾਰ ਆਇਤਾਂ ਅਜਿਹੀਆਂ ਹਨ ਜਿਨ੍ਹਾਂ ਤੋਂ ਤੁਸੀਂ ਅਜੇ ਵੀ ਅਣਜਾਣ ਹੋ। ਇੰਨਾ ਹੀ ਨਹੀਂ, ਜਿਹੜੀਆਂ ਆਇਤਾਂ ਨੂੰ ਤੁਸੀਂ ਜਾਣਦੇ ਹੋ, ਉਨ੍ਹਾਂ ਦੇ ਸੰਦਰਭ ਬਾਰੇ ਵੀ ਤੁਹਾਡੀ ਸਮਝ ਬਹੁਤ ਸੀਮਿਤ ਹੋ ਸਕਦੀ ਹੈ।

## "ਮੈਂ ਪਰਮੇਸ਼ੁਰ ਦੇ ਬਚਨ ਉੱਤੇ ਦ੍ਰਿੜ੍ਹਤਾ ਨਾਲ ਖੜ੍ਹੀ ਹਾਂ..."

ਕਦੇ-ਕਦੇ ਮੇਰੀ ਮੁਲਾਕਾਤ ਅਜਿਹੇ ਮਸੀਹੀਆਂ ਨਾਲ ਹੁੰਦੀ ਹੈ ਜੋ ਮੈਨੂੰ ਕਹਿੰਦੇ ਹਨ ਕਿ ਉਹ ਕਿਸੇ ਖ਼ਾਸ ਗੱਲ ਲਈ ਪਰਮੇਸ਼ੁਰ ਉੱਤੇ ਵਿਸ਼ਵਾਸ ਕਰ ਰਹੇ ਹਨ ਅਤੇ ਉਸ ਦੇ ਬਚਨ ਉੱਤੇ ਦ੍ਰਿੜ੍ਹਤਾ ਨਾਲ ਖੜ੍ਹੇ ਹਨ। ਉਨ੍ਹਾਂ ਦਾ ਅਰਥ ਇਹ ਹੁੰਦਾ ਹੈ ਕਿ ਉਹ ਆਸ ਕਰ ਰਹੇ ਹਨ ਕਿ ਪਰਮੇਸ਼ੁਰ ਉਨ੍ਹਾਂ ਦੀ ਪਰਿਸਥਿਤੀ ਵਿੱਚ ਉਨ੍ਹਾਂ ਦੀ ਇੱਛਾ ਅਨੁਸਾਰ ਕੰਮ ਕਰੇਗਾ। ਉਹ ਆਪਣੀ ਇਸ ਉਮੀਦ ਦਾ ਆਧਾਰ ਕਿਸੇ ਇੱਕ ਖ਼ਾਸ ਆਇਤ ਨੂੰ ਬਣਾਉਂਦੇ ਹਨ ਅਤੇ ਫਿਰ ਉਹੀ ਆਇਤ ਮੈਨੂੰ ਸੁਣਾਉਂਦੇ ਹਨ। ਪਰ ਅਨੇਕਾਂ ਵਾਰ, ਕਿਉਂਕਿ ਮੈਂ ਸਾਲਾਂ ਤੋਂ ਨਿਯਮਿਤ ਤੌਰ ਤੇ ਬਾਈਬਲ ਪੜ੍ਹਦੀ ਆ ਰਹੀ ਹਾਂ, ਮੈਂ ਤੁਰੰਤ ਸਮਝ ਜਾਂਦੀ ਹਾਂ ਕਿ ਉਨ੍ਹਾਂ ਨੇ ਉਸ ਆਇਤ ਨੂੰ ਉਸ ਦੇ ਅਸਲ ਸੰਦਰਭ ਤੋਂ ਪੂਰੀ ਤਰ੍ਹਾਂ ਵੱਖ ਕਰ ਦਿੱਤਾ ਹੈ ਅਤੇ ਉਸ ਨੂੰ ਆਪਣੀ ਪਰਿਸਥਿਤੀ ਉੱਤੇ ਅਣਉਚਿਤ ਢੰਗ ਨਾਲ ਲਾਗੂ ਕਰ ਰਹੇ ਹਨ। ਨਤੀਜੇ ਵਜੋਂ ਉਹ ਪਰਮੇਸ਼ੁਰ ਤੋਂ ਅਜਿਹੀ ਗੱਲ ਦੀ ਉਮੀਦ ਕਰ ਰਹੇ ਹੁੰਦੇ ਹਨ ਜਿਸ ਦਾ ਉਸ ਨੇ ਕਦੇ ਵਾਅਦਾ ਹੀ ਨਹੀਂ ਕੀਤਾ। ਇਸ ਲਈ ਬਹੁਤ ਸੰਭਵ ਹੈ ਕਿ ਅੰਤ ਵਿੱਚ ਉਨ੍ਹਾਂ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਵੇ।

ਮਸੀਹੀ ਸਮਾਜ ਵਿੱਚ ਜਿੱਤ ਪ੍ਰਾਪਤ ਕਰਨ ਅਤੇ ਜੈਵੰਤ ਹੋਣ ਬਾਰੇ ਬਹੁਤ ਕੁਝ ਕਿਹਾ ਜਾਂਦਾ ਹੈ। ਅਜਿਹੀਆਂ ਗੱਲਾਂ ਆਪਣੇ ਆਪ ਵਿੱਚ ਗਲਤ ਨਹੀਂ ਹਨ, ਕਿਉਂਕਿ ਬਾਈਬਲ ਵੀ ਮਸੀਹੀ ਜੀਵਨ ਦਾ ਵਰਣਨ ਕਰਨ ਲਈ ਇਨ੍ਹਾਂ ਅਤੇ ਅਜਿਹੇ ਹੀ ਅਨੇਕਾਂ ਸ਼ਬਦਾਂ ਦੀ ਵਰਤੋਂ ਕਰਦੀ ਹੈ। ਪਰ ਕੁਝ ਲੋਕ ਇਨ੍ਹਾਂ ਗੱਲਾਂ ਦਾ ਗਲਤ ਅਰਥ ਕੱਢ ਲੈਂਦੇ ਹਨ।

ਉਹ ਸੋਚਦੇ ਹਨ ਕਿ ਅਸੀਂ ਆਪਣੇ ਜੀਵਨ ਵਿੱਚੋਂ ਹਰ ਕਿਸਮ ਦੀ ਪਰੇਸ਼ਾਨੀ ਨੂੰ ਪੂਰੀ ਤਰ੍ਹਾਂ ਦੂਰ ਕਰ ਸਕਦੇ ਹਾਂ ਅਤੇ ਆਪਣੇ ਰਾਹ ਵਿੱਚ ਆਉਣ ਵਾਲੇ ਹਰ ਪਹਾੜ ਨੂੰ ਹਟਾ ਸਕਦੇ ਹਾਂ। ਪਰ ਇਹ ਸੱਚ ਨਹੀਂ ਹੈ। ਅਸੀਂ ਅਜਿਹੇ ਸੰਸਾਰ ਵਿੱਚ ਰਹਿੰਦੇ ਹਾਂ ਜੋ ਪਾਪ ਦੇ ਕਾਰਨ ਵਿਗੜ ਚੁੱਕਾ ਹੈ, ਅਤੇ ਮੁਸ਼ਕਲਾਂ ਸਾਡੇ ਸਾਰਿਆਂ ਦੇ ਜੀਵਨ ਵਿੱਚ ਆਉਂਦੀਆਂ ਹਨ। (ਯੂਹੰਨਾ ਅਧਿਆਇ 16 ਆਇਤ 33)।

ਕੁਝ ਮੁਸ਼ਕਲਾਂ ਦੇ ਪਹਾੜ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਹਟਾਇਆ ਜਾ ਸਕਦਾ ਹੈ। ਕੁਝ ਤੋਂ ਬਚਿਆ ਜਾ ਸਕਦਾ ਹੈ। ਪਰ ਕੁਝ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਉੱਤੇ ਚੜ੍ਹ ਕੇ ਤੁਹਾਨੂੰ ਪਾਰ ਜਾਣਾ ਪੈਂਦਾ ਹੈ ਜਾਂ ਜਿਨ੍ਹਾਂ ਦੇ ਵਿਚਕਾਰੋਂ ਰਾਹ ਬਣਾ ਕੇ ਨਿਕਲਣਾ ਪੈਂਦਾ ਹੈ। ਜੇ ਤੁਸੀਂ ਅਜਿਹੇ ਪਹਾੜ ਨੂੰ ਹਟਾਉਣ ਦੀ ਕੋਸ਼ਿਸ਼ ਕਰ ਰਹੇ ਹੋ ਜਿਸ ਉੱਤੇ ਅਸਲ ਵਿੱਚ ਚੜ੍ਹ ਕੇ ਪਾਰ ਜਾਣਾ ਜ਼ਰੂਰੀ ਹੈ, ਤਾਂ ਸੰਭਵ ਹੈ ਕਿ ਤੁਹਾਨੂੰ ਉਹ ਸਹਾਇਤਾ ਨਾ ਮਿਲੇ ਜਿਸ ਦੀ ਤੁਸੀਂ ਆਸ ਕਰ ਰਹੇ ਹੋ, ਕਿਉਂਕਿ ਤੁਸੀਂ ਪਰਮੇਸ਼ੁਰ ਤੋਂ ਅਜਿਹੀ ਗੱਲ ਕਰਨ ਦੀ ਉਮੀਦ ਕਰ ਰਹੇ ਹੋ ਜਿਸ ਦਾ ਉਸ ਨੇ ਵਾਅਦਾ ਨਹੀਂ ਕੀਤਾ। ਬਾਈਬਲ ਦਾ ਨਿਯਮਿਤ ਅਤੇ ਵਿਵਸਥਿਤ ਅਧਿਐਨ ਤੁਹਾਨੂੰ ਇਹ ਸਮਝਣ ਦੀ ਬੁੱਧੀ ਦਿੰਦਾ ਹੈ ਕਿ ਕਿਸੇ ਖ਼ਾਸ ਪਰਿਸਥਿਤੀ ਦਾ ਸਾਹਮਣਾ ਕਿਵੇਂ ਕਰਨਾ ਹੈ, ਅਤੇ ਇਹ ਪਛਾਣਨ ਵਿੱਚ ਸਹਾਇਤਾ ਕਰਦਾ ਹੈ ਕਿ ਕਿਹੜੇ ਪਹਾੜ ਹਟਾਏ ਜਾ ਸਕਦੇ ਹਨ ਅਤੇ ਕਿਹੜੇ ਨਹੀਂ।

## "ਮੈਨੂੰ ਪਤਾ ਹੈ ਕਿ ਮੈਂ ਇਹ ਆਇਤ ਕਿਤੇ ਪੜ੍ਹੀ ਸੀ..."

ਕਦੇ-ਕਦੇ ਮੇਰੀ ਮੁਲਾਕਾਤ ਅਜਿਹੇ ਲੋਕਾਂ ਨਾਲ ਹੁੰਦੀ ਹੈ ਜੋ ਕਿਸੇ ਵਿਸ਼ੇ ਬਾਰੇ ਆਪਣਾ ਵਿਚਾਰ ਦੱਸਦੇ ਹਨ ਅਤੇ ਫਿਰ ਕਹਿੰਦੇ ਹਨ ਕਿ ਬਾਈਬਲ ਵਿੱਚ ਉਨ੍ਹਾਂ ਦੀ ਗੱਲ ਦਾ ਸਮਰਥਨ ਕਰਨ ਵਾਲੀ ਇੱਕ ਆਇਤ ਹੈ। ਉਹ ਇਹ ਵੀ ਮੰਨਦੇ ਹਨ ਕਿ ਉਨ੍ਹਾਂ ਨੂੰ ਇਹ ਯਾਦ ਨਹੀਂ ਕਿ ਉਹ ਆਇਤ ਕਿੱਥੇ ਲਿਖੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਉਸ ਦੇ ਸ਼ਬਦ ਠੀਕ-ਠੀਕ ਯਾਦ ਹਨ। ਫਿਰ ਵੀ ਉਹ ਪੂਰੇ ਵਿਸ਼ਵਾਸ ਨਾਲ ਕਹਿੰਦੇ ਹਨ ਕਿ ਉਹ ਆਇਤ ਬਾਈਬਲ ਵਿੱਚ ਕਿਤੇ ਨਾ ਕਿਤੇ ਜ਼ਰੂਰ ਹੈ।

ਅਜਿਹੀ ਸਥਿਤੀ ਵਿੱਚ ਮੇਰਾ ਮਨ ਉਨ੍ਹਾਂ ਨੂੰ ਇਹ ਪੁੱਛਣ ਲਈ ਕਰਦਾ ਹੈ: ਜੇ ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਉਹ ਆਇਤ ਕਿੱਥੇ ਲਿਖੀ ਹੈ, ਤਾਂ ਉਹ ਇੰਨੇ ਨਿਸ਼ਚਿਤ ਕਿਵੇਂ ਹੋ ਸਕਦੇ ਹਨ ਕਿ ਉਸ ਵਿੱਚ ਉਹੀ ਲਿਖਿਆ ਹੈ ਜੋ ਉਹ ਸਮਝ ਰਹੇ ਹਨ? ਜੇ ਉਨ੍ਹਾਂ ਦੀ ਯਾਦ ਗਲਤ ਹੋਵੇ ਤਾਂ? ਜੇ ਉਨ੍ਹਾਂ ਨੇ ਉਸ ਆਇਤ ਨੂੰ ਉਸ ਦੇ ਅਸਲ ਸੰਦਰਭ ਤੋਂ ਵੱਖ ਕਰਕੇ ਸਮਝ ਲਿਆ ਹੋਵੇ ਤਾਂ? ਅਤੇ ਜੇ ਬਾਈਬਲ ਵਿੱਚ ਅਜਿਹੀ ਕੋਈ ਆਇਤ ਹੈ ਹੀ ਨਾ ਤਾਂ? ਬਦਕਿਸਮਤੀ ਨਾਲ, ਅਨੇਕਾਂ ਵਾਰ ਅਜਿਹਾ ਹੀ ਹੁੰਦਾ ਹੈ। ਤਦੋਂ ਉਹ ਆਪਣੇ ਵਿਸ਼ਵਾਸ ਦੀ ਨੀਂਹ ਅਜਿਹੀ ਗੱਲ ਉੱਤੇ ਰੱਖ ਰਹੇ ਹੁੰਦੇ ਹਨ ਜੋ ਪਰਮੇਸ਼ੁਰ ਨੇ ਕਦੇ ਕਹੀ ਹੀ ਨਹੀਂ।

ਮੈਂ ਸਮਝਦੀ ਹਾਂ ਕਿ ਸਾਡੇ ਸਾਰਿਆਂ ਨਾਲ ਅਜਿਹਾ ਹੁੰਦਾ ਹੈ ਕਿ ਅਸੀਂ ਕੋਈ ਹਿੱਸਾ ਪੜ੍ਹਦੇ ਹਾਂ ਅਤੇ ਬਾਅਦ ਵਿੱਚ ਭੁੱਲ ਜਾਂਦੇ ਹਾਂ ਕਿ ਉਹ ਕਿੱਥੇ ਲਿਖਿਆ ਸੀ। ਪਰ ਜੇ ਤੁਸੀਂ ਬਾਈਬਲ ਨੂੰ ਨਿਯਮਿਤ ਅਤੇ ਵਿਵਸਥਿਤ ਢੰਗ ਨਾਲ ਪੜ੍ਹਦੇ ਹੋ, ਤਾਂ ਉਸ ਆਇਤ ਨੂੰ ਦੁਬਾਰਾ ਲੱਭ ਲੈਣ ਦੀ ਸੰਭਾਵਨਾ ਕਿਤੇ ਵੱਧ ਹੁੰਦੀ ਹੈ। ਤੁਸੀਂ ਆਪਣੀ ਖੋਜ ਨੂੰ ਸੀਮਿਤ ਕਰ ਸਕਦੇ ਹੋ, ਕਿਉਂਕਿ ਤੁਹਾਨੂੰ ਯਾਦ ਰਹਿੰਦਾ ਹੈ ਕਿ ਹਾਲ ਹੀ ਦੇ ਦਿਨਾਂ ਵਿੱਚ ਤੁਸੀਂ ਬਾਈਬਲ ਦੇ ਕਿਹੜੇ ਭਾਗਾਂ ਦਾ

ਅਧਿਐਨ ਕਰ ਰਹੇ ਸੀ। ਅਤੇ ਜਿਵੇਂ-ਜਿਵੇਂ ਤੁਸੀਂ ਨਵੇਂ ਨੇਮ ਨਾਲ ਵਧੇਰੇ ਜਾਣੂ ਹੁੰਦੇ ਜਾਂਦੇ ਹੋ, ਤਿਵੇਂ-ਤਿਵੇਂ ਤੁਹਾਨੂੰ ਇਹ ਆਮ ਸਮਝ ਵੀ ਹੋਣ ਲੱਗਦੀ ਹੈ ਕਿ ਕਿਹੜੀਆਂ ਆਇਤਾਂ ਲਗਭਗ ਕਿੱਥੇ ਮਿਲਣਗੀਆਂ।

### "ਮੈਂ ਮਸੀਹੀ ਟੈਲੀਵਿਜ਼ਨ ਉੱਤੇ ਇੱਕ ਗਵਾਹੀ ਸੁਣੀ..."

ਜੀਵਨ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਸਮੇਂ, ਸਹਾਇਤਾ ਅਤੇ ਰਾਹਤ ਪ੍ਰਾਪਤ ਕਰਨ ਲਈ ਸਾਡੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਇਸ ਗੱਲ ਉੱਤੇ ਆਧਾਰਿਤ ਹੁੰਦੀਆਂ ਹਨ ਕਿ ਕਿਸੇ ਦੂਜੇ ਵਿਅਕਤੀ ਨੇ ਕੀ ਅਨੁਭਵ ਕੀਤਾ, ਨਾ ਕਿ ਇਸ ਉੱਤੇ ਕਿ ਪਰਮੇਸ਼ੁਰ ਨੇ ਖੁਦ ਆਪਣੇ ਬਚਨ ਵਿੱਚ ਕੀ ਕਿਹਾ ਹੈ। ਅਸੀਂ ਕਿਸੇ ਵਿਅਕਤੀ ਨੂੰ ਇਹ ਦੱਸਦੇ ਹੋਏ ਸੁਣਦੇ ਹਾਂ ਕਿ ਉਸ ਨੇ ਆਪਣੀ ਔਖੀ ਪਰਿਸਥਿਤੀ ਵਿੱਚ ਕੀ ਕੀਤਾ ਅਤੇ ਉਸ ਨੂੰ ਉਸ ਤੋਂ ਕਿਵੇਂ ਲਾਭ ਮਿਲਿਆ। ਫਿਰ ਅਸੀਂ ਵੀ ਉਹੀ ਕਰਨ ਲੱਗ ਪੈਂਦੇ ਹਾਂ। ਪਰ ਇਹ ਵਿਸ਼ਵਾਸ ਨਹੀਂ ਹੈ। ਅਸੀਂ ਕੇਵਲ ਕਿਸੇ ਦੂਜੇ ਵਿਅਕਤੀ ਦੇ ਵਿਹਾਰ ਦੀ ਨਕਲ ਕਰ ਰਹੇ ਹੁੰਦੇ ਹਾਂ।

ਗਵਾਹੀਆਂ ਤੋਂ ਪ੍ਰੇਰਣਾ ਲੈਣਾ ਗਲਤ ਨਹੀਂ ਹੈ, ਪਰ ਉਹ ਉਸ ਵਿਸ਼ਵਾਸ ਦੀ ਥਾਂ ਕਦੇ ਨਹੀਂ ਲੈ ਸਕਦੀਆਂ ਜੋ ਪਰਮੇਸ਼ੁਰ ਦੇ ਬਚਨ ਨੂੰ ਪੜ੍ਹਨ ਤੋਂ ਪੈਦਾ ਹੁੰਦਾ ਹੈ।

## ਵਿਸ਼ਵਾਸ ਨਿਸ਼ਚਿੰਤ ਅਤੇ ਅਡੋਲ ਹੁੰਦਾ ਹੈ।

ਜਦੋਂ ਅਸੀਂ ਬਾਈਬਲ ਦੇ ਬਿਰਤਾਂਤਾਂ ਦਾ ਅਧਿਐਨ ਕਰਦੇ ਹਾਂ, ਤਾਂ ਅਸੀਂ ਦੇਖਦੇ ਹਾਂ ਕਿ ਜਿਨ੍ਹਾਂ ਲੋਕਾਂ ਨੇ ਆਪਣੀਆਂ ਪਰਿਸਥਿਤੀਆਂ ਵਿੱਚ ਪਰਮੇਸ਼ੁਰ ਦੀ ਸਹਾਇਤਾ ਪ੍ਰਾਪਤ ਕੀਤੀ, ਉਨ੍ਹਾਂ ਦਾ ਵਿਸ਼ਵਾਸ ਪੂਰੀ ਤਰ੍ਹਾਂ ਦ੍ਰਿੜ੍ਹ ਸੀ। ਉਹ ਇਸ ਗੱਲ ਬਾਰੇ ਪੂਰੀ ਤਰ੍ਹਾਂ ਨਿਸ਼ਚਿਤ ਸਨ ਕਿ ਪਰਮੇਸ਼ੁਰ ਆਪਣੇ ਬਚਨ ਨੂੰ ਜ਼ਰੂਰ ਪੂਰਾ ਕਰੇਗਾ। ਉਨ੍ਹਾਂ ਦੀਆਂ ਪਰਿਸਥਿਤੀਆਂ ਭਾਵੇਂ ਹੋਰ ਵੀ ਔਖੀਆਂ ਕਿਉਂ ਨਾ ਹੋ ਗਈਆਂ ਹੋਣ, ਫਿਰ ਵੀ ਉਹ ਕਦੇ ਡਗਮਗਾਏ ਨਹੀਂ ਅਤੇ ਨਾ ਹੀ ਉਨ੍ਹਾਂ ਨੇ ਇਸ ਗੱਲ ਉੱਤੇ ਸ਼ੱਕ ਕੀਤਾ ਕਿ ਪਰਮੇਸ਼ੁਰ ਉਨ੍ਹਾਂ ਦੀ ਸਹਾਇਤਾ ਕਰੇਗਾ।

ਅਬਰਾਹਾਮ ਅਤੇ ਸਾਰਾਹ ਦੇ ਘਰ ਉਸ ਸਮੇਂ ਪੁੱਤਰ ਪੈਦਾ ਹੋਇਆ ਜਦੋਂ ਸਾਰਾਹ ਬਾਂਝ ਸੀ ਅਤੇ ਦੋਵੇਂ ਹੀ ਸੰਤਾਨ ਪੈਦਾ ਕਰਨ ਦੀ ਉਮਰ ਤੋਂ ਬਹੁਤ ਅੱਗੇ ਨਿਕਲ ਚੁੱਕੇ ਸਨ। ਜਦੋਂ ਅਸੀਂ ਉਨ੍ਹਾਂ ਦੇ ਜੀਵਨ ਦਾ ਅਧਿਐਨ ਕਰਦੇ ਹਾਂ, ਤਾਂ ਸਾਨੂੰ ਪਤਾ ਲੱਗਦਾ ਹੈ ਕਿ ਪ੍ਰਭੂ ਨੇ ਉਨ੍ਹਾਂ ਨੂੰ ਇੱਕ ਪੁੱਤਰ ਦੇਣ ਦਾ ਵਾਅਦਾ ਕੀਤਾ ਸੀ ਅਤੇ ਫਿਰ ਵਾਰ-ਵਾਰ ਉਸੇ ਵਾਅਦੇ ਨੂੰ ਦੁਹਰਾਇਆ, ਜਦ ਤੱਕ ਕਿ ਉਨ੍ਹਾਂ ਦਾ ਵਿਸ਼ਵਾਸ ਇੰਨਾ ਦ੍ਰਿੜ੍ਹ ਨਹੀਂ ਹੋ ਗਿਆ ਕਿ ਉਨ੍ਹਾਂ ਦੇ ਮਨ ਵਿੱਚ ਕੋਈ ਸ਼ੱਕ ਬਾਕੀ ਨਾ ਰਿਹਾ। ਪਰਮੇਸ਼ੁਰ ਨੇ ਉਨ੍ਹਾਂ ਲਈ ਜੋ ਕਰਨ ਦਾ ਵਾਅਦਾ ਕੀਤਾ ਸੀ, ਉਸ ਨੂੰ ਜਾਣਨ ਤੋਂ ਅਬਰਾਹਾਮ ਅਤੇ ਸਾਰਾਹ ਦੇ ਅੰਦਰ ਅਡੋਲ ਭਰੋਸਾ ਅਤੇ ਨਿਸ਼ਚਿੰਤ ਵਿਸ਼ਵਾਸ ਪੈਦਾ ਹੋਇਆ।

"ਅਵਿਸ਼ਵਾਸ ਜਾਂ ਸ਼ੱਕ ਨੇ ਉਸ ਨੂੰ (ਅਬਰਾਹਾਮ ਨੂੰ) ਪਰਮੇਸ਼ੁਰ ਦੇ ਵਾਅਦੇ ਬਾਰੇ ਨਾ ਤਾਂ ਡਗਮਗਾਉਣ ਦਿੱਤਾ ਅਤੇ ਨਾ ਹੀ ਸ਼ੱਕ ਕਰਨ ਦਿੱਤਾ... ਉਹ ਇਸ ਗੱਲ ਤੋਂ ਪੂਰੀ ਤਰ੍ਹਾਂ ਨਿਸ਼ਚਿਤ ਅਤੇ ਨਿਸ਼ਚਿੰਤ ਸੀ ਕਿ ਪਰਮੇਸ਼ੁਰ ਆਪਣੇ ਬਚਨ ਨੂੰ ਪੂਰਾ ਕਰਨ ਅਤੇ ਜੋ ਉਸ ਨੇ ਵਾਅਦਾ ਕੀਤਾ ਹੈ, ਉਹ ਕਰਨ ਵਿੱਚ ਸਮਰੱਥ ਹੈ।" (ਰੋਮੀਆਂ ਅਧਿਆਇ 4 ਆਇਤ 20 ਤੋਂ 22)

"ਵਿਸ਼ਵਾਸ ਹੀ ਦੇ ਦੁਆਰਾ ਸਾਰਾਹ ਨੇ ਵੀ, ਜੋ ਅਬਰਾਹਾਮ ਦੀ ਪਤਨੀ ਸੀ, ਬੁਢਾਪਾ ਬੀਤ ਜਾਣ ਤੋਂ ਬਾਅਦ ਵੀ ਗਰਭ ਧਾਰਨ ਕਰਨ ਦੀ ਸਮਰੱਥਾ ਪ੍ਰਾਪਤ ਕੀਤੀ, ਕਿਉਂਕਿ ਜਿਸ ਨੇ ਵਾਅਦਾ ਕੀਤਾ ਸੀ, ਉਸ ਨੂੰ ਉਸ ਨੇ ਵਫ਼ਾਦਾਰ, ਭਰੋਸੇਯੋਗ ਅਤੇ ਆਪਣੇ ਬਚਨ ਦਾ ਸੱਚਾ ਮੰਨਿਆ।" (ਇਬਰਾਨੀਆਂ ਅਧਿਆਇ 11 ਆਇਤ 11)

ਅਕਸਰ ਅਜਿਹਾ ਹੁੰਦਾ ਹੈ ਕਿ ਮਸੀਹੀ ਲੋਕ ਪਰਮੇਸ਼ੁਰ ਤੋਂ ਸਹਾਇਤਾ ਦੀ ਆਸ ਤਾਂ ਰੱਖਦੇ ਹਨ, ਪਰ ਉਨ੍ਹਾਂ ਕੋਲ ਉਹ ਦ੍ਰਿੜ੍ਹ ਵਿਸ਼ਵਾਸ ਨਹੀਂ ਹੁੰਦਾ ਜੋ ਇਹ ਜਾਣਨ ਤੋਂ ਪੈਦਾ ਹੁੰਦਾ ਹੈ ਕਿ ਪਰਮੇਸ਼ੁਰ ਨੇ ਉਨ੍ਹਾਂ ਦੀ ਪਰਿਸਥਿਤੀ ਬਾਰੇ ਕੀ ਕਰਨ ਦਾ ਵਾਅਦਾ ਕੀਤਾ ਹੈ ਅਤੇ ਕੀ ਕਰਨ ਦਾ ਵਾਅਦਾ ਨਹੀਂ ਕੀਤਾ। ਪ੍ਰਭੂ ਆਪਣੇ ਲਿਖੇ ਹੋਏ ਬਚਨ ਦੇ ਦੁਆਰਾ ਤੂਫ਼ਾਨਾਂ ਦੇ ਵਿਚਕਾਰ ਵੀ ਆਪਣੀ ਇੱਛਾ, ਅਰਥਾਤ ਉਹ ਕੀ ਕਰਨਾ ਚਾਹੁੰਦਾ ਹੈ, ਪ੍ਰਗਟ ਕਰਦਾ ਹੈ। ਸਰਬਸ਼ਕਤੀਮਾਨ ਪਰਮੇਸ਼ੁਰ ਸਾਨੂੰ ਇਹ ਭਰੋਸਾ ਦਿਵਾਉਂਦਾ ਹੈ ਕਿ ਜਦੋਂ ਅਸੀਂ ਉਸ ਦੀ ਇੱਛਾ ਦੇ ਅਨੁਸਾਰ, ਜਿਵੇਂ ਕਿ ਬਾਈਬਲ ਵਿੱਚ ਪ੍ਰਗਟ ਕੀਤੀ ਗਈ ਹੈ, ਉਸ ਤੋਂ ਸਹਾਇਤਾ ਮੰਗਦੇ ਹਾਂ, ਤਦ ਉਹ ਸਾਡੀ ਸੁਣਦਾ ਹੈ।

"ਅਤੇ ਸਾਨੂੰ ਉਸ ਦੇ ਸਾਹਮਣੇ ਇਹ ਭਰੋਸਾ ਹੈ ਕਿ ਜੇ ਅਸੀਂ ਉਸ ਦੀ ਇੱਛਾ ਦੇ ਅਨੁਸਾਰ ਕੁਝ ਵੀ ਮੰਗਦੇ ਹਾਂ, ਤਾਂ ਉਹ ਸਾਡੀ ਸੁਣਦਾ ਹੈ। ਅਤੇ ਜੇ ਅਸੀਂ ਜਾਣਦੇ ਹਾਂ ਕਿ ਉਹ ਸਾਡੀ ਸੁਣਦਾ ਹੈ, ਤਾਂ ਜੋ ਕੁਝ ਵੀ ਅਸੀਂ ਉਸ ਤੋਂ ਮੰਗਦੇ ਹਾਂ, ਉਸ ਬਾਰੇ ਇਹ ਵੀ ਜਾਣਦੇ ਹਾਂ ਕਿ ਜੋ ਅਸੀਂ ਉਸ ਤੋਂ ਮੰਗਿਆ ਹੈ, ਉਹ ਸਾਨੂੰ ਮਿਲ ਗਿਆ ਹੈ।" (1 ਯੂਹੰਨਾ ਅਧਿਆਇ 5 ਆਇਤ 14 ਅਤੇ 15)।

ਭਾਵੇਂ ਪਵਿੱਤਰ-ਸ਼ਾਸਤਰ ਸਾਡੀ ਹਰ ਇੱਕ ਨਿੱਜੀ ਪਰਿਸਥਿਤੀ ਬਾਰੇ ਵਿਸ਼ੇਸ਼ ਵੇਰਵਾ ਨਹੀਂ ਦਿੰਦਾ, ਫਿਰ ਵੀ ਇਹ ਅਜਿਹੇ ਆਮ ਸਿਧਾਂਤ ਅਤੇ ਵਾਅਦੇ ਜ਼ਰੂਰ ਪ੍ਰਦਾਨ ਕਰਦਾ ਹੈ ਜੋ ਸਾਨੂੰ ਇਹ ਵਿਸ਼ਵਾਸ ਦਿਵਾਉਂਦੇ ਹਨ ਕਿ ਪਰਮੇਸ਼ੁਰ ਕਿਸ ਤਰ੍ਹਾਂ ਦੀ ਸਹਾਇਤਾ ਦੇਣਾ ਚਾਹੁੰਦਾ ਹੈ। ਪਰਮੇਸ਼ੁਰ ਦੀ ਇੱਛਾ ਨੂੰ ਪਛਾਣਨਾ ਇੱਕ ਅਜਿਹਾ ਵਿਸ਼ਾ ਹੈ ਜਿਸ ਉੱਤੇ ਵੱਖਰੇ ਤੌਰ ਤੇ ਪੂਰੀ ਪੁਸਤਕ ਲਿਖੀ ਜਾ ਸਕਦੀ ਹੈ। ਇੱਥੇ ਮੇਰਾ ਉਦੇਸ਼ ਕੇਵਲ ਇੰਨਾ ਦੱਸਣਾ ਹੈ ਕਿ ਸੱਚਾ ਆਤਮ-ਵਿਸ਼ਵਾਸ ਇਸ ਗੱਲ ਨੂੰ ਜਾਣਨ ਤੋਂ ਪੈਦਾ ਹੁੰਦਾ ਹੈ ਕਿ ਤੁਹਾਡੀ ਪ੍ਰਾਰਥਨਾ ਪਰਮੇਸ਼ੁਰ ਦੇ ਲਿਖੇ ਹੋਏ ਬਚਨ ਦੇ ਅਨੁਸਾਰ ਹੈ। ਪਰ ਜੇ ਤੁਸੀਂ ਇਹ ਨਹੀਂ ਜਾਣਦੇ ਕਿ ਬਾਈਬਲ ਕੀ ਕਹਿੰਦੀ ਹੈ, ਤਾਂ ਤੁਸੀਂ ਇਸ ਗੱਲ ਬਾਰੇ ਨਿਸ਼ਚਿਤ ਨਹੀਂ ਹੋ ਸਕਦੇ ਕਿ ਜੋ ਕੁਝ ਤੁਸੀਂ ਮੰਗ ਰਹੇ ਹੋ, ਉਹ ਉਸ ਦੀ ਇੱਛਾ ਦੇ ਅਨੁਸਾਰ ਹੈ ਜਾਂ ਨਹੀਂ। ਅਤੇ ਜਦੋਂ ਜੀਵਨ ਦੇ ਤੂਫ਼ਾਨ ਪ੍ਰਚੰਡ ਹੋ ਕੇ ਚੱਲਣ ਲੱਗਣਗੇ, ਤਦ ਤੁਸੀਂ ਆਪਣੇ ਵਿਸ਼ਵਾਸ ਵਿੱਚ ਦ੍ਰਿੜ੍ਹ ਨਹੀਂ ਰਹਿ ਪਾਓਗੇ। ਉਹ ਵਿਸ਼ਵਾਸ ਜੋ ਤੂਫ਼ਾਨਾਂ ਦੇ ਸਾਹਮਣੇ ਵੀ ਅਡੋਲ ਬਣਿਆ ਰਹਿੰਦਾ ਹੈ, ਉਹੀ ਵਿਸ਼ਵਾਸ ਹੈ ਜੋ ਪੂਰੀ ਤਰ੍ਹਾਂ ਨਿਸ਼ਚਿਤ ਅਤੇ ਦ੍ਰਿੜ੍ਹ ਨਿਸ਼ਚੇ ਵਾਲਾ ਹੁੰਦਾ ਹੈ।

## ਜੇ ਤੁਸੀਂ ਨਿਸ਼ਚਿਤ ਨਹੀਂ ਹੋ, ਤਾਂ ਤੁਸੀਂ ਵਿਸ਼ਵਾਸ ਨਹੀਂ ਕਰ ਸਕਦੇ।

ਔਖੇ ਸਮੇਂ ਵਿੱਚ ਸਾਡੇ ਵਿਸ਼ਵਾਸ ਦੀ ਲਗਾਤਾਰ ਪਰਖ ਹੁੰਦੀ ਰਹਿੰਦੀ ਹੈ। ਜਦੋਂ ਮੁਸ਼ਕਲ ਪਰਿਸਥਿਤੀਆਂ ਛੇਤੀ ਨਹੀਂ ਬਦਲਦੀਆਂ, ਤਾਂ ਸਾਡੇ ਮਨ ਵਿੱਚ ਪੀੜ ਦੇਣ ਵਾਲੇ ਅਨੇਕਾਂ ਵਿਚਾਰ ਉੱਠਣ ਲੱਗਦੇ ਹਨ—"ਪਰਮੇਸ਼ੁਰ ਨੇ ਅਜੇ ਤੱਕ ਮੇਰੀ ਪਰਿਸਥਿਤੀ ਵਿੱਚ ਕੰਮ ਕਿਉਂ ਨਹੀਂ ਕੀਤਾ?" "ਇਹ ਕੰਮ ਕਿਉਂ ਨਹੀਂ ਕਰ ਰਿਹਾ?" "ਮੈਂ ਅਜਿਹੀ ਕਿਹੜੀ ਗਲਤੀ ਕਰ ਰਿਹਾ ਹਾਂ?"

ਅਕਸਰ ਪ੍ਰਭੂ ਦੇ ਨਾਮ ਵਿੱਚ ਬੋਲਣ ਵਾਲੇ ਬਹੁਤ ਸਾਰੇ ਲੋਕ ਵੀ ਸਾਹਮਣੇ ਆ ਜਾਂਦੇ ਹਨ। ਉਹ ਪਰਮੇਸ਼ੁਰ ਦੀ ਇੱਛਾ ਬਾਰੇ ਵੱਖ-ਵੱਖ ਵਿਚਾਰ ਪੇਸ਼ ਕਰਦੇ ਹਨ ਅਤੇ ਦੱਸਦੇ ਹਨ ਕਿ ਉੱਤਰ ਪ੍ਰਾਪਤ ਕਰਨ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ ਜਾਂ ਕੀ ਨਹੀਂ ਕਰਨਾ ਚਾਹੀਦਾ। ਅਤੇ ਅਜਿਹਾ ਲੱਗਦਾ ਹੈ ਕਿ ਹਰ ਵਿਅਕਤੀ ਕੋਲ ਆਪਣੀ ਗੱਲ ਨੂੰ ਸਹੀ ਸਾਬਤ ਕਰਨ ਲਈ ਬਾਈਬਲ ਦੀ ਕੋਈ ਨਾ ਕੋਈ ਆਇਤ ਵੀ ਹੁੰਦੀ ਹੈ। ਦੁੱਖ ਅਤੇ ਪੀੜ ਵਿੱਚੋਂ ਲੰਘ ਰਹੇ ਲੋਕ ਨਿਰਾਸ਼ਾ ਵਿੱਚ ਇਨ੍ਹਾਂ ਵੱਖ-ਵੱਖ ਉਪਾਵਾਂ ਨੂੰ ਅਪਣਾਉਣ ਦੀ ਕੋਸ਼ਿਸ਼ ਕਰਦੇ ਹਨ, ਇਸ ਆਸ ਵਿੱਚ ਕਿ ਸ਼ਾਇਦ ਇਨ੍ਹਾਂ ਵਿੱਚੋਂ ਕੋਈ ਇੱਕ ਉਪਾਅ ਉਨ੍ਹਾਂ ਨੂੰ ਨਤੀਜਾ ਦੇ ਦੇਵੇ।

· "ਤੁਸੀਂ ਸ਼ੈਤਾਨ ਲਈ ਇੱਕ ਦਰਵਾਜ਼ਾ ਖੁੱਲ੍ਹਾ ਛੱਡ ਦਿੱਤਾ ਸੀ, ਇਸ ਲਈ ਉਹ ਤੁਹਾਡੇ ਜੀਵਨ ਵਿੱਚ ਦਾਖ਼ਲ ਹੋ ਗਿਆ। ਇਸੇ ਕਾਰਨ ਤੁਸੀਂ ਅੱਜ ਇਸ ਮੁਸ਼ਕਲ ਵਿੱਚ ਹੋ!"

· "ਤੁਹਾਡੇ ਪਰਿਵਾਰ ਵਿੱਚ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਆ ਰਿਹਾ ਇੱਕ ਸਰਾਪ ਹੈ। ਜਦ ਤੱਕ ਉਸ ਦੀ ਪਛਾਣ ਕਰਕੇ ਉਸ ਨੂੰ ਤੋੜਿਆ ਨਹੀਂ ਜਾਵੇਗਾ, ਤਦ ਤੱਕ ਤੁਹਾਨੂੰ ਛੁਟਕਾਰਾ ਨਹੀਂ ਮਿਲੇਗਾ!"

· "ਤੁਸੀਂ ਦਸਵੰਧ ਦੇਣ ਵਿੱਚ ਚੂਕ ਕੀਤੀ ਸੀ ਅਤੇ ਇਸ ਤਰ੍ਹਾਂ ਆਪਣੇ ਜੀਵਨ ਵਿੱਚ ਘਾਟੀ ਬੀਜੀ। ਹੁਣ ਤੁਸੀਂ ਉਹੀ ਵੱਢ ਰਹੇ ਹੋ ਜੋ ਤੁਸੀਂ ਬੀਜਿਆ ਸੀ!"

ਇਨ੍ਹਾਂ ਸਭ ਵਿੱਚੋਂ ਕੌਣ ਸਹੀ ਹੈ, ਜੇ ਅਸਲ ਵਿੱਚ ਕੋਈ ਸਹੀ ਹੈ ਤਾਂ?

ਇਸ ਦਾ ਨਿਸ਼ਚਿਤ ਉੱਤਰ ਜਾਣਨ ਦਾ ਕੇਵਲ ਇੱਕੋ ਰਾਹ ਹੈ—ਖੁਦ ਬਾਈਬਲ ਪੜ੍ਹਨਾ। ਤੁਸੀਂ ਉਸ ਗੱਲ ਉੱਤੇ ਵਿਸ਼ਵਾਸ ਨਹੀਂ ਕਰ ਸਕਦੇ ਜਿਸ ਨੂੰ ਤੁਸੀਂ ਜਾਣਦੇ ਹੀ ਨਹੀਂ, ਅਤੇ ਜੇ ਤੁਸੀਂ ਨਿਸ਼ਚਿਤ ਨਹੀਂ ਹੋ, ਤਾਂ ਤੁਹਾਡੇ ਅੰਦਰ ਦ੍ਰਿੜ੍ਹ ਭਰੋਸਾ ਵੀ ਨਹੀਂ ਹੋ ਸਕਦਾ। ਪਰ ਜਦੋਂ ਅਸੀਂ ਖੁਦ ਬਾਈਬਲ ਪੜ੍ਹਦੇ ਹਾਂ ਅਤੇ ਜਾਣਦੇ ਹਾਂ ਕਿ ਪਰਮੇਸ਼ੁਰ ਦਾ ਬਚਨ ਅਸਲ ਵਿੱਚ ਕੀ ਕਹਿੰਦਾ ਹੈ, ਤਦੋਂ "ਅਸੀਂ ਫਿਰ ਬੱਚੇ ਨਹੀਂ ਰਹਾਂਗੇ, ਜੋ ਮਨੁੱਖਾਂ ਦੀ ਠੱਗੀ ਅਤੇ ਚਤੁਰਾਈ ਨਾਲ, ਉਨ੍ਹਾਂ ਦੇ ਭਰਮ ਵਿੱਚ ਪਾਉਣ ਵਾਲੇ ਉਪਾਵਾਂ ਦੇ ਕਾਰਨ, ਹਰ ਤਰ੍ਹਾਂ ਦੀ ਸਿੱਖਿਆ ਦੀ ਹਵਾ ਨਾਲ ਇੱਧਰ-ਉੱਧਰ ਉਛਾਲੇ ਅਤੇ ਘੁਮਾਏ ਜਾਂਦੇ ਹਨ।" (ਅਫ਼ਸੀਆਂ ਅਧਿਆਇ 4 ਆਇਤ 14)

ਨਵੇਂ ਨੇਮ ਦਾ ਨਿਯਮਿਤ ਅਤੇ ਵਿਵਸਥਿਤ ਅਧਿਐਨ ਤੁਹਾਡੇ ਅੰਦਰ ਪ੍ਰਭੂ ਪ੍ਰਤੀ ਅਜਿਹਾ ਅਡੋਲ ਅਤੇ ਦ੍ਰਿੜ੍ਹ ਵਿਸ਼ਵਾਸ ਪੈਦਾ ਕਰੇਗਾ ਜਿਸ ਨੂੰ ਕੋਈ ਵੀ ਪਰਿਸਥਿਤੀ ਡਗਮਗਾ ਨਹੀਂ ਸਕੇਗੀ, ਕਿਉਂਕਿ ਤਦ ਤੁਸੀਂ ਜਾਣੋਗੇ ਕਿ ਜੀਵਨ ਦੇ ਤੂਫ਼ਾਨਾਂ ਦੇ ਵਿਚਕਾਰ ਪਰਮੇਸ਼ੁਰ ਨੇ ਤੁਹਾਡੇ ਲਈ ਕੀ-ਕੀ ਕਰਨ ਦਾ ਵਾਅਦਾ ਕੀਤਾ ਹੈ।

ਅਗਲੇ ਅਧਿਆਇ ਵਿੱਚ ਅਸੀਂ ਇੱਕ ਹੋਰ ਅਜਿਹੇ ਮਹੱਤਵਪੂਰਨ ਸਿਧਾਂਤ ਉੱਤੇ ਵਿਚਾਰ ਕਰਾਂਗੇ, ਜੋ ਜੀਵਨ ਦੀਆਂ ਪਰਖਾਂ ਵਿੱਚ ਸਥਿਰ ਬਣੇ ਰਹਿਣ ਲਈ ਅਤਿ-ਜ਼ਰੂਰੀ ਹੈ। ਤੁਹਾਨੂੰ ਇਹ ਸਿੱਖਣਾ ਹੋਵੇਗਾ ਕਿ ਆਪਣਾ ਜੀਵਨ ਯਿਸੂ ਉੱਤੇ ਨਿਗਾਹ ਟਿਕਾਈ ਰੱਖ ਕੇ ਕਿਵੇਂ ਜੀਉਣਾ ਹੈ, ਕਿਉਂਕਿ ਉਹੀ ਤੁਹਾਡੇ ਵਿਸ਼ਵਾਸ ਦਾ ਸਰੋਤ ਹੈ।

# 6

## ਯਿਸੂ ਪ੍ਰਗਟ ਕੀਤਾ ਗਿਆ।

ਜਦੋਂ ਯਿਸੂ ਇਸ ਧਰਤੀ ਉੱਤੇ ਸਨ, ਤਦ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦੇ ਨਾਲ ਸਮਾਂ ਬਿਤਾਇਆ, ਉਨ੍ਹਾਂ ਦੇ ਜੀਵਨ ਉੱਤੇ ਉਨ੍ਹਾਂ ਦਾ ਬਹੁਤ ਹੀ ਡੂੰਘਾ ਪ੍ਰਭਾਵ ਪਿਆ। ਇਸ ਦੀ ਇੱਕ ਉਦਾਹਰਨ ਵੇਖੋ।

ਪ੍ਰਭੂ ਦੇ ਇਸ ਸੰਸਾਰ ਤੋਂ ਚਲੇ ਜਾਣ ਤੋਂ ਕੁਝ ਹੀ ਸਮੇਂ ਬਾਅਦ, ਉਨ੍ਹਾਂ ਦੇ ਪਹਿਲੇ ਚੇਲਿਆਂ ਵਿੱਚੋਂ ਦੋ, ਪਤਰਸ ਅਤੇ ਯੂਹੰਨਾ ਨੇ ਯਿਸੂ ਦੇ ਨਾਮ ਵਿੱਚ ਇੱਕ ਲੰਗੜੇ ਵਿਅਕਤੀ ਨੂੰ ਚੰਗਾ ਕਰ ਦਿੱਤਾ। (ਰਸੂਲਾਂ ਦੇ ਕਰਤੱਬ ਅਧਿਆਇ 3 ਆਇਤ 1 ਤੋਂ 11) ਉਨ੍ਹਾਂ ਦੇ ਇਸ ਕੰਮ ਤੋਂ ਧਾਰਮਿਕ ਆਗੂ ਬਹੁਤ ਗੁੱਸੇ ਹੋ ਗਏ ਅਤੇ ਉਨ੍ਹਾਂ ਨੇ ਦੋਵਾਂ ਨੂੰ ਫੜ ਕੇ ਰਾਤ ਭਰ ਲਈ ਕੈਦਖਾਨੇ ਵਿੱਚ ਬੰਦ ਕਰ ਦਿੱਤਾ। ਅਗਲੇ ਦਿਨ ਜਦੋਂ ਉਨ੍ਹਾਂ ਧਾਰਮਿਕ ਆਗੂਆਂ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ, ਤਾਂ ਉਹ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਪਤਰਸ ਅਤੇ ਯੂਹੰਨਾ ਨੇ ਕਿੰਨੇ ਸਾਹਸ ਅਤੇ ਨਿਡਰਤਾ ਨਾਲ ਉੱਤਰ ਦਿੱਤਾ।

“ਜਦੋਂ ਉਨ੍ਹਾਂ ਨੇ ਪਤਰਸ ਅਤੇ ਯੂਹੰਨਾ ਦਾ ਸਾਹਸ ਦੇਖਿਆ ਅਤੇ ਇਹ ਜਾਣ ਲਿਆ ਕਿ ਉਹ ਅਣਪੜ੍ਹੇ ਅਤੇ ਸਧਾਰਨ ਮਨੁੱਖ ਹਨ, ਤਾਂ ਉਹ ਹੈਰਾਨ ਹੋਣ ਲੱਗੇ। ਫਿਰ ਉਨ੍ਹਾਂ ਨੇ ਪਛਾਣ ਲਿਆ ਕਿ ਇਹ ਯਿਸੂ ਦੇ ਨਾਲ ਰਹੇ ਸਨ।” (ਰਸੂਲਾਂ ਦੇ ਕਰਤੱਬ ਅਧਿਆਇ 4 ਆਇਤ 13)।

ਸਾਢੇ ਤਿੰਨ ਸਾਲਾਂ ਤੱਕ ਯਿਸੂ ਦੇ ਨਾਲ ਰਹਿਣ ਨਾਲ ਪਤਰਸ ਅਤੇ ਯੂਹੰਨਾ ਦੇ ਅੰਦਰ ਅਜਿਹਾ ਪ੍ਰਤੱਖ ਅਤੇ ਅਡੋਲ ਆਤਮ-ਵਿਸ਼ਵਾਸ, ਅਰਥਾਤ ਦ੍ਰਿੜ੍ਹ ਵਿਸ਼ਵਾਸ, ਪੈਦਾ ਹੋਇਆ ਸੀ ਜਿਸ ਨੇ ਉਨ੍ਹਾਂ ਨੂੰ ਬਹੁਤ ਹੀ ਔਖੀਆਂ ਪਰਿਸਥਿਤੀਆਂ ਦਾ ਸਾਹਮਣਾ ਕਰਦੇ ਸਮੇਂ ਵੀ ਅਡੋਲ ਬਣਾਈ ਰੱਖਿਆ। ਭਾਵੇਂ ਅੱਜ ਯਿਸੂ ਸਵਰਗ ਵਿੱਚ ਹਨ, ਫਿਰ ਵੀ ਉਹ ਸਾਡੇ ਜੀਵਨਾਂ ਉੱਤੇ ਉਸੇ ਤਰ੍ਹਾਂ ਪ੍ਰਭਾਵ ਪਾ ਸਕਦੇ ਹਨ ਜਿਵੇਂ ਉਨ੍ਹਾਂ ਨੇ ਪਹਿਲੀ ਸਦੀ ਦੇ ਉਨ੍ਹਾਂ ਲੋਕਾਂ ਦੇ ਜੀਵਨਾਂ ਉੱਤੇ ਪਾਇਆ ਸੀ। ਸਾਡਾ ਪ੍ਰਭੂ ਇਹ ਕੰਮ ਬਾਈਬਲ ਦੇ ਦੁਆਰਾ, ਖ਼ਾਸ ਕਰਕੇ ਨਵੇਂ ਨੇਮ ਦੇ ਦੁਆਰਾ ਕਰਦਾ ਹੈ, ਜਿਸ ਨੂੰ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਉਨ੍ਹਾਂ ਲੋਕਾਂ ਨੇ ਲਿਖਿਆ ਜਿਨ੍ਹਾਂ ਨੇ ਖੁਦ ਯਿਸੂ ਦੇ ਨਾਲ ਜੀਵਨ ਬਿਤਾਇਆ, ਉਨ੍ਹਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਨਾਲ ਚੱਲੇ-ਫਿਰੇ ਸਨ। ਇਨ੍ਹਾਂ ਵਿੱਚ ਯੂਹੰਨਾ ਅਤੇ ਪਤਰਸ ਵੀ ਸ਼ਾਮਲ ਸਨ।

## ਯਿਸੂ ਉੱਤੇ ਨਿਗਾਹ ਟਿਕਾਈ ਰੱਖਣਾ।

ਵਿਸ਼ਵਾਸ ਸਾਨੂੰ ਪਰਮੇਸ਼ੁਰ ਦੇ ਬਚਨ ਦੇ ਦੁਆਰਾ ਪ੍ਰਾਪਤ ਹੁੰਦਾ ਹੈ, ਕਿਉਂਕਿ ਉਹੀ ਸਾਨੂੰ ਦੱਸਦਾ ਹੈ ਕਿ ਪਰਮੇਸ਼ੁਰ ਕਿਹੋ ਜਿਹਾ ਹੈ ਅਤੇ ਉਹ ਕਿਸ ਤਰ੍ਹਾਂ ਕੰਮ ਕਰਦਾ ਹੈ। ਪ੍ਰਭੂ ਯਿਸੂ ਮਸੀਹ ਮਨੁੱਖਜਾਤੀ ਲਈ ਖੁਦ ਪਰਮੇਸ਼ੁਰ ਦਾ ਸਭ ਤੋਂ ਸਪਸ਼ਟ ਅਤੇ ਸੰਪੂਰਨ ਪ੍ਰਗਟਾਵਾ ਹਨ। ਯਿਸੂ ਨੂੰ ਪਰਮੇਸ਼ੁਰ ਦਾ ਬਚਨ, ਅਰਥਾਤ ਦੇਹਧਾਰੀ ਬਚਨ, ਕਿਹਾ ਗਿਆ ਹੈ।

“ਆਦ ਵਿੱਚ ਬਚਨ ਸੀ, ਅਤੇ ਬਚਨ ਪਰਮੇਸ਼ੁਰ ਦੇ ਨਾਲ ਸੀ, ਅਤੇ ਬਚਨ ਪਰਮੇਸ਼ੁਰ ਸੀ… ਅਤੇ ਬਚਨ ਦੇਹਧਾਰੀ ਹੋਇਆ ਅਤੇ ਸਾਡੇ ਵਿਚਕਾਰ ਵੱਸਿਆ।” (ਯੂਹੰਨਾ ਅਧਿਆਇ 1 ਆਇਤ 1; ਯੂਹੰਨਾ ਅਧਿਆਇ 1 ਆਇਤ 14)।

“ਪੁਰਾਣੇ ਸਮੇਂ ਵਿੱਚ ਪਰਮੇਸ਼ੁਰ ਨੇ ਸਾਡੇ ਪੁਰਖਿਆਂ ਨਾਲ ਨਬੀਆਂ ਦੇ ਦੁਆਰਾ ਅਨੇਕਾਂ ਵਾਰ ਅਤੇ ਵੱਖ-ਵੱਖ ਢੰਗਾਂ ਨਾਲ ਗੱਲ ਕੀਤੀ, ਪਰ ਇਨ੍ਹਾਂ ਆਖ਼ਰੀ ਦਿਨਾਂ ਵਿੱਚ ਉਸ ਨੇ ਸਾਡੇ ਨਾਲ ਆਪਣੇ ਪੁੱਤਰ ਦੇ ਦੁਆਰਾ ਗੱਲ ਕੀਤੀ ਹੈ।” (ਇਬਰਾਨੀਆਂ ਅਧਿਆਇ 1 ਆਇਤ 1 ਅਤੇ 2)।

ਨਵਾਂ ਨੇਮ ਮਸੀਹੀਆਂ ਨੂੰ ਇਹ ਸਿੱਖਿਆ ਦਿੰਦਾ ਹੈ ਕਿ ਉਹ “ਯਿਸੂ ਵੱਲ ਨਿਗਾਹ ਲਗਾਈ ਰੱਖਣ, ਜੋ ਸਾਡੇ ਵਿਸ਼ਵਾਸ ਦਾ ਕਰਤਾ ਅਤੇ ਉਸ ਨੂੰ ਸੰਪੂਰਨ ਕਰਨ ਵਾਲਾ ਹੈ।” (ਇਬਰਾਨੀਆਂ ਅਧਿਆਇ 12 ਆਇਤ 2)।

ਅਸੀਂ ਪਵਿੱਤਰ-ਸ਼ਾਸਤਰ ਦੇ ਪੰਨਿਆਂ ਵਿੱਚ ਯਿਸੂ ਉੱਤੇ ਆਪਣੀ ਨਿਗਾਹ ਟਿਕਾਈ ਰੱਖਦੇ ਹਾਂ। ਜੀਉਂਦਾ ਬਚਨ, ਅਰਥਾਤ ਯਿਸੂ ਮਸੀਹ, ਲਿਖੇ ਹੋਏ ਬਚਨ, ਅਰਥਾਤ ਬਾਈਬਲ ਦੇ ਦੁਆਰਾ ਆਪਣੇ ਆਪ ਨੂੰ ਸਾਡੇ ਉੱਤੇ ਪ੍ਰਗਟ ਕਰਦੇ ਹਨ। ਜਦੋਂ ਅਸੀਂ ਪਵਿੱਤਰ-ਸ਼ਾਸਤਰ ਵਿੱਚ ਪ੍ਰਗਟ ਕੀਤੇ ਗਏ ਯਿਸੂ ਨੂੰ ਦੇਖਦੇ ਹਾਂ, ਤਦ ਸਾਡੇ ਦਿਲ ਵਿੱਚ ਅਜਿਹਾ ਅਡੋਲ ਵਿਸ਼ਵਾਸ ਪੈਦਾ ਹੁੰਦਾ ਹੈ ਜੋ ਸਾਡੇ ਸਾਹਮਣੇ ਆਉਣ ਵਾਲੀ ਹਰ ਚੁਣੌਤੀ ਦਾ ਸਾਹਮਣਾ ਕਰ ਸਕਦਾ ਹੈ।

ਜੇ ਤੁਸੀਂ ਨਵੇਂ ਨੇਮ ਦਾ ਅਧਿਐਨ ਨਹੀਂ ਕੀਤਾ ਹੈ, ਤਾਂ ਤੁਸੀਂ ਅਸਲ ਵਿੱਚ ਯਿਸੂ ਨੂੰ ਨਹੀਂ ਦੇਖਿਆ। ਮੇਰਾ ਇਹ ਅਰਥ ਨਹੀਂ ਹੈ ਕਿ ਤੁਸੀਂ ਉਨ੍ਹਾਂ ਨੂੰ ਮੁਕਤੀਦਾਤਾ ਦੇ ਰੂਪ ਵਿੱਚ ਨਹੀਂ ਜਾਣਦੇ। ਮੇਰਾ ਭਾਵ ਇਹ ਹੈ ਕਿ ਤੁਸੀਂ ਉਨ੍ਹਾਂ ਨੂੰ ਉਨ੍ਹਾਂ ਦੀ ਸੰਪੂਰਨਤਾ ਵਿੱਚ ਨਹੀਂ ਜਾਣ ਸਕਦੇ ਅਤੇ ਨਾ ਹੀ ਅਜਿਹਾ ਵਿਸ਼ਵਾਸ ਪ੍ਰਾਪਤ ਕਰ ਸਕਦੇ ਹੋ ਜੋ ਜੀਵਨ ਦੇ ਤੂਫ਼ਾਨਾਂ ਵਿੱਚ ਕਦੇ ਡਗਮਗਾਏ ਨਾ। ਸੰਭਵ ਹੈ ਕਿ ਸਾਨੂੰ ਇਸ ਦਾ ਅਹਿਸਾਸ ਵੀ ਨਾ ਹੋਵੇ, ਪਰ ਪ੍ਰਭੂ ਬਾਰੇ ਜੋ ਕੁਝ ਅਸੀਂ ਜਾਣਦੇ ਹਾਂ, ਉਸ ਦਾ ਬਹੁਤ ਵੱਡਾ ਹਿੱਸਾ ਸਾਡੀਆਂ ਨਿੱਜੀ ਭਾਵਨਾਵਾਂ ਅਤੇ ਅਨੁਭਵਾਂ ਉੱਤੇ ਆਧਾਰਿਤ ਹੁੰਦਾ ਹੈ—ਉਸ ਸਮੇਂ ਅਸੀਂ ਕੀ ਮਹਿਸੂਸ ਕਰ ਰਹੇ ਹੁੰਦੇ ਹਾਂ ਅਤੇ ਆਪਣੀਆਂ ਪਰਿਸਥਿਤੀਆਂ ਵਿੱਚ ਕੀ ਦੇਖ ਰਹੇ ਹੁੰਦੇ ਹਾਂ। ਜਦੋਂ ਸਾਨੂੰ ਚੰਗਾ ਮਹਿਸੂਸ ਹੁੰਦਾ ਹੈ ਅਤੇ ਜੀਵਨ ਵਿੱਚ ਸਭ ਕੁਝ ਠੀਕ ਚੱਲਦਾ ਹੈ, ਤਦ ਸਾਨੂੰ ਪਰਮੇਸ਼ੁਰ ਦੇ ਪਿਆਰ ਅਤੇ ਉਸ ਦੀ ਦੇਖਭਾਲ ਉੱਤੇ ਪੂਰਾ ਭਰੋਸਾ ਹੁੰਦਾ ਹੈ। ਪਰ ਜਿਵੇਂ ਹੀ ਸਾਡੀਆਂ ਪਰਿਸਥਿਤੀਆਂ ਅਤੇ ਸਾਡੀਆਂ ਭਾਵਨਾਵਾਂ ਬਦਲਦੀਆਂ ਹਨ, ਤਿਵੇਂ ਹੀ ਉਸ ਉੱਤੇ ਸਾਡਾ ਭਰੋਸਾ ਵੀ ਕਮਜ਼ੋਰ ਪੈਣ ਲੱਗਦਾ ਹੈ। ਪਰ ਪ੍ਰਭੂ ਯਿਸੂ ਮਸੀਹ ਆਪਣੇ ਆਪ ਨੂੰ ਸਾਡੀਆਂ ਬਦਲਦੀਆਂ ਹੋਈਆਂ ਭਾਵਨਾਵਾਂ ਅਤੇ ਪਰਿਸਥਿਤੀਆਂ ਦੇ ਦੁਆਰਾ ਪ੍ਰਗਟ ਨਹੀਂ ਕਰਦੇ। ਉਹ ਆਪਣੇ ਆਪ ਨੂੰ ਆਪਣੇ ਲਿਖੇ ਹੋਏ ਬਚਨ ਦੇ ਦੁਆਰਾ ਪ੍ਰਗਟ ਕਰਦੇ ਹਨ। ਤੁਸੀਂ ਜਿੰਨਾ ਵੱਧ ਬਾਈਬਲ

ਪੜ੍ਹੋਗੇ, ਉਨੀ ਹੀ ਸਪਸ਼ਟਤਾ ਨਾਲ ਯਿਸੂ ਨੂੰ ਦੇਖੋਗੇ, ਉਨ੍ਹਾਂ ਨੂੰ ਉਨਾ ਹੀ ਵੱਧ ਜਾਣੋਗੇ, ਅਤੇ ਤੁਹਾਡਾ ਵਿਸ਼ਵਾਸ ਉਨਾ ਹੀ ਵੱਧ ਦ੍ਰਿੜ੍ਹ ਹੁੰਦਾ ਜਾਵੇਗਾ।

ਜਿੱਥੇ ਬਹੁਤ ਸਾਰੇ ਸੱਚੇ ਮਨ ਵਾਲੇ ਲੋਕ ਭੁੱਲਵਸ਼ ਆਪਣੇ ਵਿਸ਼ਵਾਸ ਦੀ ਨੀਂਹ ਆਪਣੀਆਂ ਅੱਖਾਂ ਨਾਲ ਦੇਖੀਆਂ ਹੋਈਆਂ ਗੱਲਾਂ ਅਤੇ ਆਪਣੀਆਂ ਭਾਵਨਾਵਾਂ ਉੱਤੇ ਰੱਖਦੇ ਹਨ, ਉੱਥੇ ਕੁਝ ਹੋਰ ਲੋਕ ਅਲੌਕਿਕ ਅਨੁਭਵਾਂ—ਜਿਵੇਂ ਸੁਪਨੇ, ਦਰਸ਼ਣ ਅਤੇ ਅਜਿਹੀਆਂ ਆਵਾਜ਼ਾਂ—ਉੱਤੇ ਭਰੋਸਾ ਕਰਦੇ ਹਨ ਜਿਨ੍ਹਾਂ ਨੂੰ ਉਹ ਪ੍ਰਭੂ ਵੱਲੋਂ ਆਈਆਂ ਹੋਈਆਂ ਮੰਨਦੇ ਹਨ। ਬਾਈਬਲ ਸਪਸ਼ਟ ਤੌਰ ਤੇ ਦੱਸਦੀ ਹੈ ਕਿ ਕਦੇ-ਕਦੇ ਪਰਮੇਸ਼ੁਰ ਸੱਚਮੁੱਚ ਆਪਣੇ ਲੋਕਾਂ ਨਾਲ ਇਸ ਤਰ੍ਹਾਂ ਦੇ ਅਲੌਕਿਕ ਮਾਧਿਅਮਾਂ ਰਾਹੀਂ ਵੀ ਗੱਲ ਕਰਦਾ ਹੈ। ਫਿਰ ਵੀ, ਬਾਈਬਲ ਇਹ ਵੀ ਸਪਸ਼ਟ ਕਰਦੀ ਹੈ ਕਿ ਝੂਠੇ ਅਤੇ ਨਕਲੀ ਅਲੌਕਿਕ ਅਨੁਭਵ ਵੀ ਹੁੰਦੇ ਹਨ। ਇਸ ਲਈ ਹਰ ਅਲੌਕਿਕ ਘਟਨਾ ਦੀ ਜਾਂਚ ਪਰਮੇਸ਼ੁਰ ਦੇ ਲਿਖੇ ਹੋਏ ਬਚਨ ਦੇ ਆਧਾਰ ਉੱਤੇ ਕੀਤੀ ਜਾਣੀ ਚਾਹੀਦੀ ਹੈ। ਪ੍ਰਭੂ ਵੱਲੋਂ ਆਉਣ ਵਾਲਾ ਕੋਈ ਵੀ ਸੱਚਾ ਪ੍ਰਗਟਾਵਾ ਪਵਿੱਤਰ-ਸ਼ਾਸਤਰ ਨਾਲ ਪੂਰੀ ਤਰ੍ਹਾਂ ਮੇਲ ਖਾਏਗਾ।

ਜੇ ਤੁਸੀਂ ਬਾਈਬਲ ਨਾਲ ਜਾਣੂ ਨਹੀਂ ਹੋ—ਅਤੇ ਜੇ ਤੁਸੀਂ ਉਸ ਨੂੰ ਨਿਯਮਿਤ ਤੌਰ ਤੇ ਨਹੀਂ ਪੜ੍ਹਦੇ, ਤਾਂ ਅਸਲ ਵਿੱਚ ਤੁਸੀਂ ਉਸ ਨਾਲ ਜਾਣੂ ਨਹੀਂ ਹੋ—ਤਾਂ ਤੁਹਾਡੇ ਕੋਲ ਇਹ ਪਰਖਣ ਦੀ ਸਮਰੱਥਾ ਨਹੀਂ ਹੋਵੇਗੀ ਕਿ ਕੋਈ ਅਲੌਕਿਕ ਅਨੁਭਵ ਸੱਚਮੁੱਚ ਪਰਮੇਸ਼ੁਰ ਵੱਲੋਂ ਹੈ ਜਾਂ ਨਹੀਂ। ਬਾਈਬਲ ਹੀ ਪ੍ਰਭੂ ਪਰਮੇਸ਼ੁਰ ਬਾਰੇ ਸਾਡਾ ਇੱਕੋ ਇੱਕ ਪੂਰੀ ਤਰ੍ਹਾਂ ਸਹੀ ਅਤੇ ਸੰਪੂਰਨ ਤੌਰ ਤੇ ਭਰੋਸੇਯੋਗ ਪ੍ਰਕਾਸ਼ਨ ਹੈ। ਜੇ ਤੁਸੀਂ ਇਸ ਗੱਲ ਨਾਲ ਜਾਣੂ ਨਹੀਂ ਹੋ ਕਿ ਬਾਈਬਲ ਅਸਲ ਵਿੱਚ ਕੀ ਕਹਿੰਦੀ ਹੈ, ਤਾਂ ਨਾ ਕੇਵਲ ਤੁਸੀਂ ਉਹ ਵਿਸ਼ਵਾਸ ਵਿਕਸਿਤ ਨਹੀਂ ਕਰ ਸਕੋਗੇ ਜਿਸ ਦੀ ਤੁਹਾਨੂੰ ਜੀਵਨ ਦੇ ਤੂਫ਼ਾਨਾਂ ਵਿੱਚ ਦ੍ਰਿੜ੍ਹ ਬਣੇ ਰਹਿਣ ਲਈ ਲੋੜ ਹੈ, ਸਗੋਂ ਇਹ ਸਥਿਤੀ ਤੁਹਾਡੇ ਲਈ ਖ਼ਤਰਨਾਕ ਵੀ ਹੈ, ਕਿਉਂਕਿ ਤਦ ਧੋਖੇ ਵਿੱਚ ਪੈਣ ਦੀ ਸੰਭਾਵਨਾ ਬਹੁਤ ਵੱਧ ਜਾਂਦੀ ਹੈ।

## ਧੋਖਾ।

ਯਿਸੂ ਨੂੰ ਸਲੀਬ ਉੱਤੇ ਚੜ੍ਹਾਏ ਜਾਣ ਤੋਂ ਕੁਝ ਸਮਾਂ ਪਹਿਲਾਂ, ਉਨ੍ਹਾਂ ਨੇ ਉਨ੍ਹਾਂ ਨਿਸ਼ਾਨਾਂ ਦਾ ਜ਼ਿਕਰ ਕੀਤਾ ਜੋ ਇਹ ਸੰਕੇਤ ਦੇਣਗੇ ਕਿ ਉਨ੍ਹਾਂ ਦਾ ਦੂਜਾ ਆਗਮਨ ਨੇੜੇ ਹੈ। ਉਨ੍ਹਾਂ ਨਿਸ਼ਾਨਾਂ ਵਿੱਚੋਂ ਇੱਕ ਹੈ ਧਾਰਮਿਕ ਧੋਖਾ, ਅਰਥਾਤ ਅਜਿਹੇ ਝੂਠੇ ਮਸੀਹ ਅਤੇ ਝੂਠੇ ਨਬੀ ਜੋ ਨਕਲੀ ਨਿਸ਼ਾਨਾਂ ਅਤੇ ਅਚੰਭੇ ਦੇ ਕੰਮਾਂ ਦੇ ਦੁਆਰਾ ਬਹੁਤ ਸਾਰੇ ਲੋਕਾਂ ਨੂੰ ਧੋਖਾ ਦੇਣਗੇ।

“ਸਾਵਧਾਨ ਰਹੋ ਕਿ ਕੋਈ ਤੁਹਾਨੂੰ ਭਰਮਾ ਨਾ ਦੇਵੇ। ਕਿਉਂਕਿ ਬਹੁਤ ਸਾਰੇ ਲੋਕ ਮੇਰੇ ਨਾਮ ਵਿੱਚ ਆ ਕੇ ਕਹਿਣਗੇ, ‘ਮੈਂ ਹੀ ਮਸੀਹ ਹਾਂ,’ ਅਤੇ ਉਹ ਬਹੁਤਿਆਂ ਨੂੰ ਭਰਮਾ ਦੇਣਗੇ।” (ਮੱਤੀ ਅਧਿਆਇ 24 ਆਇਤ 4 ਅਤੇ 5)

“ਕਿਉਂਕਿ ਝੂਠੇ ਮਸੀਹ ਅਤੇ ਝੂਠੇ ਨਬੀ ਉੱਠ ਖੜ੍ਹੇ ਹੋਣਗੇ, ਅਤੇ ਉਹ ਵੱਡੇ ਨਿਸ਼ਾਨ ਅਤੇ ਅਦਭੁਤ ਕੰਮ ਦਿਖਾਉਣਗੇ, ਤਾਂ ਜੋ ਜੇ ਸੰਭਵ ਹੋਵੇ ਤਾਂ ਪਰਮੇਸ਼ੁਰ ਦੇ ਚੁਣੇ ਹੋਇਆਂ ਨੂੰ ਵੀ ਭਰਮਾ ਦੇਣ। ਵੇਖੋ, ਮੈਂ ਪਹਿਲਾਂ ਹੀ ਤੁਹਾਨੂੰ ਦੱਸ ਦਿੱਤਾ ਹੈ।” (ਮੱਤੀ ਅਧਿਆਇ 24 ਆਇਤ 24 ਅਤੇ 25)

# ਝੂਠੇ ਮਸੀਹ।

ਮਸੀਹ ਦੇ ਦੁਬਾਰਾ ਆਉਣ ਦੇ ਸਮੇਂ ਸੰਸਾਰ ਦੀਆਂ ਪਰਿਸਥਿਤੀਆਂ ਬਾਰੇ ਬਾਈਬਲ ਬਹੁਤ ਕੁਝ ਕਹਿੰਦੀ ਹੈ। ਪਵਿੱਤਰ-ਸ਼ਾਸਤਰ ਇੱਕ ਅਜਿਹੀ ਵਿਸ਼ਵ-ਵਿਆਪੀ ਹਕੂਮਤ, ਆਰਥਿਕ ਵਿਵਸਥਾ ਅਤੇ ਧਾਰਮਿਕ ਵਿਵਸਥਾ ਦਾ ਵਰਣਨ ਕਰਦਾ ਹੈ, ਜਿਸ ਨੂੰ ਸ਼ੈਤਾਨ ਤੋਂ ਪ੍ਰੇਰਿਤ ਅਤੇ ਉਸ ਦੀ ਸਮਰੱਥਾ ਨਾਲ ਸਹਾਰਾ ਪ੍ਰਾਪਤ ਇੱਕ ਮਨੁੱਖ ਨਿਯੰਤਰਿਤ ਕਰੇਗਾ, ਅਤੇ ਉਹ ਇਸ ਧਰਤੀ ਉੱਤੇ ਬਹੁਤ ਵੱਡੀ ਤਬਾਹੀ ਲਿਆਵੇਗਾ। (ਪ੍ਰਕਾਸ਼ ਦੀ ਪੋਥੀ ਅਧਿਆਇ 13)।

ਇੱਕ ਵਿਸ਼ਵ-ਵਿਆਪੀ ਮਸੀਹ-ਵਿਰੋਧੀ ਧਰਮ ਇਸ ਆਖ਼ਰੀ ਵਿਸ਼ਵ-ਸ਼ਾਸਕ ਦਾ ਸਵਾਗਤ ਕਰੇਗਾ ਅਤੇ ਉਸ ਨੂੰ ਮੁਕਤੀਦਾਤਾ ਵਜੋਂ ਸਵੀਕਾਰ ਕਰੇਗਾ। ਉਹੀ ਆਖ਼ਰੀ ਅਤੇ ਸਭ ਤੋਂ ਵੱਡਾ ਝੂਠਾ ਮਸੀਹ ਹੋਵੇਗਾ।

ਇਹ ਪਰਿਸਥਿਤੀਆਂ ਅਚਾਨਕ ਪੈਦਾ ਨਹੀਂ ਹੋਣਗੀਆਂ। ਉਨ੍ਹਾਂ ਦੀ ਤਿਆਰੀ ਹੁਣ ਤੋਂ ਹੀ ਹੋ ਰਹੀ ਹੈ। ਅਸੀਂ ਅਜਿਹੇ ਸਮੇਂ ਵਿੱਚ ਜੀ ਰਹੇ ਹਾਂ ਜਦੋਂ ਬਹੁਤ ਸਾਰੇ ਲੋਕ ਇਸ ਵਿਸ਼ੇ ਵਿੱਚ ਇੱਕ-ਦੂਜੇ ਦੇ ਵਿਰੋਧੀ ਗੱਲਾਂ ਕਹਿ ਰਹੇ ਹਨ ਕਿ ਯਿਸੂ ਕੌਣ ਹਨ ਅਤੇ ਉਹ ਧਰਤੀ ਉੱਤੇ ਕਿਉਂ ਆਏ ਸਨ। ਵਰਤਮਾਨ ਸਮੇਂ ਵਿੱਚ ਇੱਕ ਝੂਠੇ ਵਿਸ਼ਵ-ਧਰਮ ਦਾ ਨਿਰਮਾਣ ਹੋ ਰਿਹਾ ਹੈ। ਭਾਵੇਂ ਇਹ ਧਰਮ ਮੂਲ ਰੂਪ ਵਿੱਚ ਸੱਚੀ ਬਾਈਬਲ-ਆਧਾਰਿਤ ਮਸੀਹੀ ਸਿੱਖਿਆ ਦੇ ਵਿਰੁੱਧ ਹੈ, ਫਿਰ ਵੀ ਇਹ ਸੁਣਨ ਵਿੱਚ ਮਸੀਹੀ ਜਾਪਦਾ ਹੈ, ਕਿਉਂਕਿ ਇਹ ਬਾਈਬਲ ਦੀਆਂ ਆਇਤਾਂ ਦੀ ਵਰਤੋਂ ਕਰਦਾ ਹੈ। ਪਰ ਉਨ੍ਹਾਂ ਆਇਤਾਂ ਨੂੰ ਉਨ੍ਹਾਂ ਦੇ ਅਸਲ ਸੰਦਰਭ ਤੋਂ ਵੱਖ ਕਰਕੇ ਅਤੇ ਉਨ੍ਹਾਂ ਦਾ ਗਲਤ ਅਰਥ ਕੱਢ ਕੇ ਪੇਸ਼ ਕੀਤਾ ਜਾਂਦਾ ਹੈ।

ਕੀ ਤੁਸੀਂ ਨਵੇਂ ਨੇਮ ਨਾਲ ਇੰਨੇ ਜਾਣੂ ਹੋ ਕਿ ਜੇ ਕੋਈ ਵਿਅਕਤੀ ਯਿਸੂ ਬਾਰੇ ਕਿਸੇ ਆਇਤ ਨੂੰ ਗਲਤ ਢੰਗ ਨਾਲ ਉਧਰਿਤ ਕਰੇ ਜਾਂ ਉਸ ਦੀ ਗਲਤ ਵਰਤੋਂ ਕਰੇ, ਤਾਂ ਤੁਸੀਂ ਉਸ ਨੂੰ ਪਛਾਣ ਸਕੋ?

ਮਸੀਹੀ ਧਰਮ ਦਾ ਇਹ ਨਵਾਂ ਰੂਪ ਰਵਾਇਤੀ ਬਾਈਬਲ-ਆਧਾਰਿਤ ਮਸੀਹੀ ਵਿਸ਼ਵਾਸ ਨਾਲੋਂ ਕਿਤੇ ਵੱਧ ਪਿਆਰ ਭਰਿਆ ਅਤੇ ਕਿਸੇ ਦਾ ਨਿਆਂ ਨਾ ਕਰਨ ਵਾਲਾ ਜਾਪਦਾ ਹੈ। ਇਸ ਦਾ ਦਾਅਵਾ ਹੈ ਕਿ ਤੁਸੀਂ ਕੀ ਵਿਸ਼ਵਾਸ ਕਰਦੇ ਹੋ ਅਤੇ ਤੁਹਾਡਾ ਜੀਵਨ ਕਿਹੋ ਜਿਹਾ ਹੈ, ਇਹ ਉਨਾ ਮਹੱਤਵਪੂਰਨ ਨਹੀਂ ਹੈ; ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਤੁਸੀਂ ਆਤਮਿਕ ਹੋ, ਇਮਾਨਦਾਰ ਹੋ ਅਤੇ ਇੱਕ ਚੰਗਾ ਵਿਅਕਤੀ ਬਣਨ ਦੀ ਕੋਸ਼ਿਸ਼ ਕਰ ਰਹੇ ਹੋ।

ਇਹ ਨਕਲੀ ਮਸੀਹੀ ਧਰਮ ਸਮਾਵੇਸ਼ਤਾ ਅਤੇ ਵਿਭਿੰਨਤਾ ਉੱਤੇ ਵਿਸ਼ੇਸ਼ ਜ਼ੋਰ ਦਿੰਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਸ਼ਬਦਾਂ ਦੇ ਅਰਥ ਬਦਲ ਦਿੱਤੇ ਗਏ ਹਨ। ਹੁਣ ਉਨ੍ਹਾਂ ਦਾ ਅਰਥ ਇਹ ਸਮਝਿਆ ਜਾਣ ਲੱਗਾ ਹੈ ਕਿ ਜੇ ਤੁਸੀਂ ਕਿਸੇ ਵੀ ਵਿਸ਼ਵਾਸ, ਵਿਚਾਰ ਜਾਂ ਵਿਹਾਰ ਨੂੰ ਕਿਸੇ ਵੀ ਕਾਰਨ ਕਰਕੇ ਗਲਤ ਮੰਨਦੇ ਹੋ, ਤਾਂ ਤੁਹਾਨੂੰ ਤੰਗ-ਦ੍ਰਿਸ਼ਟੀ ਵਾਲਾ, ਨਫ਼ਰਤ ਕਰਨ ਵਾਲਾ ਅਤੇ ਨਿਸ਼ਚਤ ਤੌਰ ਤੇ ਸੱਚਾ ਮਸੀਹੀ ਨਾ ਮੰਨਿਆ ਜਾਵੇਗਾ। ਕੀ ਤੁਸੀਂ ਬਾਈਬਲ ਦੇ ਸਹੀ ਗਿਆਨ ਦੇ ਆਧਾਰ ਉੱਤੇ ਇਸ ਤਰ੍ਹਾਂ ਦੇ ਝੂਠੇ ਦੋਸ਼ਾਂ ਦਾ ਉੱਤਰ ਦੇਣ ਅਤੇ ਸੱਚੇ ਸਿਧਾਂਤ ਦੀ ਰੱਖਿਆ ਕਰਨ ਦੇ ਯੋਗ ਹੋ?

ਅਸੀਂ ਅਜਿਹੇ ਸਮੇਂ ਵਿੱਚ ਜੀ ਰਹੇ ਹਾਂ ਜਦੋਂ ਸਾਡੀ ਸੰਸਕ੍ਰਿਤੀ ਨੇ ਲਗਭਗ ਪੂਰੀ ਤਰ੍ਹਾਂ ਪੂਰਨ ਸੱਚ ਦੀ ਧਾਰਣਾ ਨੂੰ ਰੱਦ ਕਰ ਦਿੱਤਾ ਹੈ। ਅੱਜਕੱਲ੍ਹ ਲੋਕਾਂ ਨੂੰ ਇਹ ਕਹਿੰਦੇ ਸੁਣਨਾ ਆਮ ਗੱਲ ਹੈ, "ਉਹ ਤੇਰਾ ਸੱਚ ਹੈ, ਮੇਰਾ ਨਹੀਂ," ਜਾਂ "ਮੈਂ ਆਪਣੇ ਸੱਚ ਦੇ ਅਨੁਸਾਰ ਜੀਵਨ ਜੀਉਣ ਦੀ ਕੋਸ਼ਿਸ਼ ਕਰ ਰਿਹਾ ਹਾਂ।"

ਪਰ ਅਸਲ ਵਿੱਚ ਤੇਰਾ ਸੱਚ ਅਤੇ ਮੇਰਾ ਸੱਚ ਵਰਗੀ ਕੋਈ ਗੱਲ ਨਹੀਂ ਹੁੰਦੀ। ਸੱਚ ਵਸਤੂਨਿਸ਼ਠ ਹੁੰਦਾ ਹੈ। ਵਸਤੂਨਿਸ਼ਠ ਦਾ ਅਰਥ ਹੈ—ਅਜਿਹੀ ਗੱਲ ਜੋ ਤੱਥਾਂ ਅਤੇ ਅਸਲ ਪਰਿਸਥਿਤੀਆਂ ਨੂੰ ਨਿੱਜੀ ਭਾਵਨਾਵਾਂ, ਪੱਖਪਾਤ ਜਾਂ ਆਪਣੀਆਂ-ਆਪਣੀਆਂ ਵਿਆਖਿਆਵਾਂ ਤੋਂ ਪ੍ਰਭਾਵਿਤ ਹੋਏ ਬਿਨਾਂ, ਉਸੇ ਤਰ੍ਹਾਂ ਪੇਸ਼ ਕਰੇ ਜਿਵੇਂ ਉਹ ਅਸਲ ਵਿੱਚ ਹਨ।

ਸੱਚ ਸਾਡੀਆਂ ਭਾਵਨਾਵਾਂ ਜਾਂ ਵਿਚਾਰਾਂ ਉੱਤੇ ਆਧਾਰਿਤ ਨਹੀਂ ਹੁੰਦਾ ਅਤੇ ਨਾ ਹੀ ਉਹ ਬਦਲਦਾ ਹੈ। ਦੋ ਅਤੇ ਦੋ ਚਾਰ ਹੀ ਹੁੰਦੇ ਹਨ, ਭਾਵੇਂ ਤੁਸੀਂ ਇਸ ਨੂੰ ਮੰਨੋ ਜਾਂ ਨਾ ਮੰਨੋ, ਭਾਵੇਂ ਤੁਹਾਨੂੰ ਇਹ ਚੰਗਾ ਲੱਗੇ ਜਾਂ ਨਾ ਲੱਗੇ।

ਪੱਛਮੀ ਦੇਸ਼ਾਂ ਵਿੱਚ ਅਸੀਂ ਅਜਿਹੀਆਂ ਕਈ ਪੀੜ੍ਹੀਆਂ ਤਿਆਰ ਕੀਤੀਆਂ ਹਨ ਜਿਨ੍ਹਾਂ ਲਈ ਵਸਤੂਨਿਸ਼ਠ ਤੱਥ ਹੁਣ ਵਧੇਰੇ ਮਹੱਤਵ ਨਹੀਂ ਰੱਖਦੇ। ਉਨ੍ਹਾਂ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕੋਈ ਵਿਅਕਤੀ ਕਿਵੇਂ ਮਹਿਸੂਸ ਕਰਦਾ ਹੈ। ਹਰ ਸਾਲ ਆਕਸਫ਼ੋਰਡ ਸ਼ਬਦਕੋਸ਼ ਇੱਕ ਅਜਿਹਾ ਅੰਤਰਰਾਸ਼ਟਰੀ ਸ਼ਬਦ ਚੁਣਦਾ ਹੈ ਜੋ ਇਹ ਦਰਸਾਉਂਦਾ ਹੈ ਕਿ ਵਰਤਮਾਨ ਘਟਨਾਵਾਂ ਦੇ ਪ੍ਰਭਾਵ ਨਾਲ ਭਾਸ਼ਾ ਕਿਸ ਤਰ੍ਹਾਂ ਬਦਲ ਰਹੀ ਹੈ। ਸਾਲ 2016 ਲਈ ਚੁਣਿਆ ਗਿਆ ਸ਼ਬਦ ਸੀ "ਪੋਸਟ-ਟਰੂਥ"।  ਇਸ ਦਾ ਅਰਥ ਹੈ—ਅਜਿਹੀਆਂ ਪਰਿਸਥਿਤੀਆਂ ਜਿਨ੍ਹਾਂ ਵਿੱਚ ਲੋਕਾਂ ਦੀ ਰਾਇ ਬਣਾਉਣ ਵਿੱਚ ਵਸਤੂਨਿਸ਼ਠ ਤੱਥਾਂ ਦਾ ਪ੍ਰਭਾਵ ਘੱਟ ਹੋ ਜਾਂਦਾ ਹੈ, ਜਦਕਿ ਭਾਵਨਾਤਮਕ ਅਪੀਲ ਅਤੇ ਨਿੱਜੀ ਵਿਸ਼ਵਾਸ ਵਧੇਰੇ ਪ੍ਰਭਾਵ ਪਾਉਂਦੇ ਹਨ।

ਦੁੱਖ ਦੀ ਗੱਲ ਇਹ ਹੈ ਕਿ ਅਜਿਹੀ ਸੋਚ ਮਸੀਹੀ ਸਮਾਜ ਵਿੱਚ ਵੀ ਦਾਖ਼ਲ ਹੋ ਚੁੱਕੀ ਹੈ। ਬਾਰਨਾ ਰਿਸਰਚ ਗਰੁੱਪ ਦੁਆਰਾ ਸਾਲ 2016 ਵਿੱਚ ਕੀਤੇ ਗਏ ਇੱਕ ਸਰਵੇਖਣ ਦੇ ਅਨੁਸਾਰ, ਅਮਰੀਕਾ ਦੇ ਨਿਯਮਿਤ ਤੌਰ ਤੇ ਮਸੀਹੀ ਜੀਵਨ ਜੀਉਣ ਵਾਲੇ ਲੋਕਾਂ ਵਿੱਚੋਂ ਲਗਭਗ 40 ਪ੍ਰਤੀਸ਼ਤ ਹੁਣ ਪੂਰਨ ਸੱਚ ਉੱਤੇ ਵਿਸ਼ਵਾਸ ਨਹੀਂ ਕਰਦੇ। ਉਹ ਆਪਣੇ ਵਿਸ਼ਵਾਸ ਦੀ ਨੀਂਹ ਇਸ ਗੱਲ ਉੱਤੇ ਰੱਖਦੇ ਹਨ ਕਿ ਉਹ ਕੀ ਮਹਿਸੂਸ ਕਰਦੇ ਹਨ।

ਝੂਠੇ ਨਿਸ਼ਾਨਾਂ, ਝੂਠੇ ਮਸੀਹਾਂ ਅਤੇ ਝੂਠੀਆਂ ਸਿੱਖਿਆਵਾਂ ਤੋਂ ਸਾਡੀ ਰੱਖਿਆ ਕਰਨ ਵਾਲਾ ਇੱਕੋ ਇੱਕ ਸੁਰੱਖਿਅਤ ਸਾਧਨ ਬਾਈਬਲ ਦਾ ਸਹੀ ਅਤੇ ਸ਼ੁੱਧ ਗਿਆਨ ਹੈ। ਬਾਈਬਲ ਸਾਨੂੰ ਸੱਚ ਦਿਖਾਉਂਦੀ ਹੈ। ਸੱਚ ਕਿਸੇ ਵਿਚਾਰ ਜਾਂ ਸਿਧਾਂਤ ਮਾਤਰ ਦਾ ਨਾਮ ਨਹੀਂ ਹੈ, ਸਗੋਂ ਉਹ ਇੱਕ ਵਿਅਕਤੀ ਵਿੱਚ ਪ੍ਰਗਟ ਹੋਇਆ ਹੈ—ਜੀਉਂਦਾ ਬਚਨ, ਅਰਥਾਤ ਪ੍ਰਭੂ ਯਿਸੂ ਮਸੀਹ। ਅਤੇ ਇਹ ਜੀਉਂਦਾ ਬਚਨ ਸਾਨੂੰ ਲਿਖੇ ਹੋਏ ਬਚਨ, ਅਰਥਾਤ ਪਰਮੇਸ਼ੁਰ ਦੇ ਬਚਨ ਦੇ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ।

ਖੁਦ ਯਿਸੂ ਨੇ ਕਿਹਾ, "ਰਾਹ ਅਤੇ ਸੱਚ ਅਤੇ ਜੀਵਨ ਮੈਂ ਹੀ ਹਾਂ।" (ਯੂਹੰਨਾ ਅਧਿਆਇ 14 ਆਇਤ 6)।

ਅਤੇ ਉਨ੍ਹਾਂ ਨੇ ਆਪਣੇ ਪਿਤਾ ਨੂੰ ਪ੍ਰਾਰਥਨਾ ਕਰਦਿਆਂ ਕਿਹਾ, "ਤੇਰਾ ਬਚਨ ਸੱਚ ਹੈ।" (ਯੂਹੰਨਾ ਅਧਿਆਇ 17 ਆਇਤ 17)।

ਬਾਈਬਲ ਦਾ ਨਿਯਮਿਤ ਅਤੇ ਵਿਵਸਥਿਤ ਢੰਗ ਨਾਲ ਅਧਿਐਨ ਨਾ ਕੇਵਲ ਤੁਹਾਨੂੰ ਅਸਲ ਯਿਸੂ ਨੂੰ ਜਾਣਨ ਅਤੇ ਉਨ੍ਹਾਂ ਨੂੰ ਉਸੇ ਤਰ੍ਹਾਂ ਦੇਖਣ ਵਿੱਚ ਸਹਾਇਤਾ ਕਰਦਾ ਹੈ ਜਿਵੇਂ ਉਹ ਅਸਲ ਵਿੱਚ ਹਨ, ਸਗੋਂ ਇਹ ਤੁਹਾਡੀ ਦ੍ਰਿਸ਼ਟੀ ਅਤੇ ਤੁਹਾਡਾ ਧਿਆਨ ਵੀ ਲਗਾਤਾਰ ਉਨ੍ਹਾਂ ਉੱਤੇ ਟਿਕਾਈ ਰੱਖਣ ਵਿੱਚ ਤੁਹਾਡੀ ਸਹਾਇਤਾ ਕਰਦਾ ਹੈ।

# 7

## ਆਪਣਾ ਧਿਆਨ ਟਿਕਾਈ ਰੱਖੋ।

ਜੀਵਨ ਦੇ ਪ੍ਰਚੰਡ ਤੂਫ਼ਾਨ ਪਰਮੇਸ਼ੁਰ ਉੱਤੇ ਸਾਡੇ ਵਿਸ਼ਵਾਸ ਦੀ ਪਰਖ ਲੈਂਦੇ ਹਨ ਅਤੇ ਉਸ ਉੱਤੇ ਦਬਾਅ ਪਾਂਦੇ ਹਨ। ਕੀ ਤੁਹਾਨੂੰ ਉਹ ਘਟਨਾ ਯਾਦ ਹੈ ਜਦੋਂ ਯਿਸੂ ਨੇ ਪਤਰਸ ਨੂੰ ਗਲੀਲ ਦੀ ਝੀਲ ਉੱਤੇ ਆਪਣੇ ਕੋਲ ਆਉਣ ਲਈ ਬੁਲਾਇਆ ਸੀ, ਜਦੋਂ ਕਿ ਤੇਜ਼ ਹਵਾ ਚੱਲ ਰਹੀ ਸੀ ਅਤੇ ਲਹਿਰਾਂ ਉਛਾਲੇ ਮਾਰ ਰਹੀਆਂ ਸਨ? ਪਤਰਸ ਆਪਣੀ ਮੱਛੀਆਂ ਫੜਨ ਵਾਲੀ ਕਿਸ਼ਤੀ ਤੋਂ ਉਤਰ ਕੇ ਯਿਸੂ ਵੱਲ ਤੁਰਨ ਲੱਗ ਪਿਆ। ਜਦੋਂ ਤੱਕ ਉਸ ਦੀ ਨਿਗਾਹ ਪ੍ਰਭੂ ਉੱਤੇ ਟਿਕੀ ਰਹੀ, ਉਹ ਪਾਣੀ ਉੱਤੇ ਤੁਰਦਾ ਰਿਹਾ। "ਪਰ ਜਦੋਂ ਉਸ ਨੇ ਤੇਜ਼ ਹਵਾ ਨੂੰ ਵੇਖਿਆ, ਤਾਂ ਉਹ ਡਰ ਗਿਆ ਅਤੇ ਡੁੱਬਣ ਲੱਗ ਪਿਆ।" (ਮੱਤੀ ਅਧਿਆਇ 14 ਆਇਤ 30)।

ਯਿਸੂ ਨੇ ਆਪਣੇ ਮਿੱਤਰ ਨੂੰ ਬਚਾ ਲਿਆ, ਪਰ ਉਸ ਦੇ ਸ਼ੱਕ ਅਤੇ ਥੋੜ੍ਹੇ ਵਿਸ਼ਵਾਸ ਦੇ ਕਾਰਨ ਉਸ ਨੂੰ ਝਿੜਕਿਆ ਵੀ। ਪਤਰਸ ਯਿਸੂ ਉੱਤੇ ਵਿਸ਼ਵਾਸ ਤਾਂ ਕਰਦਾ ਸੀ, ਪਰ ਜਦੋਂ ਹਵਾ ਅਤੇ ਲਹਿਰਾਂ ਬਹੁਤ ਹੀ ਭਿਆਨਕ ਦਿਖਾਈ ਦੇਣ ਲੱਗੀਆਂ, ਤਾਂ ਉਸ ਦਾ ਵਿਸ਼ਵਾਸ ਇੰਨਾ ਦ੍ਰਿੜ੍ਹ ਨਹੀਂ ਸੀ ਕਿ ਉਹ ਪ੍ਰਭੂ ਉੱਤੇ ਪੂਰੀ ਤਰ੍ਹਾਂ ਭਰੋਸਾ ਕਰ ਸਕੇ। ਉਸ ਦਾ ਵਿਸ਼ਵਾਸ ਅਜੇ ਉਸ ਪੱਧਰ ਤੱਕ ਵਿਕਸਿਤ ਨਹੀਂ ਹੋਇਆ ਸੀ ਕਿ ਉਹ ਤੂਫ਼ਾਨ ਦੇ ਸਾਹਮਣੇ ਅਡੋਲ ਰਹਿ ਸਕੇ।

ਸਾਡੇ ਵਿੱਚੋਂ ਬਹੁਤ ਸਾਰੇ ਲੋਕ ਪਤਰਸ ਵਰਗੇ ਹਨ। ਅਸੀਂ ਉਤਸ਼ਾਹ ਨਾਲ ਸ਼ੁਰੂ ਤਾਂ ਕਰਦੇ ਹਾਂ, ਪਰ ਸਮਾਂ ਬੀਤਣ ਦੇ ਨਾਲ ਜੋ ਕੁਝ ਅਸੀਂ ਆਪਣੀਆਂ ਅੱਖਾਂ ਨਾਲ ਵੇਖਦੇ ਹਾਂ ਅਤੇ ਆਪਣੀਆਂ ਭਾਵਨਾਵਾਂ ਵਿੱਚ ਅਨੁਭਵ ਕਰਦੇ ਹਾਂ, ਉਹੀ ਸਾਡਾ ਧਿਆਨ ਸਾਡੇ ਵਿਸ਼ਵਾਸ ਦੇ ਸਰੋਤ ਤੋਂ ਹਟਾਉਣ ਲੱਗ ਪੈਂਦਾ ਹੈ, ਅਤੇ ਤਦ ਸਾਡੇ ਮਨ ਵਿੱਚ ਸ਼ੱਕ ਪੈਦਾ ਹੋਣ ਲੱਗਦਾ ਹੈ। ਜੇ ਤੁਹਾਨੂੰ ਜੀਵਨ ਦੇ ਪ੍ਰਚੰਡ ਤੂਫ਼ਾਨਾਂ ਦੇ ਸਾਹਮਣੇ ਦ੍ਰਿੜ੍ਹ ਬਣੇ ਰਹਿਣਾ ਹੈ, ਤਾਂ ਤੁਹਾਨੂੰ ਇਹ ਸਿੱਖਣਾ ਪਵੇਗਾ ਕਿ ਆਪਣੀ ਨਿਗਾਹ ਨੂੰ ਕਿਵੇਂ ਅਡੋਲ ਰੱਖਣਾ ਹੈ।

## ਤੁਹਾਡੀਆਂ ਜੜ੍ਹਾਂ ਡੂੰਘੀਆਂ ਹੋਣੀਆਂ ਚਾਹੀਦੀਆਂ ਹਨ।

ਜਦੋਂ ਯਿਸੂ ਇਸ ਧਰਤੀ ਉੱਤੇ ਸਨ, ਤਾਂ ਉਹ ਆਤਮਿਕ ਸੱਚਾਈਆਂ ਨੂੰ ਸਮਝਾਉਣ ਲਈ ਅਕਸਰ ਦ੍ਰਿਸ਼ਟਾਂਤਾਂ ਦੀ ਵਰਤੋਂ ਕਰਦੇ ਸਨ। ਅਜਿਹੇ ਹੀ ਇੱਕ ਦ੍ਰਿਸ਼ਟਾਂਤ ਵਿੱਚ ਪ੍ਰਭੂ ਨੇ ਪਰਮੇਸ਼ੁਰ ਦੇ ਬਚਨ ਦੇ ਪ੍ਰਚਾਰ ਦੀ ਤੁਲਨਾ ਇੱਕ ਬੀਜ ਬੀਜਣ ਵਾਲੇ ਨਾਲ ਕੀਤੀ, ਜੋ ਬੀਜ ਬੀਜਦਾ ਹੈ। ਇਸ ਦ੍ਰਿਸ਼ਟਾਂਤ ਰਾਹੀਂ ਯਿਸੂ ਨੇ ਸਪਸ਼ਟ ਕੀਤਾ ਕਿ ਪਰਮੇਸ਼ੁਰ

ਦੇ ਬਚਨ ਪ੍ਰਤੀ ਹਰੇਕ ਵਿਅਕਤੀ ਦੀ ਪ੍ਰਤੀਕਿਰਿਆ ਇਹ ਨਿਰਧਾਰਤ ਕਰਦੀ ਹੈ ਕਿ ਉਹ ਬਚਨ ਉਸ ਦੇ ਜੀਵਨ ਵਿੱਚ ਕਿੰਨਾ ਪ੍ਰਭਾਵ ਪਾਏਗਾ। ਯਿਸੂ ਨੇ ਉਨ੍ਹਾਂ ਲੋਕਾਂ ਬਾਰੇ ਕਿਹਾ, "ਉਹ ਉਹ ਹਨ ਜੋ ਬਚਨ ਸੁਣਦੇ ਹੀ ਖੁਸ਼ੀ ਨਾਲ ਉਸ ਨੂੰ ਕਬੂਲ ਕਰ ਲੈਂਦੇ ਹਨ। ਪਰ ਉਨ੍ਹਾਂ ਦੀ ਜੜ੍ਹ ਆਪਣੇ ਅੰਦਰ ਡੂੰਘੀ ਨਹੀਂ ਹੁੰਦੀ, ਇਸ ਲਈ ਉਹ ਥੋੜ੍ਹੇ ਹੀ ਸਮੇਂ ਤੱਕ ਸਥਿਰ ਰਹਿੰਦੇ ਹਨ। ਬਾਅਦ ਵਿੱਚ ਜਦੋਂ ਬਚਨ ਦੇ ਕਾਰਨ ਕਲੇਸ਼ ਜਾਂ ਸਤਾਓ ਆਉਂਦਾ ਹੈ, ਤਾਂ ਉਹ ਤੁਰੰਤ ਠੋਕਰ ਖਾ ਜਾਂਦੇ ਹਨ।" (ਮਰਕੁਸ ਅਧਿਆਇ 4 ਆਇਤ 16 ਅਤੇ 17)

ਜੇ ਤੁਹਾਨੂੰ ਔਖੇ ਸਮੇਂ ਵਿੱਚ ਸਥਿਰ ਬਣੇ ਰਹਿਣਾ ਹੈ, ਤਾਂ ਤੁਹਾਡੀਆਂ ਆਤਮਿਕ ਜੜ੍ਹਾਂ ਡੂੰਘੀਆਂ ਹੋਣੀਆਂ ਚਾਹੀਦੀਆਂ ਹਨ, ਤਾਂ ਜੋ ਆਪਣੇ ਹਾਲਾਤਾਂ ਵਿੱਚ ਜੋ ਕੁਝ ਤੁਸੀਂ ਵੇਖਦੇ ਅਤੇ ਮਹਿਸੂਸ ਕਰਦੇ ਹੋ, ਉਸ ਦੇ ਕਾਰਨ ਤੁਸੀਂ ਮੁਰਝਾ ਨਾ ਜਾਓ। ਇਹ ਡੂੰਘੀਆਂ ਜੜ੍ਹਾਂ ਉਦੋਂ ਵਿਕਸਿਤ ਹੁੰਦੀਆਂ ਹਨ ਜਦੋਂ ਤੁਸੀਂ ਆਪਣਾ ਧਿਆਨ ਯਿਸੂ ਉੱਤੇ ਕੇਂਦਰਿਤ ਰੱਖਦੇ ਹੋ ਅਤੇ ਉਸ ਨੂੰ ਲਗਾਤਾਰ ਉੱਥੇ ਹੀ ਟਿਕਾਈ ਰੱਖਣਾ ਸਿੱਖਦੇ ਹੋ।

## ਪਰਮੇਸ਼ੁਰ ਦੇ ਬਚਨ ਉੱਤੇ ਮਨਨ ਕਰੋ।

ਮਸੀਹੀਆਂ ਨੂੰ ਇਹ ਸਿੱਖਿਆ ਦਿੱਤੀ ਗਈ ਹੈ ਕਿ ਉਹ ਆਪਣਾ ਜੀਵਨ "ਯਿਸੂ ਵੱਲ ਤੱਕਦੇ ਹੋਏ" ਬਿਤਾਉਣ। (ਇਬਰਾਨੀਆਂ ਅਧਿਆਇ 12 ਆਇਤ 2)

ਜਿਸ ਯੂਨਾਨੀ ਸ਼ਬਦ ਦਾ ਅਨੁਵਾਦ "ਤੱਕਦੇ ਹੋਏ" ਕੀਤਾ ਗਿਆ ਹੈ, ਉਸ ਦਾ ਅਰਥ ਹੈ ਧਿਆਨਪੂਰਵਕ ਵਿਚਾਰ ਕਰਨਾ।

ਜਦੋਂ ਤੁਸੀਂ ਕਿਸੇ ਗੱਲ ਉੱਤੇ ਵਿਚਾਰ ਕਰਦੇ ਹੋ, ਤਾਂ ਤੁਸੀਂ ਉਸ ਦੇ ਵਿਸ਼ੇ ਵਿੱਚ ਸਮਾਂ ਲੈ ਕੇ ਡੂੰਘਾਈ ਨਾਲ ਸੋਚਦੇ ਹੋ ਅਤੇ ਉਸ ਨੂੰ ਸਾਵਧਾਨੀ ਨਾਲ ਆਪਣੇ ਮਨ ਵਿੱਚ ਰੱਖਦੇ ਹੋ। ਦੂਜੇ ਸ਼ਬਦਾਂ ਵਿੱਚ, ਤੁਸੀਂ ਉਸ ਉੱਤੇ ਮਨਨ ਕਰਦੇ ਹੋ। ਮਨਨ ਕਰਨ ਦਾ ਅਰਥ ਹੈ ਕਿਸੇ ਵਿਚਾਰ ਜਾਂ ਸੱਚਾਈ ਉੱਤੇ ਵਾਰ-ਵਾਰ ਚਿੰਤਨ ਕਰਨਾ, ਉਸ ਨੂੰ ਆਪਣੇ ਮਨ ਵਿੱਚ ਉਲਟ-ਪਲਟ ਕੇ ਵੇਖਣਾ ਅਤੇ ਡੂੰਘਾਈ ਨਾਲ ਉਸ ਉੱਤੇ ਵਿਚਾਰ ਕਰਨਾ। ਇੱਥੇ ਮਨਨ ਲਈ ਜਿਸ ਯੂਨਾਨੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਉਸ ਦਾ ਅਰਥ ਹੈ—ਕਿਸੇ ਗੱਲ ਨੂੰ ਆਪਣੇ ਮਨ ਵਿੱਚ ਵਾਰ-ਵਾਰ ਘੁਮਾਉਂਦੇ ਰਹਿਣਾ ਅਤੇ ਉਸ ਉੱਤੇ ਲਗਾਤਾਰ ਵਿਚਾਰ ਕਰਦੇ ਰਹਿਣਾ।

ਇਹ ਕਿਸੇ ਕਿਸਮ ਦਾ ਨਿਊ ਏਜ ਅਭਿਆਸ ਨਹੀਂ ਹੈ, ਜਿਸ ਵਿੱਚ ਤੁਸੀਂ ਆਪਣੇ ਮਨ ਵਿੱਚ ਯਿਸੂ ਦੀ ਕਲਪਨਾ ਕਰੋ। ਅਸੀਂ ਪ੍ਰਭੂ ਉੱਤੇ ਇਸ ਤਰ੍ਹਾਂ ਮਨਨ ਕਰਦੇ ਹਾਂ ਕਿ ਪਵਿੱਤਰ-ਸ਼ਾਸਤਰ ਦੇ ਪੰਨਿਆਂ ਵਿੱਚ ਜਿਵੇਂ ਉਹ ਪ੍ਰਗਟ ਕੀਤੇ ਗਏ ਹਨ, ਉਨ੍ਹਾਂ ਦੇ ਵਿਸ਼ੇ ਵਿੱਚ ਸਮਾਂ ਕੱਢ ਕੇ ਡੂੰਘਾਈ ਨਾਲ ਵਿਚਾਰ ਕਰਦੇ ਹਾਂ। ਅਸੀਂ ਇਸ ਗੱਲ ਉੱਤੇ ਮਨਨ ਕਰਦੇ ਹਾਂ ਕਿ ਯਿਸੂ ਨੇ ਕੀ ਕਿਹਾ, ਕੀ ਕੀਤਾ, ਉਨ੍ਹਾਂ ਦੇ ਸੁਭਾਅ ਬਾਰੇ ਵਿਚਾਰ ਕਰਦੇ ਹਾਂ ਅਤੇ ਉਨ੍ਹਾਂ ਦੀ ਸਮਰੱਥਾ ਉੱਤੇ ਧਿਆਨ ਲਗਾਉਂਦੇ ਹਾਂ। ਨਵੇਂ ਨੇਮ ਦਾ ਨਿਯਮਿਤ ਅਤੇ ਵਿਵਸਥਿਤ ਅਧਿਐਨ ਇਸ ਕੰਮ ਵਿੱਚ ਤੁਹਾਡੀ ਸਹਾਇਤਾ ਕਰਦਾ ਹੈ।

ਲਗਾਤਾਰ ਬਾਈਬਲ ਪੜ੍ਹਨਾ ਨਾ ਕੇਵਲ ਤੁਹਾਨੂੰ ਪਵਿੱਤਰ-ਸ਼ਾਸਤਰ ਨਾਲ ਵਧੇਰੇ ਜਾਣੂ ਕਰਾਉਂਦਾ ਹੈ, ਜੋ ਹੌਲੀ-ਹੌਲੀ ਤੁਹਾਡੇ ਸਾਹਮਣੇ ਯਿਸੂ ਨੂੰ ਹੋਰ ਵੀ ਸਪਸ਼ਟ ਰੂਪ ਵਿੱਚ ਪ੍ਰਗਟ ਕਰਦਾ ਹੈ, ਸਗੋਂ ਇਹ ਪਰਮੇਸ਼ੁਰ ਦੇ ਬਚਨ ਨੂੰ ਤੁਹਾਡੇ ਮਨ ਵਿੱਚ ਵੀ ਤਾਜ਼ਾ ਬਣਾਈ ਰੱਖਦਾ ਹੈ। ਤਦ ਦਿਨ ਭਰ ਦੇ ਕੰਮਾਂ ਦੇ ਵਿਚਕਾਰ ਵੀ ਤੁਹਾਡੇ ਕੋਲ ਅਜਿਹੀ ਸੱਚਾਈ

ਹੁੰਦੀ ਹੈ ਜਿਸ ਉੱਤੇ ਤੁਸੀਂ ਮਨਨ ਕਰ ਸਕਦੇ ਹੋ, ਜਿਸ ਦੇ ਵਿਸ਼ੇ ਵਿੱਚ ਸੋਚ ਸਕਦੇ ਹੋ ਅਤੇ ਜਿਸ ਉੱਤੇ ਧਿਆਨਪੂਰਵਕ ਵਿਚਾਰ ਕਰ ਸਕਦੇ ਹੋ। ਹੌਲੀ-ਹੌਲੀ ਤੁਹਾਡੀ ਸੋਚ ਉਸੇ ਦ੍ਰਿਸ਼ਟੀਕੋਣ ਦੇ ਅਨੁਸਾਰ ਹੋਣ ਲੱਗਦੀ ਹੈ ਜਿਸ ਤਰ੍ਹਾਂ ਪਰਮੇਸ਼ੁਰ ਅਸਲ ਵਿੱਚ ਗੱਲਾਂ ਨੂੰ ਵੇਖਦਾ ਹੈ। ਤੁਸੀਂ ਸੁਭਾਵਿਕ ਤੌਰ ਤੇ ਉਸੇ ਤਰ੍ਹਾਂ ਸੋਚਣਾ ਸ਼ੁਰੂ ਕਰ ਦਿੰਦੇ ਹੋ ਜਿਵੇਂ ਪਰਮੇਸ਼ੁਰ ਆਪਣੇ ਬਚਨ ਵਿੱਚ ਕਹਿੰਦਾ ਹੈ।

ਕੀ ਕਦੇ ਅਜਿਹਾ ਹੋਇਆ ਹੈ ਕਿ ਤੁਸੀਂ ਕਿਸੇ ਵਿਅਕਤੀ ਨਾਲ ਬਹੁਤ ਸਮਾਂ ਬਿਤਾਇਆ ਹੋਵੇ ਅਤੇ ਬਾਅਦ ਵਿੱਚ ਤੁਹਾਨੂੰ ਅਹਿਸਾਸ ਹੋਇਆ ਹੋਵੇ ਕਿ ਤੁਸੀਂ ਅਣਜਾਣੇ ਵਿੱਚ ਉਸ ਦੀਆਂ ਕੁਝ ਆਦਤਾਂ ਜਾਂ ਵਿਹਾਰ ਅਪਣਾ ਲਏ ਹਨ? ਜਾਂ ਕੀ ਤੁਸੀਂ ਧਿਆਨ ਦਿੱਤਾ ਹੈ ਕਿ ਜੇ ਰਾਤ ਨੂੰ ਸੌਣ ਤੋਂ ਪਹਿਲਾਂ ਤੁਹਾਡੀਆਂ ਅੱਖਾਂ ਦੇ ਸਾਹਮਣੇ ਆਉਣ ਵਾਲਾ ਆਖ਼ਰੀ ਦ੍ਰਿਸ਼ ਡਰਾਉਣਾ ਜਾਂ ਬੇਚੈਨ ਕਰਨ ਵਾਲਾ ਹੋਵੇ, ਤਾਂ ਸੌਣ ਦੀ ਕੋਸ਼ਿਸ਼ ਕਰਦੇ ਸਮੇਂ ਵਾਰ-ਵਾਰ ਉਹੀ ਦ੍ਰਿਸ਼ ਤੁਹਾਡੇ ਮਨ ਵਿੱਚ ਘੁੰਮਦਾ ਰਹਿੰਦਾ ਹੈ?

ਮਨੁੱਖ ਦੀ ਰਚਨਾ ਹੀ ਇਸ ਤਰ੍ਹਾਂ ਕੀਤੀ ਗਈ ਹੈ ਕਿ ਜਿਸ ਗੱਲ ਨੂੰ ਉਹ ਵਾਰ-ਵਾਰ ਵੇਖਦਾ ਹੈ ਅਤੇ ਜਿਸ ਉੱਤੇ ਆਪਣਾ ਧਿਆਨ ਕੇਂਦਰਿਤ ਕਰਦਾ ਹੈ, ਉਸ ਦਾ ਉਸ ਦੇ ਜੀਵਨ ਉੱਤੇ ਪ੍ਰਭਾਵ ਪੈਂਦਾ ਹੈ। ਅਤੇ ਜੇ ਤੁਸੀਂ ਜਾਣ-ਬੁੱਝ ਕੇ ਕਿਸੇ ਗੱਲ ਨੂੰ ਆਪਣੇ ਧਿਆਨ ਦੇ ਕੇਂਦਰ ਵਿੱਚ ਬਣਾਈ ਰੱਖਣ ਦਾ ਯਤਨ ਨਹੀਂ ਕਰਦੇ, ਤਾਂ ਹੌਲੀ-ਹੌਲੀ ਉਹ ਤੁਹਾਡੇ ਮਨ ਵਿੱਚੋਂ ਧੁੰਦਲੀ ਪੈਣ ਲੱਗਦੀ ਹੈ ਅਤੇ ਅੰਤ ਵਿੱਚ ਯਾਦ ਵਿੱਚੋਂ ਓਝਲ ਹੋਣ ਲੱਗਦੀ ਹੈ।

ਪਰਮੇਸ਼ੁਰ ਦੀ ਇੱਛਾ ਹੈ ਕਿ ਅਸੀਂ ਆਪਣੇ ਜੀਵਨ ਵਿੱਚ ਉਸ ਦੇ ਲਿਖੇ ਹੋਏ ਬਚਨ ਰਾਹੀਂ ਉਸ ਵੱਲ ਆਪਣੀ ਨਿਗਾਹ ਲਾਈ ਰੱਖੀਏ ਅਤੇ ਉਸੇ ਰਾਹੀਂ ਉਸ ਤੋਂ ਪ੍ਰਭਾਵਿਤ ਅਤੇ ਬਦਲਦੇ ਜਾਈਏ। ਜਦੋਂ ਤੁਸੀਂ ਵਾਰ-ਵਾਰ ਪਰਮੇਸ਼ੁਰ ਦੇ ਬਚਨ ਵੱਲ ਵੇਖਦੇ ਹੋ—ਉਸ ਨੂੰ ਨਿਯਮਿਤ ਤੌਰ ਤੇ ਪੜ੍ਹਦੇ ਹੋ ਅਤੇ ਉਸ ਉੱਤੇ ਮਨਨ ਕਰਨ ਦਾ ਯਤਨ ਕਰਦੇ ਹੋ—ਤਾਂ ਉਸ ਦਾ ਤੁਹਾਡੇ ਮਨ ਉੱਤੇ ਸਥਾਈ ਪ੍ਰਭਾਵ ਪੈਂਦਾ ਹੈ। ਯਾਦ ਰੱਖੋ, ਬਾਈਬਲ ਕੋਈ ਸਧਾਰਨ ਪੁਸਤਕ ਨਹੀਂ ਹੈ; ਇਹ ਅਲੌਕਿਕ ਹੈ। ਇਹ ਤੁਹਾਡੇ ਅੰਦਰ ਕੰਮ ਕਰਦੀ ਹੈ ਅਤੇ ਤੁਹਾਨੂੰ ਸਮਰੱਥਾ ਦਿੰਦੀ ਹੈ, ਕਿਉਂਕਿ ਇਹ ਤੁਹਾਨੂੰ ਪਰਮੇਸ਼ੁਰ ਦੀ ਭਲਾਈ ਅਤੇ ਉਸ ਦੀ ਵਫ਼ਾਦਾਰੀ ਪ੍ਰਤੀ ਦ੍ਰਿੜ੍ਹ ਵਿਸ਼ਵਾਸ ਦਿਵਾਉਂਦੀ ਹੈ। ਦੂਜੇ ਸ਼ਬਦਾਂ ਵਿੱਚ, ਇਹ ਤੁਹਾਡੇ ਆਤਮਿਕ ਜੀਵਨ ਦੀਆਂ ਜੜ੍ਹਾਂ ਨੂੰ ਡੂੰਘਾ ਅਤੇ ਦ੍ਰਿੜ੍ਹ ਬਣਾਉਂਦੀ ਹੈ।

## "ਬੱਸ ਬਚਨ ਨੂੰ ਵਾਰ-ਵਾਰ ਬੋਲਦੇ ਰਹੋ!"

ਇਸ ਪੁਸਤਕ ਦੇ ਸ਼ੁਰੂਆਤੀ ਅਧਿਆਇਆਂ ਵਿੱਚ ਅਸੀਂ ਪੁਰਾਣੇ ਨੇਮ ਦੇ ਦੋ ਅਜਿਹੇ ਹਿੱਸਿਆਂ ਉੱਤੇ ਵਿਚਾਰ ਕੀਤਾ ਸੀ ਜੋ ਪਰਮੇਸ਼ੁਰ ਦੇ ਬਚਨ ਉੱਤੇ ਮਨਨ ਕਰਨ ਨੂੰ ਔਖੇ ਸਮੇਂ ਵਿੱਚ ਸਥਿਰ ਬਣੇ ਰਹਿਣ ਨਾਲ ਜੋੜਦੇ ਹਨ। ਪਹਿਲੇ ਅਧਿਆਇ ਵਿੱਚ ਮੈਂ ਜ਼ਿਕਰ ਕੀਤਾ ਸੀ ਕਿ ਦਾਊਦ ਨੇ ਇੱਕ ਭਜਨ ਵਿੱਚ ਉਸ ਵਿਸ਼ਵਾਸੀ ਦੀ ਤੁਲਨਾ ਇੱਕ ਹਰੇ-ਭਰੇ ਰੁੱਖ ਨਾਲ ਕੀਤੀ ਹੈ ਜੋ ਲਗਾਤਾਰ ਪਰਮੇਸ਼ੁਰ ਦੇ ਬਚਨ ਉੱਤੇ ਮਨਨ ਕਰਦਾ ਹੈ। ਅਜਿਹੇ ਵਿਅਕਤੀ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਹੁੰਦੀਆਂ ਹਨ ਕਿ ਉਹ ਉਸ ਨੂੰ ਤੂਫ਼ਾਨਾਂ ਦੇ ਸਮੇਂ ਸਥਿਰ ਬਣਾਈ ਰੱਖਦੀਆਂ ਹਨ ਅਤੇ ਸੋਕੇ ਦੇ ਦਿਨਾਂ ਵਿੱਚ ਵੀ ਉਸ ਲਈ ਪਾਣੀ ਪ੍ਰਾਪਤ ਕਰਦੀਆਂ ਰਹਿੰਦੀਆਂ ਹਨ। (ਜ਼ਬੂਰਾਂ ਦੀ ਪੋਥੀ ਅਧਿਆਇ 1 ਆਇਤ 1 ਤੋਂ 3)

ਚੌਥੇ ਅਧਿਆਇ ਵਿੱਚ ਮੈਂ ਇਹ ਵੀ ਦੱਸਿਆ ਸੀ ਕਿ ਪ੍ਰਭੂ ਨੇ ਯਹੋਸ਼ੁਆ ਨੂੰ ਕਿਹਾ ਸੀ ਕਿ ਜੇ ਉਹ ਪਵਿੱਤਰ-ਸ਼ਾਸਤਰ ਉੱਤੇ ਮਨਨ ਕਰੇਗਾ, ਤਾਂ ਕਨਾਨ ਦੇਸ਼ ਵਿੱਚ ਇਸਰਾਏਲ ਦੀ ਅਗਵਾਈ ਕਰਦੇ ਸਮੇਂ ਆਉਣ ਵਾਲੀ ਹਰੇਕ ਚੁਣੌਤੀ ਵਿੱਚ ਉਸ ਨੂੰ ਸਫਲਤਾ ਮਿਲੇਗੀ। (ਯਹੋਸ਼ੁਆ ਅਧਿਆਇ 1 ਆਇਤ 8)

ਇਨ੍ਹਾਂ ਦੋਹਾਂ ਥਾਵਾਂ ਉੱਤੇ ਮਨਨ ਲਈ ਜਿਸ ਇਬਰਾਨੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਉਸ ਦਾ ਸ਼ਾਬਦਿਕ ਅਰਥ ਹੈ ਹੌਲੀ-ਹੌਲੀ ਬੋਲਣਾ ਜਾਂ ਬੁੜਬੁੜਾਉਣਾ। ਪਰ ਉਸ ਦੇ ਭਾਵਾਰਥ ਦਾ ਅਰਥ ਹੈ—ਕਿਸੇ ਗੱਲ ਉੱਤੇ ਡੂੰਘਾਈ ਨਾਲ ਵਿਚਾਰ ਕਰਨਾ ਜਾਂ ਸਾਵਧਾਨੀ ਨਾਲ ਉਸ ਦਾ ਮਨਨ ਕਰਨਾ।

ਬਦਕਿਸਮਤੀ ਨਾਲ, ਕਿਉਂਕਿ ਉਸ ਇਬਰਾਨੀ ਸ਼ਬਦ ਦਾ ਸ਼ਾਬਦਿਕ ਅਰਥ ਬੁੜਬੁੜਾਉਣਾ ਹੈ, ਇਸ ਲਈ ਕੁਝ ਲੋਕਾਂ ਨੇ ਇਸ ਵਿਚਾਰ ਨੂੰ ਇੱਕ ਸੂਤਰ ਜਾਂ ਵਿਧੀ ਬਣਾ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਤੁਸੀਂ ਸਹੀ ਸ਼ਬਦਾਂ ਨੂੰ ਕਾਫ਼ੀ ਵਾਰ ਦੁਹਰਾਉਂਦੇ ਰਹੋਗੇ, ਤਾਂ ਪਰਮੇਸ਼ੁਰ ਜ਼ਰੂਰ ਤੁਹਾਡੀ ਸਥਿਤੀ ਬਦਲ ਦੇਵੇਗਾ।

ਪਰ ਪਵਿੱਤਰ-ਸ਼ਾਸਤਰ ਉੱਤੇ ਮਨਨ ਕਰਨ ਦਾ ਅਰਥ ਕੇਵਲ ਸ਼ਬਦਾਂ ਨੂੰ ਵਾਰ-ਵਾਰ ਬੋਲਦੇ ਰਹਿਣਾ ਨਹੀਂ ਹੈ। ਮਨਨ ਦਾ ਅਰਥ ਹੈ, ਜੋ ਕੁਝ ਤੁਸੀਂ ਪੜ੍ਹਿਆ ਹੈ ਉਸ ਉੱਤੇ ਉਦੋਂ ਤੱਕ ਡੂੰਘਾਈ ਨਾਲ ਵਿਚਾਰ ਕਰਨਾ, ਜਦੋਂ ਤੱਕ ਕਿ ਉਹ ਤੁਹਾਡੀ ਸੋਚ ਅਤੇ ਤੁਹਾਡੀ ਦ੍ਰਿਸ਼ਟੀ ਨੂੰ ਬਦਲ ਨਾ ਦੇਵੇ। ਜਦੋਂ ਤੁਸੀਂ ਪਰਮੇਸ਼ੁਰ ਦੇ ਬਚਨ ਉੱਤੇ ਧਿਆਨਪੂਰਵਕ ਮਨਨ ਕਰਦੇ ਹੋ, ਤਾਂ ਤੁਹਾਡੇ ਅੰਦਰ ਇਹ ਦ੍ਰਿੜ੍ਹ ਵਿਸ਼ਵਾਸ ਪੈਦਾ ਹੁੰਦਾ ਹੈ ਕਿ ਹਕੀਕਤ ਕੇਵਲ ਉਹੀ ਨਹੀਂ ਹੈ ਜੋ ਇਸ ਸਮੇਂ ਤੁਹਾਡੀਆਂ ਅੱਖਾਂ ਨੂੰ ਦਿਖਾਈ ਦਿੰਦੀ ਹੈ ਜਾਂ ਤੁਹਾਡੀਆਂ ਭਾਵਨਾਵਾਂ ਅਨੁਭਵ ਕਰਦੀਆਂ ਹਨ। ਇਹੀ ਦ੍ਰਿੜ੍ਹ ਵਿਸ਼ਵਾਸ, ਅਰਥਾਤ ਵਿਸ਼ਵਾਸ, ਫਿਰ ਤੁਹਾਡੀ ਗੱਲਬਾਤ, ਤੁਹਾਡੀ ਸੋਚ ਅਤੇ ਔਖੀਆਂ ਸਥਿਤੀਆਂ ਪ੍ਰਤੀ ਤੁਹਾਡੀ ਪ੍ਰਤੀਕਿਰਿਆ ਨੂੰ ਬਦਲ ਦਿੰਦਾ ਹੈ। ਅਜਿਹਾ ਇਸ ਲਈ ਨਹੀਂ ਹੁੰਦਾ ਕਿ ਇਹ ਕੋਈ ਅਜਿਹੀ ਤਕਨੀਕ ਹੈ ਜਿਸ ਨਾਲ ਕੋਈ ਵਿਸ਼ੇਸ਼ ਨਤੀਜਾ ਪ੍ਰਾਪਤ ਕੀਤਾ ਜਾ ਸਕੇ, ਸਗੋਂ ਇਸ ਲਈ ਹੁੰਦਾ ਹੈ ਕਿ ਹਕੀਕਤ ਪ੍ਰਤੀ ਤੁਹਾਡਾ ਦ੍ਰਿਸ਼ਟੀਕੋਣ ਹੀ ਬਦਲ ਚੁੱਕਾ ਹੁੰਦਾ ਹੈ।

ਪਰਮੇਸ਼ੁਰ ਦੇ ਬਚਨ ਉੱਤੇ ਮਨਨ ਕਰਨ ਦੀ ਮਹੱਤਤਾ ਨੂੰ ਅਸੀਂ ਉਸ ਗੱਲ ਤੋਂ ਵੀ ਸਮਝ ਸਕਦੇ ਹਾਂ ਜੋ ਰਸੂਲ ਪੌਲੁਸ ਨੇ ਉਨ੍ਹਾਂ ਵਿਸ਼ਵਾਸੀਆਂ ਨੂੰ ਲਿਖੀ ਸੀ ਜੋ ਵੱਧਦੇ ਹੋਏ ਬਹੁਤ ਕਠੋਰ ਸਤਾਓ ਦੇ ਤੂਫ਼ਾਨ ਦਾ ਸਾਹਮਣਾ ਕਰ ਰਹੇ ਸਨ। ਉਸ ਨੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਭਾਵੇਂ ਉਨ੍ਹਾਂ ਦੇ ਜੀਵਨ ਵਿੱਚ ਕੁਝ ਵੀ ਵਾਪਰੇ, ਉਨ੍ਹਾਂ ਕੋਲ ਹਰ ਸਥਿਤੀ ਦਾ ਸਾਹਮਣਾ ਕਰਨ ਲਈ ਲੋੜੀਂਦੀ ਹਰ ਚੀਜ਼ ਹੈ, ਕਿਉਂਕਿ ਸਰਬਸ਼ਕਤੀਮਾਨ ਪਰਮੇਸ਼ੁਰ ਉਨ੍ਹਾਂ ਦੇ ਨਾਲ ਹੈ। ਆਪਣੇ ਪਾਠਕਾਂ ਦੇ ਅੰਦਰ ਦ੍ਰਿੜ੍ਹ ਵਿਸ਼ਵਾਸ ਪੈਦਾ ਕਰਨ ਲਈ ਪੌਲੁਸ ਨੇ ਉਸ ਘੋਸ਼ਣਾ ਦਾ ਜ਼ਿਕਰ ਕੀਤਾ ਜੋ ਪ੍ਰਭੂ ਨੇ ਉਸ ਸਮੇਂ ਇਸਰਾਏਲੀਆਂ ਨਾਲ ਕੀਤੀ ਸੀ ਜਦੋਂ ਪਿਛਲੀ ਪੀੜ੍ਹੀ ਦੇ ਅਸਫਲ ਹੋਣ ਤੋਂ ਬਾਅਦ ਉਹ ਕਨਾਨ ਦੇਸ਼ ਵਿੱਚ ਪ੍ਰਵੇਸ਼ ਕਰਨ ਦੀ ਤਿਆਰੀ ਕਰ ਰਹੇ ਸਨ। (ਬਿਵਸਥਾ ਸਾਰ ਅਧਿਆਇ 31 ਆਇਤ 6 ਤੋਂ 8) ਪ੍ਰਭੂ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਉਨ੍ਹਾਂ ਲਈ ਯੁੱਧ ਕਰੇਗਾ ਅਤੇ ਉਨ੍ਹਾਂ ਨੂੰ ਨਾ ਡਰਨ ਲਈ ਉਤਸ਼ਾਹਿਤ ਕੀਤਾ ਸੀ।

“ਕਿਉਂਕਿ ਪਰਮੇਸ਼ੁਰ ਨੇ ਆਪ ਕਿਹਾ ਹੈ, ‘ਮੈਂ ਤੈਨੂੰ ਕਦੇ ਨਹੀਂ ਛੱਡਾਂਗਾ ਅਤੇ ਨਾ ਹੀ ਕਦੇ ਤੈਨੂੰ ਤਿਆਗਾਂਗਾ।’ ਇਸ ਲਈ ਅਸੀਂ ਪੂਰੇ ਵਿਸ਼ਵਾਸ ਨਾਲ ਕਹਿ ਸਕਦੇ ਹਾਂ, ‘ਪ੍ਰਭੂ ਮੇਰਾ ਸਹਾਇਕ ਹੈ; ਮੈਂ ਨਹੀਂ ਡਰਾਂਗਾ। ਮਨੁੱਖ ਮੇਰਾ ਕੀ ਵਿਗਾੜ ਸਕਦਾ ਹੈ?’” (ਇਬਰਾਨੀਆਂ ਅਧਿਆਇ 13 ਆਇਤ 5 ਅਤੇ 6)

ਜਿਨ੍ਹਾਂ ਵਾਕਾਂਸ਼ਾਂ ਨੂੰ ਮੈਂ ਗੂੜ੍ਹੇ ਅੱਖਰਾਂ ਵਿੱਚ ਦਰਸਾਇਆ ਹੈ, ਉਨ੍ਹਾਂ ਉੱਤੇ ਵਿਸ਼ੇਸ਼ ਧਿਆਨ ਦਿਓ।

**ਪਰਮੇਸ਼ੁਰ ਨੇ ਕੁਝ ਕਿਹਾ ਹੈ ਤਾਂ ਜੋ ਅਸੀਂ ਵੀ ਕੁਝ ਕਹਿ ਸਕੀਏ।**

ਧਿਆਨ ਦਿਓ ਕਿ ਅਸੀਂ ਜੋ ਕਹਿੰਦੇ ਹਾਂ, ਉਹ ਪਰਮੇਸ਼ੁਰ ਦੇ ਮੂਲ ਬਚਨਾਂ ਦੀ ਸ਼ਬਦ-ਬ-ਸ਼ਬਦ ਦੁਹਰਾਈ ਨਹੀਂ ਹੁੰਦੀ। ਉਸ ਵਿਅਕਤੀ ਨੇ ਉਸ ਬਚਨ ਨੂੰ ਪੜ੍ਹਿਆ ਹੈ, ਉਸ ਉੱਤੇ ਡੂੰਘਾਈ ਨਾਲ ਵਿਚਾਰ ਕੀਤਾ ਹੈ, ਉਸ ਉੱਤੇ ਮਨਨ ਕੀਤਾ ਹੈ, ਅਤੇ ਅੰਤ ਵਿੱਚ ਇੱਕ ਅਜਿਹੇ ਦ੍ਰਿੜ੍ਹ ਨਤੀਜੇ ਉੱਤੇ ਪਹੁੰਚਿਆ ਹੈ ਜਿਸ ਨੇ ਉਸ ਦੀ ਸੋਚ ਅਤੇ ਉਸ ਦੀ ਦ੍ਰਿਸ਼ਟੀ ਨੂੰ ਬਦਲ ਦਿੱਤਾ ਹੈ। ਇਸ ਬਦਲੀ ਹੋਈ ਦ੍ਰਿਸ਼ਟੀ ਨੇ ਮੁਸ਼ਕਲਾਂ ਪ੍ਰਤੀ ਉਸ ਦੀ ਪ੍ਰਤੀਕਿਰਿਆ ਨੂੰ ਵੀ ਬਦਲ ਦਿੱਤਾ ਹੈ।

ਹੁਣ ਇਸ ਨਵੇਂ ਦ੍ਰਿਸ਼ਟੀਕੋਣ ਦੇ ਕਾਰਨ ਉਹ ਪੂਰੇ ਵਿਸ਼ਵਾਸ ਨਾਲ ਇਹ ਐਲਾਨ ਕਰ ਸਕਦਾ ਹੈ ਕਿ ਉਹ ਨਹੀਂ ਡਰਦਾ, ਕਿਉਂਕਿ ਉਸ ਨੂੰ ਪੂਰਾ ਭਰੋਸਾ ਹੈ ਕਿ ਸਰਬਸ਼ਕਤੀਮਾਨ ਪਰਮੇਸ਼ੁਰ ਜ਼ਰੂਰ ਉਸ ਦੀ ਸਹਾਇਤਾ ਕਰੇਗਾ।

ਨਿਯਮਿਤ ਤੌਰ ਤੇ ਬਾਈਬਲ ਪੜ੍ਹਨਾ ਤੁਹਾਨੂੰ ਇਹ ਸਿੱਖਣ ਵਿੱਚ ਸਹਾਇਤਾ ਕਰਦਾ ਹੈ ਕਿ ਆਪਣੇ ਵਿਸ਼ਵਾਸ ਦੇ ਸਰੋਤ, ਅਰਥਾਤ ਯਿਸੂ, ਉੱਤੇ ਆਪਣੀ ਨਿਗਾਹ ਕਿਵੇਂ ਟਿਕਾਈ ਰੱਖਣੀ ਹੈ। ਜਿਵੇਂ-ਜਿਵੇਂ ਉਨ੍ਹਾਂ ਉੱਤੇ ਤੁਹਾਡਾ ਭਰੋਸਾ ਵਧਦਾ ਜਾਂਦਾ ਹੈ, ਤਿਵੇਂ-ਤਿਵੇਂ ਹਕੀਕਤ ਪ੍ਰਤੀ ਤੁਹਾਡੀ ਦ੍ਰਿਸ਼ਟੀ ਵੀ ਬਦਲਣ ਲੱਗਦੀ ਹੈ। ਤੁਹਾਡੇ ਆਤਮਿਕ ਜੀਵਨ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਜਾਂਦੀਆਂ ਹਨ, ਜੋ ਔਖੇ ਸਮੇਂ ਵਿੱਚ ਵੀ ਤੁਹਾਨੂੰ ਸਥਿਰ ਬਣਾਈ ਰੱਖਣ ਅਤੇ ਸੰਭਾਲੇ ਰੱਖਣ ਦੇ ਸਮਰੱਥ ਹੁੰਦੀਆਂ ਹਨ।

"ਧੰਨ ਹੈ ਉਹ ਮਨੁੱਖ ਜੋ ਯਹੋਵਾਹ ਉੱਤੇ ਭਰੋਸਾ ਰੱਖਦਾ ਹੈ, ਜਿਸ ਦਾ ਵਿਸ਼ਵਾਸ ਯਹੋਵਾਹ ਹੀ ਹੈ। ਉਹ ਉਸ ਰੁੱਖ ਵਰਗਾ ਹੋਵੇਗਾ ਜੋ ਪਾਣੀ ਦੇ ਕੰਢੇ ਲਾਇਆ ਗਿਆ ਹੈ ਅਤੇ ਜਿਸ ਦੀਆਂ ਜੜ੍ਹਾਂ ਨਦੀ ਦੇ ਨੇੜੇ ਫੈਲਦੀਆਂ ਜਾਂਦੀਆਂ ਹਨ। ਜਦੋਂ ਧੁੱਪ ਪੈਂਦੀ ਹੈ ਤਾਂ ਵੀ ਉਹ ਨਹੀਂ ਡਰਦਾ, ਉਸ ਦੇ ਪੱਤੇ ਹਰੇ ਰਹਿੰਦੇ ਹਨ। ਸੋਕੇ ਦੇ ਸਾਲ ਵਿੱਚ ਵੀ ਉਹ ਚਿੰਤਾ ਨਹੀਂ ਕਰਦਾ ਅਤੇ ਫਲ ਦੇਣਾ ਨਹੀਂ ਛੱਡਦਾ।" (ਯਿਰਮਿਯਾਹ ਅਧਿਆਇ 17 ਆਇਤ 7 ਅਤੇ 8)।

# 8

## ਧਿਆਨ ਭਟਕਾਉਣ ਵਾਲੀਆਂ ਗੱਲਾਂ।

ਬੀਜ ਬੀਜਣ ਵਾਲੇ ਦੇ ਆਪਣੇ ਦ੍ਰਿਸ਼ਟਾਂਤ ਵਿੱਚ ਯਿਸੂ ਨੇ ਇੱਕ ਹੋਰ ਕਿਸਮ ਦੇ ਸੁਣਨ ਵਾਲੇ ਦਾ ਜ਼ਿਕਰ ਕੀਤਾ, ਜਿਸ ਲਈ ਪਰਮੇਸ਼ੁਰ ਦਾ ਬਚਨ ਪ੍ਰਭਾਵਹੀਣ ਹੋ ਜਾਂਦਾ ਹੈ। ਅਜਿਹਾ ਸੁਣਨ ਵਾਲਾ "ਸੰਸਾਰ ਦੀਆਂ ਚਿੰਤਾਵਾਂ ਅਤੇ ਵਿਅਕੁਲਤਾਵਾਂ ਅਤੇ ਇਸ ਯੁੱਗ ਦੇ ਭਟਕਾਵਿਆਂ ਨੂੰ ਅੰਦਰ ਆਉਣ ਦਿੰਦਾ ਹੈ, ਜੋ ਬਚਨ ਨੂੰ ਦਬਾ ਦਿੰਦੇ ਹਨ ਅਤੇ ਉਸ ਦਾ ਦਮ ਘੁੱਟ ਦਿੰਦੇ ਹਨ, ਅਤੇ ਉਹ ਨਿਸ਼ਫਲ ਹੋ ਜਾਂਦਾ ਹੈ" (ਮਰਕੁਸ ਅਧਿਆਇ 4 ਆਇਤ 19)। "ਚਿੰਤਾਵਾਂ" ਜਾਂ "ਵਿਅਕੁਲਤਾਵਾਂ" ਲਈ ਵਰਤਿਆ ਗਿਆ ਯੂਨਾਨੀ ਸ਼ਬਦ ਇੱਕ ਅਜਿਹੇ ਸ਼ਬਦ ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ "ਵੱਖ-ਵੱਖ ਦਿਸ਼ਾਵਾਂ ਵਿੱਚ ਖਿੱਚਣਾ" ਜਾਂ "ਧਿਆਨ ਭਟਕਾਉਣਾ।" ਅਨੇਕਾਂ ਕਿਸਮ ਦੇ ਭਟਕਾਵੇ ਸਾਡੇ ਵਿਰੁੱਧ ਉੱਠ ਖੜ੍ਹੇ ਹੁੰਦੇ ਹਨ ਅਤੇ ਸਾਡਾ ਧਿਆਨ ਸਾਡੇ ਵਿਸ਼ਵਾਸ ਦੇ ਸਰੋਤ—ਪਰਮੇਸ਼ੁਰ ਦੇ ਬਚਨ, ਅਰਥਾਤ ਯਿਸੂ—ਤੋਂ ਹਟਾ ਦਿੰਦੇ ਹਨ। ਜੀਵਨ ਦੇ ਤੂਫ਼ਾਨਾਂ ਵਿੱਚੋਂ ਸਫਲਤਾਪੂਰਵਕ ਪਾਰ ਲੰਘਣ ਲਈ ਇਨ੍ਹਾਂ ਭਟਕਾਵਿਆਂ ਨੂੰ ਪਛਾਣਨਾ ਅਤੇ ਉਨ੍ਹਾਂ ਨਾਲ ਢੁਕਵੇਂ ਢੰਗ ਨਾਲ ਨਜਿੱਠਣਾ ਜ਼ਰੂਰੀ ਹੈ।

## ਤੁਹਾਡੇ ਮਨ ਵਿੱਚ ਹੋਣ ਵਾਲਾ ਸੰਘਰਸ਼।

ਸੱਚੇ ਮਸੀਹੀ ਜੀਵਨ ਦੀਆਂ ਪਰਖਾਂ ਅਤੇ ਕਲੇਸ਼ਾਂ ਦੇ ਵਿਚਕਾਰ ਪਰਮੇਸ਼ੁਰ ਉੱਤੇ ਭਰੋਸਾ ਕਰਨ ਦਾ ਪੂਰਾ ਯਤਨ ਕਰਦੇ ਹਨ। ਪਰ ਉਨ੍ਹਾਂ ਦੇ ਵਿਸ਼ਵਾਸ ਨੂੰ ਕੇਵਲ ਉਨ੍ਹਾਂ ਹਨੇਰੀਆਂ ਅਤੇ ਲਹਿਰਾਂ ਤੋਂ ਹੀ ਚੁਣੌਤੀ ਨਹੀਂ ਮਿਲਦੀ ਜਿਨ੍ਹਾਂ ਨੂੰ ਉਹ ਵੇਖ ਅਤੇ ਅਨੁਭਵ ਕਰ ਸਕਦੇ ਹਨ, ਸਗੋਂ ਉਨ੍ਹਾਂ ਵਿਚਾਰਾਂ ਤੋਂ ਵੀ ਜੋ ਲਗਾਤਾਰ ਉਨ੍ਹਾਂ ਦੇ ਮਨ ਉੱਤੇ ਹਮਲਾ ਕਰਦੇ ਰਹਿੰਦੇ ਹਨ। ਐਖੇ ਸਮੇਂ ਵਿੱਚ ਸਭ ਤੋਂ ਵੱਡੀ ਲੜਾਈ ਮਨ ਦੇ ਅੰਦਰ ਹੁੰਦੀ ਹੈ। ਸਾਡਾ ਇੱਕ ਅਸਲ ਵੈਰੀ ਹੈ ਜਿਸ ਦੀਆਂ ਚਾਲਾਂ ਮਾਨਸਿਕ ਹੁੰਦੀਆਂ ਹਨ। ਸ਼ੈਤਾਨ ਪਰਮੇਸ਼ੁਰ, ਸਾਡੇ ਆਪਣੇ ਵਿਸ਼ੇ ਵਿੱਚ ਅਤੇ ਸਾਡੇ ਹਾਲਾਤਾਂ ਦੇ ਵਿਸ਼ੇ ਵਿੱਚ ਸਾਡੇ ਮਨ ਵਿੱਚ ਝੂਠੇ ਵਿਚਾਰ ਪੇਸ਼ ਕਰਦਾ ਹੈ, ਤਾਂ ਜੋ ਉਹ ਸਾਡੇ ਕੋਲੋਂ ਪਰਮੇਸ਼ੁਰ ਦਾ ਬਚਨ (ਜੋ ਬੀਜ ਹੈ) ਖੋਹ ਲਵੇ (ਮਰਕੁਸ ਅਧਿਆਇ 4 ਆਇਤ 15; ਅਫ਼ਸੀਆਂ ਅਧਿਆਇ 6 ਆਇਤ 11 ਤੋਂ 12)।

• "ਤੁਸੀਂ ਇਸ ਵਿੱਚੋਂ ਕਦੇ ਨਹੀਂ ਨਿਕਲ ਸਕੋਗੇ। ਤੁਸੀਂ ਨਿਕੰਮੇ ਅਤੇ ਅਸਫਲ ਹੋ। ਜੋ ਕੁਝ ਤੁਹਾਡੇ ਨਾਲ ਹੋ ਰਿਹਾ ਹੈ, ਤੁਸੀਂ ਉਸੇ ਦੇ ਯੋਗ ਹੋ। ਤੁਸੀਂ ਬਹੁਤ ਵਾਰ ਚੂਕ ਚੁੱਕੇ ਹੋ। ਕਿਸੇ ਨੂੰ ਤੁਹਾਡੀ ਪਰਵਾਹ ਨਹੀਂ ਹੈ, ਇੱਥੋਂ ਤੱਕ ਕਿ

ਪਰਮੇਸ਼ੁਰ ਨੂੰ ਵੀ ਨਹੀਂ। ਤੁਸੀਂ ਇਕੱਲੇ ਹੀ ਮਰ ਜਾਓਗੇ। ਕਿਉਂ ਨਾ ਆਪਣਾ ਜੀਵਨ ਖ਼ਤਮ ਕਰ ਲਓ ਅਤੇ ਇਸ ਸਭ ਦਾ ਅੰਤ ਕਰ ਦਿਓ?"

• "ਕਿਸੇ ਹੋਰ ਦੀ ਹਾਲਤ ਇੰਨੀ ਮਾੜੀ ਨਹੀਂ ਹੈ। ਤੁਸੀਂ ਇਸ ਤੋਂ ਕਿਤੇ ਬਿਹਤਰ ਦੇ ਯੋਗ ਹੋ। ਤੁਸੀਂ ਸਭ ਤੋਂ ਵੱਧ ਯਤਨ ਕਰਦੇ ਹੋ, ਫਿਰ ਵੀ ਤੁਹਾਡੇ ਹੱਥ ਕੁਝ ਨਹੀਂ ਲੱਗਦਾ। ਪਰਮੇਸ਼ੁਰ ਦੀ ਸੇਵਾ ਕਰਕੇ ਤੁਸੀਂ ਮੂਰਖ ਬਣ ਰਹੇ ਹੋ। ਇਹ ਸਭ ਉਸੇ ਦੀ ਗਲਤੀ ਹੈ। ਉਸ ਨੇ ਤੁਹਾਡੇ ਨਾਲ ਅਨਿਆਂ ਕੀਤਾ ਹੈ। ਪਰਮੇਸ਼ੁਰ ਦੀ ਸੇਵਾ ਕਰਨ ਦਾ ਕੋਈ ਲਾਭ ਨਹੀਂ ਹੈ।"

ਜੇ ਤੁਸੀਂ ਇਨ੍ਹਾਂ ਮਾਨਸਿਕ ਚੁਣੌਤੀਆਂ ਦਾ ਉੱਤਰ ਨਹੀਂ ਦੇ ਸਕਦੇ ਅਤੇ ਆਪਣੇ ਮਨ ਉੱਤੇ ਅਧਿਕਾਰ ਪ੍ਰਾਪਤ ਨਹੀਂ ਕਰ ਸਕਦੇ, ਤਾਂ ਤੁਸੀਂ ਇਸ ਤੂਫ਼ਾਨ ਵਿੱਚ ਸਥਿਰ ਨਹੀਂ ਰਹਿ ਸਕੋਗੇ। ਅਤੇ ਜੇ ਤੁਸੀਂ ਪਵਿੱਤਰ-ਸ਼ਾਸਤਰ ਨਾਲ ਜਾਣੂ ਨਹੀਂ ਹੋ, ਜਾਂ ਆਪਣੇ ਹਾਲਾਤਾਂ ਦਾ ਮੁਲਾਂਕਣ ਪਰਮੇਸ਼ੁਰ ਦੇ ਕਹੇ ਹੋਏ ਦੇ ਅਨੁਸਾਰ ਨਹੀਂ ਕਰ ਸਕਦੇ, ਤਾਂ ਤੁਹਾਡੇ ਕੋਲ ਉਹ ਉੱਤਰ ਨਹੀਂ ਹੋਣਗੇ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ। ਇਸ ਮਾਨਸਿਕ ਸੰਘਰਸ਼ ਵਿੱਚ ਜਿੱਤ ਪ੍ਰਾਪਤ ਕਰਨ ਲਈ ਪਰਮੇਸ਼ੁਰ ਦੇ ਬਚਨ ਨਾਲ ਚੰਗੀ ਤਰ੍ਹਾਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਜੇ ਤੁਸੀਂ ਨਹੀਂ ਜਾਣਦੇ ਕਿ ਪਰਮੇਸ਼ੁਰ ਤੁਹਾਡੇ ਵਿਸ਼ੇ ਵਿੱਚ ਅਤੇ ਤੁਹਾਡੇ ਹਾਲਾਤਾਂ ਦੇ ਵਿਸ਼ੇ ਵਿੱਚ ਕੀ ਕਹਿੰਦਾ ਹੈ, ਅਤੇ ਜੇ ਤੁਹਾਨੂੰ ਉਸ ਦੇ ਬਚਨ ਨੂੰ ਪੂਰਾ ਕਰਨ ਵਿੱਚ ਉਸ ਦੀ ਵਫ਼ਾਦਾਰੀ ਉੱਤੇ ਦ੍ਰਿੜ੍ਹ ਵਿਸ਼ਵਾਸ ਨਹੀਂ ਹੈ, ਤਾਂ ਇਹ ਭਟਕਾਉਣ ਵਾਲੇ ਵਿਚਾਰ ਅਤੇ ਭਾਵਨਾਵਾਂ ਤੁਹਾਡੇ ਅੰਦਰਲੇ ਥੋੜ੍ਹੇ ਜਿਹੇ ਵਿਸ਼ਵਾਸ ਦਾ ਵੀ ਦਮ ਘੁੱਟ ਦੇਣਗੀਆਂ।

## ਇਸ ਪ੍ਰਕਿਰਿਆ ਨੂੰ ਪਛਾਣੋ।

ਜਦੋਂ ਅਸੀਂ ਔਖੀਆਂ ਅਤੇ ਚੁਣੌਤੀਪੂਰਨ ਸਥਿਤੀਆਂ ਦਾ ਸਾਹਮਣਾ ਕਰਦੇ ਹਾਂ, ਤਾਂ ਇੱਕ ਸੁਭਾਵਿਕ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਅਸੀਂ ਤੂਫ਼ਾਨ ਨੂੰ ਵੇਖਦੇ ਹਾਂ, ਅਤੇ ਉਹ ਸਾਡੀਆਂ ਭਾਵਨਾਵਾਂ ਨੂੰ ਉਤੇਜਿਤ ਕਰ ਦਿੰਦਾ ਹੈ। ਅਸੀਂ ਚਿੰਤਤ ਅਤੇ ਡਰੇ ਹੋਏ ਹੋ ਜਾਂਦੇ ਹਾਂ। ਸਾਡੇ ਮਨ ਵਿੱਚ ਵਿਚਾਰਾਂ ਦਾ ਹੜ੍ਹ ਆਉਣ ਲੱਗਦਾ ਹੈ—"ਮੈਂ ਕੀ ਕਰਾਂਗਾ?" "ਮੈਂ ਕਿਵੇਂ ਬਚਾਂਗਾ?" ਸਾਡੇ ਸਭ ਵਿੱਚ ਇਹ ਪ੍ਰਵਿਰਤੀ ਹੁੰਦੀ ਹੈ ਕਿ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਕੇਵਲ ਉਸੇ ਆਧਾਰ ਉੱਤੇ ਦੇਈਏ ਜੋ ਉਸ ਸਮੇਂ ਅਸੀਂ ਆਪਣੀਆਂ ਅੱਖਾਂ ਨਾਲ ਵੇਖਦੇ ਅਤੇ ਆਪਣੀਆਂ ਭਾਵਨਾਵਾਂ ਨਾਲ ਅਨੁਭਵ ਕਰਦੇ ਹਾਂ। ਫਿਰ ਅਸੀਂ ਆਪਣੀਆਂ ਭਾਵਨਾਵਾਂ ਅਤੇ ਵਿਚਾਰਾਂ ਨੂੰ ਹੋਰ ਵੀ ਡਰਾਉਣੇ ਵਿਚਾਰਾਂ ਵੱਲ ਲੈ ਜਾਣ ਦਿੰਦੇ ਹਾਂ, ਜੋ ਸਾਡੀਆਂ ਭਾਵਨਾਵਾਂ ਨੂੰ ਹੋਰ ਵਧੇਰੇ ਭੜਕਾ ਦਿੰਦੇ ਹਨ। ਜਦੋਂ ਭਾਵਨਾਵਾਂ ਅਤੇ ਵਿਚਾਰ ਇੱਕ-ਦੂਜੇ ਨੂੰ ਲਗਾਤਾਰ ਉਕਸਾਉਂਦੇ ਰਹਿੰਦੇ ਹਨ, ਤਾਂ ਆਪਣੇ ਆਪ ਨਾਲ ਕੀਤੀ ਜਾਣ ਵਾਲੀ ਸਾਡੀ ਗੱਲਬਾਤ ਹੋਰ ਤੋਂ ਹੋਰ ਅਵਿਵਸਥਿਤ ਅਤੇ ਵਿਗੜਦੀ ਚਲੀ ਜਾਂਦੀ ਹੈ।

• "ਇਸ ਆਰਥਿਕ ਸਥਿਤੀ ਵਿੱਚ ਮੇਰੀ ਉਮਰ ਦੇ ਵਿਅਕਤੀ ਨੂੰ ਭਲਾ ਨੌਕਰੀ ਕਿਵੇਂ ਮਿਲ ਸਕਦੀ ਹੈ? ਮੈਨੂੰ ਫਿਰ ਕਦੇ ਨੌਕਰੀ ਨਹੀਂ ਮਿਲੇਗੀ। ਮੇਰਾ ਗੁਆਂਢੀ ਵੀ ਅਜਿਹੀ ਹੀ ਸਥਿਤੀ ਵਿੱਚ ਸੀ, ਅਤੇ ਉਸ ਨੇ ਆਪਣਾ ਸਭ ਕੁਝ ਗੁਆ ਦਿੱਤਾ!"

• "ਜੇ ਮੇਰੀ ਪਤਨੀ ਧਨ ਦਾ ਪ੍ਰਬੰਧ ਕਰਨ ਵਿੱਚ ਇੰਨੀ ਲਾਪਰਵਾਹ ਨਾ ਹੁੰਦੀ, ਤਾਂ ਅੱਜ ਅਸੀਂ ਇਸ ਸਥਿਤੀ ਵਿੱਚ ਨਾ ਹੁੰਦੇ! ਇਹ ਸਭ ਉਸੇ ਦੀ ਗਲਤੀ ਹੈ! ਆਖ਼ਰ ਮੈਂ ਉਸ ਨਾਲ ਵਿਆਹ ਹੀ ਕਿਉਂ ਕੀਤਾ?"

• "ਜੇ ਮੈਂ ਆਪਣੇ ਬਿੱਲਾਂ ਦਾ ਭੁਗਤਾਨ ਨਾ ਕਰ ਸਕਿਆ, ਤਾਂ ਮੇਰਾ ਘਰ ਚਲਾ ਜਾਵੇਗਾ। ਮੇਰਾ ਪਰਿਵਾਰ ਕਿਸੇ ਗਲੀ ਵਿੱਚ ਰਹਿਣ ਲਈ ਮਜਬੂਰ ਹੋ ਜਾਵੇਗਾ। ਫਿਰ ਅਸੀਂ ਜਾਂ ਤਾਂ ਭੁੱਖ ਨਾਲ ਮਰ ਜਾਵਾਂਗੇ ਜਾਂ ਠੰਢ ਨਾਲ!"

ਯਿਸੂ ਨੇ ਆਪਣੀ ਇੱਕ ਹੋਰ ਸਿੱਖਿਆ ਵਿੱਚ ਇਸ ਵਧਦੀ ਹੋਈ ਮਾਨਸਿਕ ਪ੍ਰਕਿਰਿਆ ਦਾ ਸਾਹਮਣਾ ਕਰਨ ਦਾ ਉਪਾਅ ਦੱਸਿਆ, ਜਦੋਂ ਉਨ੍ਹਾਂ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਜੀਵਨ ਦੀਆਂ ਲੋੜਾਂ ਦੇ ਵਿਸ਼ੇ ਵਿੱਚ ਚਿੰਤਾ ਨਾ ਕਰੋ (ਮੱਤੀ ਅਧਿਆਇ 6 ਆਇਤ 25 ਤੋਂ 34)। ਪ੍ਰਭੂ ਨੇ ਆਪਣੀ ਸਿੱਖਿਆ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਕੀਤੀ, "ਇਸ ਲਈ ਮੈਂ ਤੁਹਾਨੂੰ ਕਹਿੰਦਾ ਹਾਂ, ਆਪਣੇ ਜੀਵਨ ਦੀ ਚਿੰਤਾ ਨਾ ਕਰੋ ਕਿ ਤੁਸੀਂ ਕੀ ਖਾਓਗੇ, ਕੀ ਪੀਓਗੇ, ਅਤੇ ਨਾ ਆਪਣੇ ਸਰੀਰ ਦੀ ਕਿ ਕੀ ਪਹਿਨੋਗੇ" (ਮੱਤੀ ਅਧਿਆਇ 6 ਆਇਤ 25)। "ਚਿੰਤਾ" ਲਈ ਇੱਥੇ ਉਹੀ ਯੂਨਾਨੀ ਸ਼ਬਦ ਵਰਤਿਆ ਗਿਆ ਹੈ, ਜਿਸ ਦੀ ਵਰਤੋਂ ਯਿਸੂ ਨੇ ਬੀਜ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿੱਚ "ਭਟਕਾਉਣ ਵਾਲੀ ਚਿੰਤਾ" ਲਈ ਕੀਤੀ ਸੀ (ਮਰਕੁਸ ਅਧਿਆਇ 4 ਆਇਤ 19)। ਦੂਜੇ ਸ਼ਬਦਾਂ ਵਿੱਚ, ਸਾਡੇ ਪ੍ਰਭੂ ਕਹਿ ਰਹੇ ਸਨ ਕਿ ਆਪਣੇ ਹਾਲਾਤਾਂ ਨੂੰ ਆਪਣੇ ਧਿਆਨ ਨੂੰ ਭਟਕਾਉਣ ਨਾ ਦਿਓ, ਅਤੇ ਵਾਰ-ਵਾਰ ਆਪਣੇ ਆਪ ਤੋਂ ਇਹ ਨਾ ਪੁੱਛਦੇ ਰਹੋ ਕਿ ਤੁਹਾਨੂੰ ਭੋਜਨ, ਕੱਪੜੇ ਅਤੇ ਆਸਰਾ ਕਿੱਥੋਂ ਮਿਲੇਗਾ। ਉਨ੍ਹਾਂ ਨੇ ਆਪਣੇ ਸੁਣਨ ਵਾਲਿਆਂ ਨੂੰ ਆਕਾਸ਼ ਦੇ ਪੰਛੀਆਂ ਅਤੇ ਖੇਤ ਦੇ ਫੁੱਲਾਂ ਵੱਲ ਧਿਆਨ ਦੇਣ ਲਈ ਕਿਹਾ, ਜੋ ਭੋਜਨ ਪ੍ਰਾਪਤ ਕਰਦੇ ਹਨ ਅਤੇ ਜਿਨ੍ਹਾਂ ਦਾ ਸ਼ਿੰਗਾਰ ਹੁੰਦਾ ਹੈ, ਕਿਉਂਕਿ ਪਰਮੇਸ਼ੁਰ ਉਨ੍ਹਾਂ ਦੀ ਦੇਖਭਾਲ ਕਰਦਾ ਹੈ। ਯਿਸੂ ਨੇ ਆਪਣੇ ਸੁਣਨ ਵਾਲਿਆਂ ਨੂੰ ਯਾਦ ਕਰਾਇਆ ਕਿ ਸਰਬਸ਼ਕਤੀਮਾਨ ਪਰਮੇਸ਼ੁਰ ਦੀ ਨਿਗਾਹ ਵਿੱਚ ਉਨ੍ਹਾਂ ਦਾ ਮੁੱਲ ਪੰਛੀਆਂ ਅਤੇ ਫੁੱਲਾਂ ਨਾਲੋਂ ਕਿਤੇ ਵੱਧ ਹੈ।

ਇਸ ਉਦਾਹਰਨ ਰਾਹੀਂ ਯਿਸੂ ਸਾਨੂੰ ਉਨ੍ਹਾਂ ਭਟਕਾਵਿਆਂ ਨਾਲ ਨਜਿੱਠਣ ਬਾਰੇ ਬਹੁਤ ਹੀ ਵਿਹਾਰਕ ਸਿੱਖਿਆ ਦਿੰਦੇ ਹਨ, ਜੋ ਬਚਨ ਰੂਪੀ ਬੀਜ ਨੂੰ ਨਸ਼ਟ ਕਰ ਦਿੰਦੇ ਹਨ। ਜਦੋਂ ਤੁਸੀਂ ਘਾਟ ਦਾ ਸਾਹਮਣਾ ਕਰ ਰਹੇ ਹੋ, ਚਿੰਤਤ ਹੋ, ਅਤੇ ਤੁਹਾਡੇ ਮਨ ਵਿੱਚ ਵਿਚਾਰਾਂ ਦਾ ਹੜ੍ਹ ਆਉਣ ਲੱਗੇ, ਤਾਂ ਤੁਹਾਨੂੰ ਆਪਣੇ ਸੰਕਲਪ ਦੀ ਵਰਤੋਂ ਕਰਕੇ ਆਪਣਾ ਧਿਆਨ ਮੁੜ ਉਸ ਸੱਚਾਈ ਉੱਤੇ ਲਗਾਉਣਾ ਪਵੇਗਾ, ਜਿਸ ਤਰ੍ਹਾਂ ਪਰਮੇਸ਼ੁਰ ਉਸ ਨੂੰ ਵੇਖਦਾ ਹੈ। ਜੋ ਕੁਝ ਤੁਸੀਂ ਵੇਖਦੇ ਅਤੇ ਅਨੁਭਵ ਕਰਦੇ ਹੋ, ਉਸੇ ਉੱਤੇ ਧਿਆਨ ਦੇਣ ਅਤੇ ਉਸੇ ਦੀ ਚਰਚਾ ਕਰਨ ਦੀ ਬਜਾਇ, ਆਪਣੇ ਪ੍ਰੇਮਮਈ ਪਿਤਾ ਦੇ ਵਿਸ਼ੇ ਵਿੱਚ ਆਪਣੇ ਆਪ ਨਾਲ ਗੱਲਾਂ ਕਰਨੀ ਸ਼ੁਰੂ ਕਰੋ। ਆਪਣੇ ਆਪ ਨੂੰ ਯਾਦ ਕਰਾਓ ਕਿ ਜਿਵੇਂ ਉਹ ਫੁੱਲਾਂ ਅਤੇ ਪੰਛੀਆਂ ਦੀ ਦੇਖਭਾਲ ਕਰਦਾ ਹੈ, ਉਸੇ ਤਰ੍ਹਾਂ ਉਹ ਤੁਹਾਡੀ ਵੀ ਦੇਖਭਾਲ ਕਰੇਗਾ। ਘਾਟ ਦੇ ਤੂਫ਼ਾਨ ਦੇ ਵਿਚਕਾਰ ਇਹ ਪੁੱਛਣਾ ਅਨੁਚਿਤ ਨਹੀਂ ਹੈ ਕਿ ਲੋੜਾਂ ਦੀ ਪੂਰਤੀ ਕਿੱਥੋਂ ਹੋਵੇਗੀ। ਪਰ ਜੇ ਤੁਸੀਂ ਉਸ ਵਿਚਾਰ ਉੱਤੇ ਮਨਨ ਕਰਦੇ ਹੋ, ਤਾਂ ਤੁਹਾਡੇ ਕੋਲ ਪਰਮੇਸ਼ੁਰ ਦੇ ਬਚਨ ਦੇ ਅਨੁਸਾਰ ਉਸ ਦਾ ਉੱਤਰ ਵੀ ਹੋਣਾ ਚਾਹੀਦਾ ਹੈ। ਯਿਸੂ ਸਾਨੂੰ ਉਸ ਦਾ ਸਹੀ ਉੱਤਰ ਦਿੰਦੇ ਹਨ—ਤੁਹਾਡਾ ਸਵਰਗੀ ਪਿਤਾ ਤੁਹਾਡੀ ਸਹਾਇਤਾ ਕਰੇਗਾ।

ਯਿਸੂ ਸੰਕਟ ਦਾ ਹੱਲ ਕਰਨ ਲਈ ਕੋਈ ਅਜਿਹਾ ਸੂਤਰ ਨਹੀਂ ਦੇ ਰਹੇ ਸਨ ਕਿ ਕੇਵਲ ਕੁਝ ਵਿਸ਼ੇਸ਼ ਸ਼ਬਦ ਕਹਿਣੇ ਬੰਦ ਕਰ ਦਿਓ ਅਤੇ ਕੁਝ ਹੋਰ ਸ਼ਬਦ ਬੋਲਣੇ ਸ਼ੁਰੂ ਕਰ ਦਿਓ, ਤਾਂ ਤੁਹਾਡੀ ਸਮੱਸਿਆ ਖ਼ਤਮ ਹੋ ਜਾਵੇਗੀ। ਇਸ ਦਾ ਕਿਸੇ ਵਿਧੀ ਜਾਂ ਤਕਨੀਕ ਨਾਲ ਕੋਈ ਸੰਬੰਧ ਨਹੀਂ ਹੈ। ਇਸ ਦਾ ਸੰਬੰਧ ਹਕੀਕਤ ਦੀ ਆਪਣੀ ਸਮਝ ਨੂੰ ਬਦਲਣ ਅਤੇ ਆਪਣੇ ਹਾਲਾਤਾਂ ਨੂੰ ਉਸੇ ਤਰ੍ਹਾਂ ਵੇਖਣਾ ਸਿੱਖਣ ਨਾਲ ਹੈ, ਜਿਵੇਂ ਉਹ ਅਸਲ ਵਿੱਚ ਹਨ। ਹਕੀਕਤ ਇਹ ਹੈ ਕਿ

ਸਰਬਸ਼ਕਤੀਮਾਨ ਪਰਮੇਸ਼ੁਰ, ਜੋ ਤੁਹਾਡਾ ਪਿਤਾ ਵੀ ਹੈ, ਤੁਹਾਡੇ ਨਾਲ ਹੈ ਅਤੇ ਤੁਹਾਡੇ ਪੱਖ ਵਿੱਚ ਹੈ। ਅਤੇ ਉਹ ਤੁਹਾਨੂੰ ਇਸ ਤੂਫ਼ਾਨ ਵਿੱਚੋਂ ਪਾਰ ਲੰਘਾਏਗਾ, ਜਦੋਂ ਤੱਕ ਕਿ ਇਹ ਖ਼ਤਮ ਨਹੀਂ ਹੋ ਜਾਂਦਾ।

## ਆਪਣੇ ਮਨ ਨੂੰ ਵੱਸ ਵਿੱਚ ਰੱਖੋ।

ਤੁਸੀਂ ਆਪਣੇ ਵਿਚਾਰਾਂ ਨੂੰ ਬੇਕਾਬੂ ਨਹੀਂ ਛੱਡ ਸਕਦੇ। ਤੁਹਾਨੂੰ ਆਪਣੇ ਮਨ ਨੂੰ ਵੱਸ ਵਿੱਚ ਰੱਖਣਾ ਸਿੱਖਣਾ ਪਵੇਗਾ। ਜਦੋਂ ਮੈਂ ਕਹਿੰਦੀ ਹਾਂ ਕਿ ਆਪਣੇ ਵਿਚਾਰਾਂ ਉੱਤੇ ਕਾਬੂ ਰੱਖੋ, ਤਾਂ ਮੇਰਾ ਅਰਥ ਇਹ ਨਹੀਂ ਹੈ ਕਿ ਤੁਹਾਡੇ ਮਨ ਵਿੱਚ ਫਿਰ ਕਦੇ ਕੋਈ ਨਕਾਰਾਤਮਕ ਜਾਂ ਸ਼ੱਕ ਨਾਲ ਭਰਿਆ ਵਿਚਾਰ ਨਹੀਂ ਆਵੇਗਾ। ਮੇਰਾ ਅਰਥ ਇਹ ਹੈ ਕਿ ਤੁਸੀਂ ਉਨ੍ਹਾਂ ਵਿਚਾਰਾਂ ਨੂੰ ਪਛਾਣਨਾ ਸਿੱਖੋ ਜੋ ਪਰਮੇਸ਼ੁਰ ਦੇ ਬਚਨ ਦਾ ਵਿਰੋਧ ਕਰਦੇ ਹਨ, ਅਤੇ ਇਹ ਜਾਣੋ ਕਿ ਪਰਮੇਸ਼ੁਰ ਜੋ ਕਹਿੰਦਾ ਹੈ, ਉਸ ਦੇ ਅਨੁਸਾਰ ਉਨ੍ਹਾਂ ਦਾ ਉੱਤਰ ਕਿਵੇਂ ਦੇਣਾ ਹੈ। ਇਹੀ ਕਾਰਨ ਹੈ ਕਿ ਪਵਿੱਤਰ-ਸ਼ਾਸਤਰ ਦਾ ਨਿਯਮਿਤ ਅਧਿਐਨ ਕਰਨ ਵਾਲਾ ਬਣਨਾ ਇੰਨਾ ਜ਼ਰੂਰੀ ਹੈ। ਤੁਸੀਂ ਆਪਣੇ ਵਿਚਾਰਾਂ ਉੱਤੇ ਕੇਵਲ ਉਸੇ ਗੱਲ ਰਾਹੀਂ ਕਾਬੂ ਰੱਖ ਸਕਦੇ ਹੋ ਜੋ ਪਹਿਲਾਂ ਤੋਂ ਤੁਹਾਡੇ ਮਨ ਵਿੱਚ ਭਰੀ ਹੋਈ ਹੈ। ਜੇ ਤੁਸੀਂ ਪਵਿੱਤਰ-ਸ਼ਾਸਤਰ ਦੇ ਨਿਯਮਿਤ ਅਧਿਐਨ ਰਾਹੀਂ ਆਪਣੇ ਮਨ ਨੂੰ ਪਰਮੇਸ਼ੁਰ ਦੇ ਬਚਨ ਨਾਲ ਭਰਪੂਰ ਨਹੀਂ ਕੀਤਾ ਹੈ, ਤਾਂ ਤੁਸੀਂ ਇਸ ਮਾਨਸਿਕ ਸੰਘਰਸ਼ ਵਿੱਚ ਹਾਰ ਜਾਵੋਗੇ।

ਜਦੋਂ ਮੁਸ਼ਕਲਾਂ ਆਉਂਦੀਆਂ ਹਨ ਅਤੇ ਵੇਖਣ, ਭਾਵਨਾਵਾਂ ਅਤੇ ਵਿਚਲਿਤ ਕਰਨ ਵਾਲੇ ਵਿਚਾਰਾਂ ਦੀ ਉਹ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ, ਤਾਂ ਤੁਹਾਨੂੰ ਇਹ ਫ਼ੈਸਲਾ ਕਰਨਾ ਪਵੇਗਾ ਕਿ ਤੁਸੀਂ ਆਪਣਾ ਧਿਆਨ ਮੁੜ ਪਰਮੇਸ਼ੁਰ ਅਤੇ ਉਸ ਦੇ ਬਚਨ ਉੱਤੇ ਕੇਂਦਰਿਤ ਕਰੋਗੇ। ਇਹੀ ਗੱਲ ਯਿਸੂ ਦਾ ਭਾਵ ਸੀ, ਜਦੋਂ ਉਨ੍ਹਾਂ ਨੇ ਆਪਣੇ ਚੇਲਿਆਂ ਨੂੰ ਪੰਛੀਆਂ ਅਤੇ ਫੁੱਲਾਂ ਉੱਤੇ ਧਿਆਨ ਦੇਣ ਦੀ ਸਿੱਖਿਆ ਦਿੱਤੀ। ਆਪਣਾ ਧਿਆਨ ਮੁੜ ਉਸ ਹਕੀਕਤ ਉੱਤੇ ਲਗਾਓ, ਜਿਵੇਂ ਉਹ ਅਸਲ ਵਿੱਚ ਹੈ। ਤੁਹਾਡਾ ਇੱਕ ਸਵਰਗੀ ਪਿਤਾ ਹੈ, ਜੋ ਆਪਣੇ ਲੋਕਾਂ ਦੀ ਦੇਖਭਾਲ ਕਰਦਾ ਹੈ।

## ਤੁਹਾਨੂੰ ਇੱਕ 'ਐਸ.ਓ.ਐਸ.' ਦੀ ਲੋੜ ਹੈ।

ਮੈਂ ਲੋਕਾਂ ਨੂੰ ਉਤਸ਼ਾਹਿਤ ਕਰਦੀ ਹਾਂ ਕਿ ਉਨ੍ਹਾਂ ਕੋਲ ਇੱਕ ਐਸ.ਓ.ਐਸ. ਹੋਵੇ, ਅਰਥਾਤ ਅਜਿਹਾ ਵਾਕ ਜੋ ਉਨ੍ਹਾਂ ਦੀ ਮੁਕਤੀਦਾਤਾ ਉੱਤੇ ਨਿਗਾਹ ਨੂੰ ਮੁੜ ਟਿਕਾ ਦੇਵੇ ਅਤੇ ਉਨ੍ਹਾਂ ਦਾ ਧਿਆਨ ਹਕੀਕਤ ਵੱਲ ਵਾਪਸ ਲੈ ਆਵੇ। ਮੈਂ ਖ਼ੁਦ ਪਵਿੱਤਰ-ਸ਼ਾਸਤਰ ਦੀਆਂ ਅਣਗਿਣਤ ਆਇਤਾਂ ਜਾਣਦੀ ਹਾਂ ਅਤੇ ਉਨ੍ਹਾਂ ਦਾ ਹਵਾਲਾ ਵੀ ਦੇ ਸਕਦੀ ਹਾਂ। ਪਰ ਤੁਹਾਡੇ ਵਾਂਗ ਮੈਂ ਵੀ ਜਾਣਦੀ ਹਾਂ ਕਿ ਵਿਨਾਸ਼ਕਾਰੀ ਖ਼ਬਰ ਸੁਣਨਾ ਅਤੇ ਅਚਾਨਕ ਕਿਸੇ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਕਿਹੋ ਜਿਹਾ ਹੁੰਦਾ ਹੈ, ਜੋ ਅਸੰਭਵ ਜਾਪਦੀ ਹੈ। ਮੈਂ ਵੀ ਭਾਵਨਾਵਾਂ ਦੇ ਭੰਵਰ ਅਤੇ ਬੇਕਾਬੂ ਵਿਚਾਰਾਂ ਦਾ ਅਨੁਭਵ ਕੀਤਾ ਹੈ। ਅਜਿਹੇ ਸਮੇਂ ਵਿੱਚ ਮੇਰਾ ਐਸ.ਓ.ਐਸ. ਵਾਕ ਇਹ ਹੁੰਦਾ ਹੈ—"ਪ੍ਰਭੂ ਦੀ ਉਸਤਤ ਹੋਵੇ, ਇਹ ਸਥਿਤੀ ਪਰਮੇਸ਼ੁਰ ਨਾਲੋਂ ਵੱਡੀ ਨਹੀਂ ਹੈ।"

ਮੈਂ ਇਹ ਖੁਸ਼ੀ ਦੀ ਭਾਵਨਾਤਮਕ ਅਭਿਵਿਅਕਤੀ ਵਜੋਂ ਨਹੀਂ ਕਹਿੰਦੀ। ਸਗੋਂ ਮੈਂ ਪਰਮੇਸ਼ੁਰ ਦੀ ਮਹਾਨਤਾ ਨੂੰ ਸਵੀਕਾਰ ਕਰਦੀ ਹਾਂ। ਇਹ ਵਾਕ ਪਰਮੇਸ਼ੁਰ ਦੇ ਬਚਨ ਦੇ ਵਿਰੁੱਧ ਕਿਸੇ ਵੀ ਗੱਲ ਨੂੰ ਮੇਰੇ ਮੂੰਹ ਵਿੱਚੋਂ ਨਿਕਲਣ ਤੋਂ ਰੋਕਦਾ ਹੈ, ਮੇਰੇ ਮਨ ਉੱਤੇ ਅਧਿਕਾਰ ਕਰਨ ਤੋਂ ਰੋਕਦਾ ਹੈ, ਅਤੇ ਮੇਰੇ ਕੰਮਾਂ ਨੂੰ ਨਿਯੰਤਰਿਤ ਕਰਨ ਤੋਂ ਰੋਕਦਾ ਹੈ।

## ਆਤਮਾ ਦੀ ਤਲਵਾਰ।

ਸਾਡੇ ਸਾਰਿਆਂ ਦੇ ਮਨ ਅਤੇ ਭਾਵਨਾਵਾਂ ਦੇ ਸੁਭਾਅ ਵਿੱਚ ਕੁਝ ਨਾ ਕੁਝ ਕਮਜ਼ੋਰੀਆਂ ਹੁੰਦੀਆਂ ਹਨ। ਸਾਡਾ ਜਨਮ ਇੱਕ ਪਤਿਤ ਸੰਸਾਰ ਵਿੱਚ ਹੋਇਆ, ਸਾਡੀ ਪਰਵਰਿਸ਼ ਗ਼ਲਤੀਆਂ ਕਰਨ ਵਾਲੇ ਮਨੁੱਖਾਂ ਦੁਆਰਾ ਹੋਈ, ਅਤੇ ਜੀਵਨ ਦੇ ਅਨੇਕਾਂ ਤਜਰਬਿਆਂ ਨੇ ਸਾਡੇ ਉੱਤੇ ਨਕਾਰਾਤਮਕ ਪ੍ਰਭਾਵ ਵੀ ਪਾਇਆ। ਇਨ੍ਹਾਂ ਸਾਰੀਆਂ ਗੱਲਾਂ ਨੇ ਮਿਲ ਕੇ ਸਾਡੇ ਵਿਅਕਤੀਤਵ ਨੂੰ ਚੰਗੇ ਅਤੇ ਮਾੜੇ, ਦੋਹਾਂ ਤਰੀਕਿਆਂ ਨਾਲ ਢਾਲਿਆ ਹੈ। ਨਤੀਜੇ ਵਜੋਂ, ਸਾਡੇ ਸਾਰਿਆਂ ਦੇ ਪ੍ਰਾਣਾਂ (ਮਨ ਅਤੇ ਭਾਵਨਾਵਾਂ) ਵਿੱਚ ਅਜਿਹੀਆਂ ਕਮਜ਼ੋਰੀਆਂ ਹੁੰਦੀਆਂ ਹਨ, ਜੋ ਔਖੇ ਸਮੇਂ ਵਿੱਚ ਜੀਵਨ ਨੂੰ ਹੋਰ ਵੀ ਮੁਸ਼ਕਲ ਬਣਾ ਸਕਦੀਆਂ ਹਨ। ਇਹ ਕਮਜ਼ੋਰੀਆਂ ਇਸ ਗੱਲ ਨੂੰ ਪ੍ਰਭਾਵਿਤ ਕਰਦੀਆਂ ਹਨ ਕਿ ਅਸੀਂ ਜੀਵਨ ਦੀਆਂ ਘਟਨਾਵਾਂ ਦੀ ਵਿਆਖਿਆ ਕਿਵੇਂ ਕਰਦੇ ਹਾਂ ਅਤੇ ਉਨ੍ਹਾਂ ਦਾ ਉੱਤਰ ਕਿਸ ਤਰ੍ਹਾਂ ਦਿੰਦੇ ਹਾਂ। ਜੇ ਬਚਪਨ ਤੋਂ ਵਿਕਸਿਤ ਹੋਈਆਂ ਕੁਝ ਵਿਚਾਰਧਾਰਾਵਾਂ ਦੇ ਕਾਰਨ ਤੁਸੀਂ ਆਪਣੇ ਆਪ ਨੂੰ ਅਸਫਲ ਸਮਝਦੇ ਹੋ, ਤਾਂ ਤੁਸੀਂ ਹਰ ਚੁਣੌਤੀ ਦਾ ਸਾਹਮਣਾ ਉਸੇ ਮਾਨਸਿਕ ਅਤੇ ਭਾਵਨਾਤਮਕ ਦ੍ਰਿਸ਼ਟੀਕੋਣ ਨਾਲ ਕਰੋਗੇ। ਇਹ ਪਹਿਲਾਂ ਤੋਂ ਬਣੀਆਂ ਹੋਈਆਂ ਧਾਰਣਾਵਾਂ, ਇਹ ਅਸਿਹਤਮੰਦ, ਆਤਮ-ਵਿਨਾਸ਼ਕਾਰੀ ਅਤੇ ਹਾਨੀਕਾਰਕ ਵਿਚਾਰਧਾਰਾਵਾਂ, ਤੂਫ਼ਾਨ ਦੇ ਵਿਚਕਾਰ ਸਾਨੂੰ ਇੱਕ ਖ਼ਾਸ ਕਿਸਮ ਦੇ ਝੂਠ ਅਤੇ ਭਰਮਾਉਣ ਵਾਲੀਆਂ ਗੱਲਾਂ ਪ੍ਰਤੀ ਵੀ ਵਧੇਰੇ ਸੰਵੇਦਨਸ਼ੀਲ ਬਣਾ ਦਿੰਦੀਆਂ ਹਨ। ਪਵਿੱਤਰ-ਸ਼ਾਸਤਰ ਦਾ ਨਿਯਮਿਤ ਅਧਿਐਨ ਤੁਹਾਨੂੰ ਇਨ੍ਹਾਂ ਝੂਠਾਂ ਨੂੰ ਪਛਾਣਨ ਅਤੇ ਉਨ੍ਹਾਂ ਨੂੰ ਰੱਦ ਕਰਨ ਵਿੱਚ ਸਹਾਇਤਾ ਕਰਦਾ ਹੈ।

ਅੱਜ ਸਾਡੇ ਕੋਲ ਉਪਲਬਧ ਨਵੇਂ ਨੇਮ ਦਾ ਪਾਠ ਵਿਲੀਅਮ ਸ਼ੇਕਸਪੀਅਰ ਦੇ 37 ਨਾਟਕਾਂ ਦੀ ਤੁਲਨਾ ਵਿੱਚ ਕਿਤੇ ਵੱਧ ਸੁਰੱਖਿਅਤ ਅਵਸਥਾ ਵਿੱਚ ਹੈ, ਜਦਕਿ ਉਹ ਸਤਾਰ੍ਹਵੀਂ ਸਦੀ ਵਿੱਚ ਲਿਖੇ ਗਏ ਸਨ। ਸ਼ੇਕਸਪੀਅਰ ਦੇ ਹਰੇਕ ਨਾਟਕ ਵਿੱਚ ਅਜਿਹੇ ਸਥਾਨ ਹਨ ਜਿੱਥੇ ਮੂਲ ਪਾਠ ਦਾ ਕੁਝ ਭਾਗ ਲੁਪਤ ਹੋ ਚੁੱਕਾ ਹੈ। ਇਸ ਲਈ ਵਿਦਵਾਨਾਂ ਨੂੰ ਉਨ੍ਹਾਂ ਖਾਲੀ ਥਾਵਾਂ ਨੂੰ ਭਰਨ ਲਈ ਅਨੁਮਾਨ ਦਾ ਸਹਾਰਾ ਲੈਣਾ ਪੈਂਦਾ ਹੈ, ਕਿਉਂਕਿ ਕਿਸੇ ਨੂੰ ਇਹ ਨਿਸ਼ਚਿਤ ਤੌਰ ਤੇ ਪਤਾ ਨਹੀਂ ਕਿ ਮੂਲ ਪਾਠ ਵਿੱਚ ਕੀ ਲਿਖਿਆ ਸੀ। ਪਰ ਨਵੇਂ ਨੇਮ ਦੇ ਨਾਲ ਅਜਿਹੀ ਸਥਿਤੀ ਨਹੀਂ ਹੈ। ਉਸ ਵਿੱਚ ਕਿਸੇ ਵੀ ਭਾਗ ਦੇ ਲੁਪਤ ਹੋਣ ਦਾ ਕੋਈ ਪ੍ਰਮਾਣ ਨਹੀਂ ਮਿਲਦਾ। ਉਪਲਬਧ ਪਾਂਡੂਲਿਪੀਆਂ ਦੀ ਵਿਸ਼ਾਲ ਗਿਣਤੀ ਖੁਦ ਇਸ ਤੱਥ ਦੀ ਪੁਸ਼ਟੀ ਕਰਦੀ ਹੈ। ਇਸ ਤੋਂ ਇਲਾਵਾ, ਮੁੱਢਲੀ ਕਲੀਸੀਆ ਦੇ ਪਿਤਿਆਂ ਨੇ ਆਪਣੀਆਂ ਲਿਖਤਾਂ ਵਿੱਚ ਨਵੇਂ ਨੇਮ ਦਾ ਇੰਨੀ ਵਾਰ ਹਵਾਲਾ ਦਿੱਤਾ ਹੈ ਕਿ ਉਨ੍ਹਾਂ ਦੀਆਂ ਲਿਖਤਾਂ ਵਿੱਚ ਨਵੇਂ ਨੇਮ ਦੀ ਲਗਭਗ ਹਰ ਆਇਤ ਦਾ ਹਵਾਲਾ ਮਿਲ ਜਾਂਦਾ ਹੈ। ਇਸ ਲਈ ਅਸੀਂ ਪੂਰੇ ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਅੱਜ ਸਾਡੇ ਕੋਲ ਜੋ ਨਵਾਂ ਨੇਮ ਹੈ, ਉਸ ਵਿੱਚ ਉਹੀ ਸ਼ਬਦ ਸੁਰੱਖਿਅਤ ਹਨ ਜੋ ਇਸ ਦੇ ਮੂਲ ਲੇਖਕਾਂ ਨੇ ਲਿਖੇ ਸਨ।

## ਕੀ ਬਾਈਬਲ ਗਲਤੀਆਂ ਅਤੇ ਵਿਰੋਧਾਭਾਸਾਂ ਨਾਲ ਭਰੀ ਹੋਈ ਹੈ?

ਨਵੇਂ ਨੇਮ ਦੀ ਭਰੋਸੇਯੋਗਤਾ ਦੇ ਵਿਰੁੱਧ ਸਭ ਤੋਂ ਵੱਧ ਲਗਾਇਆ ਜਾਣ ਵਾਲਾ ਦੋਸ਼ ਇਹ ਹੈ ਕਿ ਉਹ ਬਹੁਤ ਸਾਰੀਆਂ ਗਲਤੀਆਂ ਅਤੇ ਵਿਰੋਧਾਭਾਸਾਂ ਨਾਲ ਭਰਿਆ ਹੋਇਆ ਹੈ। ਇਸ ਵਿਸ਼ੇ ਉੱਤੇ ਪੂਰੀ ਚਰਚਾ ਕਰਨ ਲਈ ਇਸ ਛੋਟੀ ਜਿਹੀ ਪੁਸਤਕ ਤੋਂ ਕਿਤੇ ਵੱਧ ਥਾਂ ਦੀ ਲੋੜ ਹੋਵੇਗੀ। ਫਿਰ ਵੀ, ਆਓ ਕਥਿਤ ਗਲਤੀਆਂ ਅਤੇ ਵਿਰੋਧਾਭਾਸਾਂ ਦੇ ਸੰਬੰਧ ਵਿੱਚ ਕੁਝ ਮਹੱਤਵਪੂਰਨ ਗੱਲਾਂ ਉੱਤੇ ਵਿਚਾਰ ਕਰੀਏ।

ਜਿਵੇਂ ਕਿ ਮੈਂ ਪਹਿਲਾਂ ਦੱਸਿਆ ਹੈ, ਅੱਜ ਉਪਲਬਧ ਬਾਈਬਲ ਦੀਆਂ ਸਾਰੀਆਂ ਪਾਂਡੂਲਿਪੀਆਂ ਮੂਲ ਨਕਲਾਂ ਨਹੀਂ, ਸਗੋਂ ਉਨ੍ਹਾਂ ਦੀਆਂ ਹੱਥ-ਲਿਖਤ ਨਕਲਾਂ ਹਨ। ਛਪਾਈ ਦੀ ਮਸ਼ੀਨ ਦੀ ਖੋਜ 1453 ਈਸਵੀ ਤੱਕ ਨਹੀਂ ਹੋਈ ਸੀ, ਇਸ ਲਈ ਉਸ ਸਮੇਂ ਹਰੇਕ ਨਕਲ ਹੱਥ ਨਾਲ ਲਿਖੀ ਜਾਂਦੀ ਸੀ। ਸੁਭਾਵਿਕ ਤੌਰ ਤੇ, ਨਕਲ ਤਿਆਰ ਕਰਨ ਵਾਲੇ ਲੇਖਕ ਕਦੇ-ਕਦੇ ਲਿਖਦੇ ਸਮੇਂ ਛੋਟੀਆਂ-ਛੋਟੀਆਂ ਗਲਤੀਆਂ ਕਰ ਦਿੰਦੇ ਸਨ। ਇਸੇ ਕਾਰਨ ਵੱਖ-ਵੱਖ ਨਕਲਾਂ ਵਿੱਚ ਕੁਝ ਪਾਠਾਂਤਰ, ਅਰਥਾਤ ਛੋਟੇ-ਛੋਟੇ ਅੰਤਰ, ਪਾਏ ਜਾਂਦੇ ਹਨ। ਨਵੇਂ ਨੇਮ ਦੀਆਂ ਪਾਂਡੂਲਿਪੀਆਂ ਵਿੱਚ ਅਜਿਹੇ ਪਾਠਾਂਤਰ ਲਗਭਗ 8 ਪ੍ਰਤੀਸ਼ਤ ਹਨ। ਇਨ੍ਹਾਂ ਵਿੱਚੋਂ ਬਹੁਤੇ ਕੇਵਲ ਸ਼ਬਦ-ਜੋੜ ਜਾਂ ਵਿਆਕਰਨ ਨਾਲ ਸੰਬੰਧਿਤ ਗਲਤੀਆਂ ਹਨ, ਜਾਂ ਫਿਰ ਅਜਿਹੇ ਸਥਾਨ ਹਨ ਜਿੱਥੇ ਕਿਸੇ ਸ਼ਬਦ ਦਾ ਕ੍ਰਮ ਬਦਲ ਗਿਆ, ਕੋਈ ਸ਼ਬਦ ਛੁੱਟ ਗਿਆ, ਜਾਂ ਕਿਸੇ ਸ਼ਬਦ ਨੂੰ ਗਲਤੀ ਨਾਲ ਦੋ ਵਾਰ ਲਿਖ ਦਿੱਤਾ ਗਿਆ। ਅਜਿਹੀਆਂ ਗਲਤੀਆਂ ਨੂੰ ਪਛਾਣਨਾ ਸੌਖਾ ਹੈ ਅਤੇ ਉਹ ਮੂਲ ਅਰਥ ਨੂੰ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਕਰਦੀਆਂ।

ਕਦੇ-ਕਦੇ ਕਿਸੇ ਨਕਲਨਵੀਸ ਨੇ ਵੱਖ-ਵੱਖ ਇੰਜੀਲਾਂ ਵਿੱਚ ਦਿੱਤੇ ਦੋ ਬਿਰਤਾਂਤਾਂ ਵਿੱਚ ਮੇਲ ਬਿਠਾਉਣ ਦੀ ਕੋਸ਼ਿਸ਼ ਕੀਤੀ, ਜਾਂ ਫਿਰ ਅਜਿਹੀ ਕੋਈ ਜਾਣਕਾਰੀ ਜੋੜ ਦਿੱਤੀ ਜੋ ਉਸ ਨੂੰ ਪਤਾ ਸੀ, ਪਰ ਮੂਲ ਪਾਠ ਵਿੱਚ ਨਹੀਂ ਸੀ।

ਉਦਾਹਰਨ ਲਈ, ਯੂਹੰਨਾ ਅਧਿਆਇ 7 ਆਇਤ 53 ਤੋਂ ਅਧਿਆਇ 8 ਆਇਤ 11 ਤੱਕ ਉਸ ਔਰਤ ਦਾ ਵਰਣਨ ਮਿਲਦਾ ਹੈ ਜੋ ਵਿਭਚਾਰ ਕਰਦਿਆਂ ਫੜੀ ਗਈ ਸੀ। ਪਰ ਇਹ ਘਟਨਾ ਪੰਜਵੀਂ ਸਦੀ ਤੋਂ ਪਹਿਲਾਂ ਦੀਆਂ ਉਪਲਬਧ ਪਾਂਡੂਲਿਪੀਆਂ ਵਿੱਚ ਨਹੀਂ ਮਿਲਦੀ। ਫਿਰ ਵੀ ਅੱਜ ਬਹੁਤ ਸਾਰੇ ਆਧੁਨਿਕ ਅਨੁਵਾਦ ਇਸ ਬਿਰਤਾਂਤ ਨੂੰ ਸ਼ਾਮਲ ਕਰਦੇ ਹਨ, ਕਿਉਂਕਿ ਇਹ ਉਨ੍ਹਾਂ ਗੱਲਾਂ ਦੇ ਅਨੁਕੂਲ ਹੈ ਜੋ ਮੁੱਢਲੀਆਂ ਪਾਂਡੂਲਿਪੀਆਂ ਦੇ ਅਨੁਸਾਰ ਯਿਸੂ ਨੇ ਸਿਖਾਈਆਂ ਅਤੇ ਕੀਤੀਆਂ। ਅਜਿਹੇ ਅਨੁਵਾਦ ਆਮ ਤੌਰ ਤੇ ਹਾਸ਼ੀਏ ਵਿੱਚ ਇਹ ਟਿੱਪਣੀ ਵੀ ਦਿੰਦੇ ਹਨ ਕਿ ਇਹ ਬਿਰਤਾਂਤ ਸੰਭਵ ਤੌਰ ਤੇ ਬਾਅਦ ਵਿੱਚ ਜੋੜਿਆ ਗਿਆ ਹੈ। ਕਦੇ-ਕਦੇ ਨਕਲਨਵੀਸ ਕਿਸੇ ਆਇਤ ਦੇ ਅਰਥ ਨੂੰ ਹੋਰ ਸਪਸ਼ਟ ਕਰਨ ਦੇ ਉਦੇਸ਼ ਨਾਲ ਆਪਣੀ ਸਮਝ ਅਨੁਸਾਰ ਕੁਝ ਵਿਆਖਿਆਵਾਂ ਜੋੜ ਦਿੰਦੇ ਸਨ, ਪਰ ਉਨ੍ਹਾਂ ਦੀ ਵਿਆਖਿਆ ਹਮੇਸ਼ਾ ਸਹੀ ਨਹੀਂ ਹੁੰਦੀ ਸੀ। ਫਿਰ ਵੀ, ਇਨ੍ਹਾਂ ਤਬਦੀਲੀਆਂ ਦੀ ਮਹੱਤਤਾ ਬਹੁਤ ਘੱਟ ਹੈ, ਕਿਉਂਕਿ ਇਹ ਨਾ ਤਾਂ ਘਟਨਾਵਾਂ ਦੇ ਕ੍ਰਮ ਨੂੰ ਬਦਲਦੀਆਂ ਹਨ ਅਤੇ ਨਾ ਹੀ ਮਸੀਹੀ ਵਿਸ਼ਵਾਸ ਦੀ ਕਿਸੇ ਮੁੱਖ ਸਿੱਖਿਆ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਤੋਂ ਇਲਾਵਾ, ਸਾਡੇ ਕੋਲ ਇੰਨੀਆਂ ਜ਼ਿਆਦਾ ਪ੍ਰਾਚੀਨ ਪਾਂਡੂਲਿਪੀਆਂ ਉਪਲਬਧ ਹਨ ਕਿ ਅਸੀਂ ਸਪਸ਼ਟ ਤੌਰ ਤੇ ਵੇਖ ਸਕਦੇ ਹਾਂ ਕਿ ਬਾਅਦ ਵਿੱਚ ਜੋੜੇ ਗਏ ਹਿੱਸਿਆਂ ਤੋਂ ਪਹਿਲਾਂ ਮੂਲ ਪਾਠ ਕਿਹੋ ਜਿਹਾ ਸੀ।

ਹੁਣ ਉਸ ਦੋਸ਼ ਉੱਤੇ ਵਿਚਾਰ ਕਰੋ ਕਿ ਬਾਈਬਲ ਵਿਰੋਧਾਭਾਸਾਂ ਨਾਲ ਭਰੀ ਹੋਈ ਹੈ। ਜਦੋਂ ਅਸੀਂ ਧਿਆਨ ਨਾਲ ਉਨ੍ਹਾਂ ਗੱਲਾਂ ਦੀ ਜਾਂਚ ਕਰਦੇ ਹਾਂ ਜਿਨ੍ਹਾਂ ਨੂੰ ਲੋਕ ਵਿਰੋਧਾਭਾਸ ਕਹਿੰਦੇ ਹਨ, ਤਾਂ ਅਸੀਂ ਪਾਉਂਦੇ ਹਾਂ ਕਿ ਉਹ ਅਸਲ ਵਿੱਚ ਵਿਰੋਧਾਭਾਸ ਨਹੀਂ ਹਨ। ਬਹੁਤੇ ਉਦਾਹਰਨ ਇੰਜੀਲਾਂ ਵਿੱਚੋਂ ਲਏ ਜਾਂਦੇ ਹਨ, ਜਿਨ੍ਹਾਂ ਨੂੰ ਚਾਰ ਵੱਖ-ਵੱਖ ਲੇਖਕਾਂ ਨੇ ਵੱਖ-ਵੱਖ ਉਦੇਸ਼ਾਂ ਨੂੰ ਧਿਆਨ ਵਿੱਚ ਰੱਖ ਕੇ ਲਿਖਿਆ ਸੀ। ਇਸ ਲਈ ਕਿਸੇ ਲੇਖਕ ਨੇ ਕਿਸੇ ਘਟਨਾ ਦਾ ਵਧੇਰੇ ਵੇਰਵਾ ਦਿੱਤਾ, ਤਾਂ ਕਿਸੇ ਨੇ ਘੱਟ; ਕਿਸੇ ਨੇ ਕਿਸੇ ਖ਼ਾਸ ਪੱਖ ਉੱਤੇ ਜ਼ੋਰ ਦਿੱਤਾ, ਤਾਂ ਕਿਸੇ ਨੇ ਕਿਸੇ ਹੋਰ ਪੱਖ ਉੱਤੇ। ਇਸ ਕਾਰਨ ਉਨ੍ਹਾਂ ਦੇ ਬਿਰਤਾਂਤਾਂ ਵਿੱਚ ਅੰਤਰ ਦਿਖਾਈ ਦਿੰਦਾ ਹੈ, ਪਰ ਇਹ ਅੰਤਰ ਵਿਰੋਧਾਭਾਸ ਨਹੀਂ ਹੈ। ਅਤੇ ਇੱਕ ਵਾਰ ਫਿਰ, ਇਨ੍ਹਾਂ ਫ਼ਰਕਾਂ ਵਿੱਚੋਂ ਕੋਈ ਵੀ ਨਾ ਤਾਂ ਘਟਨਾਵਾਂ ਦੇ ਮੂਲ ਵਰਣਨ ਨੂੰ ਬਦਲਦਾ ਹੈ ਅਤੇ ਨਾ ਹੀ ਮਸੀਹੀ ਵਿਸ਼ਵਾਸ ਦੀ ਕਿਸੇ ਮੂਲਭੂਤ ਸਿੱਖਿਆ ਨੂੰ ਪ੍ਰਭਾਵਿਤ ਕਰਦਾ ਹੈ।

ਉਦਾਹਰਨ ਲਈ, ਮੱਤੀ ਅਧਿਆਇ 8 ਆਇਤ 28 ਤੋਂ 34 ਵਿੱਚ ਲਿਖਿਆ ਹੈ ਕਿ ਯਿਸੂ ਨੇ ਗਦਰਗੇਸੀਆਂ ਦੇ ਇਲਾਕੇ ਵਿੱਚ ਦੋ ਦੁਸ਼ਟ ਆਤਮਾਵਾਂ ਨਾਲ ਗ੍ਰਸਤ ਵਿਅਕਤੀਆਂ ਨੂੰ ਆਜ਼ਾਦ ਕੀਤਾ, ਜਦਕਿ ਮਰਕੁਸ ਅਧਿਆਇ 5 ਆਇਤ 1 ਤੋਂ 20 ਅਤੇ ਲੂਕਾ ਅਧਿਆਇ 8 ਆਇਤ 26 ਤੋਂ 40 ਵਿੱਚ ਕੇਵਲ ਇੱਕ ਦੁਸ਼ਟ ਆਤਮਾ ਨਾਲ ਗ੍ਰਸਤ ਵਿਅਕਤੀ ਦਾ ਜ਼ਿਕਰ ਮਿਲਦਾ ਹੈ, ਅਤੇ ਉੱਥੇ ਥਾਂ ਦਾ ਨਾਮ ਗਦਰੀਨੀਆਂ ਦਾ ਇਲਾਕਾ ਦੱਸਿਆ ਗਿਆ ਹੈ। ਇਨ੍ਹਾਂ ਕਥਿਤ ਵਿਰੋਧਾਭਾਸਾਂ ਦਾ ਉੱਤਰ ਕੀ ਹੈ?

ਜਦੋਂ ਅਸੀਂ ਭੂਗੋਲ ਨਾਲ ਸੰਬੰਧਿਤ ਕੁਝ ਤੱਥਾਂ ਨੂੰ ਜਾਣਦੇ ਹਾਂ ਅਤੇ ਇਨ੍ਹਾਂ ਬਿਰਤਾਂਤਾਂ ਉੱਤੇ ਥੋੜ੍ਹਾ ਧਿਆਨ ਨਾਲ ਵਿਚਾਰ ਕਰਦੇ ਹਾਂ, ਤਾਂ ਇਸ ਦਾ ਉੱਤਰ ਬਹੁਤ ਹੀ ਸਰਲ ਹੋ ਜਾਂਦਾ ਹੈ। ਇਹ ਘਟਨਾ ਅਸਲ ਵਿੱਚ ਗਦਰਾ ਸ਼ਹਿਰ ਦੇ ਇਲਾਕੇ ਵਿੱਚ ਵਾਪਰੀ ਸੀ। ਗਰਗੇਸਾ ਉਸੇ ਇਲਾਕੇ ਦਾ ਇੱਕ ਹੋਰ ਸ਼ਹਿਰ ਸੀ। ਇਸ ਲਈ ਗਰਗੇਸੀਆਂ ਦਾ ਇਲਾਕਾਅਤੇ ਗਦਰੀਨੀਆਂ ਦਾ ਇਲਾਕਾ ਦੋਵੇਂ ਹੀ ਉਸ ਭੂਗੋਲਿਕ ਖੇਤਰ ਦੇ ਆਮ ਨਾਮ ਸਨ ਜਿੱਥੇ ਇਹ ਦੋਵੇਂ ਸ਼ਹਿਰ ਸਥਿਤ ਸਨ।

ਇਸ ਤੋਂ ਇਲਾਵਾ, ਮਰਕੁਸ ਅਤੇ ਲੂਕਾ ਯਿਸੂ ਦੇ ਮੂਲ ਬਾਰ੍ਹਾਂ ਰਸੂਲਾਂ ਵਿੱਚੋਂ ਨਹੀਂ ਸਨ ਅਤੇ ਉਹ ਉਸ ਸਮੇਂ ਖੁਦ ਮੌਜੂਦ ਨਹੀਂ ਸਨ ਜਦੋਂ ਯਿਸੂ ਨੇ ਉਨ੍ਹਾਂ ਦੁਸ਼ਟ ਆਤਮਾਵਾਂ ਨੂੰ ਕੱਢਿਆ ਸੀ। ਪਰ ਮੱਤੀ ਉੱਥੇ ਮੌਜੂਦ ਸਨ (ਮੱਤੀ ਅਧਿਆਇ 8 ਆਇਤ 23)। ਇਸ ਲਈ ਮਰਕੁਸ ਅਤੇ ਲੂਕਾ ਦੇ ਬਿਰਤਾਂਤ ਤੁਲਨਾਤਮਕ ਤੌਰ ਤੇ ਸੰਖੇਪ ਹਨ, ਪਰ ਉਹ ਮੱਤੀ ਦੇ ਬਿਰਤਾਂਤ ਦਾ ਵਿਰੋਧ ਨਹੀਂ ਕਰਦੇ।

ਜੇ ਉੱਥੇ ਦੋ ਦੁਸ਼ਟ ਆਤਮਾਵਾਂ ਨਾਲ ਗ੍ਰਸਤ ਵਿਅਕਤੀ ਸਨ, ਤਾਂ ਇਹ ਨਿਸ਼ਚਿਤ ਹੀ ਹੈ ਕਿ ਉੱਥੇ ਇੱਕ ਵਿਅਕਤੀ ਵੀ ਸੀ। ਇਸ ਲਈ ਮਰਕੁਸ ਅਤੇ ਲੂਕਾ ਦੁਆਰਾ ਕੇਵਲ ਇੱਕ ਵਿਅਕਤੀ ਦਾ ਜ਼ਿਕਰ ਕਰਨਾ ਕਿਸੇ ਵੀ ਤਰ੍ਹਾਂ ਦਾ ਵਿਰੋਧਾਭਾਸ ਨਹੀਂ ਹੈ। ਸੰਭਵ ਹੈ ਕਿ ਉਨ੍ਹਾਂ ਨੇ ਉਨ੍ਹਾਂ ਦੋਹਾਂ ਵਿੱਚੋਂ ਉਸੇ ਵਿਅਕਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਹੋਵੇ ਜੋ ਵਧੇਰੇ ਪ੍ਰਸਿੱਧ ਸੀ, ਜਾਂ ਜੋ ਦੋਹਾਂ ਵਿੱਚੋਂ ਵਧੇਰੇ ਉਗਰ ਅਤੇ ਹਿੰਸਕ ਸੀ। ਇਸ ਲਈ ਇਨ੍ਹਾਂ ਬਿਰਤਾਂਤਾਂ ਵਿੱਚ ਅੰਤਰ ਤਾਂ ਹੈ, ਪਰ ਵਿਰੋਧਾਭਾਸ ਨਹੀਂ।

ਅਸੀਂ ਨਵੇਂ ਨੇਮ ਉੱਤੇ ਭਰੋਸਾ ਕਰ ਸਕਦੇ ਹਾਂ। ਨਾ ਸਿਰਫ਼ ਸਾਡੇ ਕੋਲ ਹੱਥ-ਲਿਖਤ ਪਾਂਡੂਲਿਪੀਆਂ ਦੇ ਰੂਪ ਵਿੱਚ ਇੰਨੇ ਵੱਧ ਅਤੇ ਮਜ਼ਬੂਤ ਸਬੂਤ ਉਪਲਬਧ ਹਨ ਕਿ ਇਹ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਇਸ ਦੇ ਮੂਲ ਸ਼ਬਦ ਸੁਰੱਖਿਅਤ ਢੰਗ ਨਾਲ ਸਾਡੇ ਤੱਕ ਪਹੁੰਚੇ ਹਨ, ਸਗੋਂ ਅਸੀਂ ਸਰਬਸ਼ਕਤੀਮਾਨ ਪਰਮੇਸ਼ੁਰ ਦੀ ਸਰਵਉੱਚ ਪ੍ਰਭੁਤਾ ਉੱਤੇ ਵੀ ਭਰੋਸਾ ਕਰ ਸਕਦੇ ਹਾਂ। ਉਹੀ ਪਰਮੇਸ਼ੁਰ ਹਨ ਜਿਨ੍ਹਾਂ ਨੇ ਆਕਾਸ਼ ਵਿੱਚ ਤਾਰਿਆਂ ਅਤੇ ਗ੍ਰਹਿਆਂ ਨੂੰ ਇੰਨੀ ਅਦਭੁਤ ਵਿਵਸਥਾ ਅਤੇ ਸਟੀਕਤਾ ਨਾਲ ਸਥਾਪਿਤ ਕੀਤਾ ਕਿ ਅੱਜ ਅਸੀਂ ਉਨ੍ਹਾਂ ਦੇ ਗਤੀ-ਚੱਕਰ ਦੀ ਗਣਨਾ ਕਰਕੇ ਇਹ ਦੱਸ ਸਕਦੇ ਹਾਂ ਕਿ ਉਹ ਕਿਸ ਦਿਨ ਅਤੇ ਕਿਸ ਸਮੇਂ ਮੁੜ ਦਿਖਾਈ ਦੇਣਗੇ। ਨਿਸ਼ਚਤ ਹੀ, ਉਹੀ ਪਰਮੇਸ਼ੁਰ ਇਸ ਗੱਲ ਨੂੰ ਵੀ ਯਕੀਨੀ ਬਣਾਉਣ ਦੇ ਸਮਰੱਥ ਸਨ ਕਿ ਇਸ ਸਮੁੱਚੀ ਸ੍ਰਿਸ਼ਟੀ ਦੀ ਸਭ ਤੋਂ ਮਹੱਤਵਪੂਰਨ ਪੁਸਤਕ ਬਿਨਾਂ ਵਿਗਾੜ ਦੇ ਸੁਰੱਖਿਅਤ ਰੂਪ ਵਿੱਚ ਸਾਡੇ ਤੱਕ ਪਹੁੰਚੇ।

ਜੇ ਤੁਸੀਂ ਬਾਈਬਲ ਦੀ ਭਰੋਸੇਯੋਗਤਾ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਹੇਠ ਲਿਖੀਆਂ ਪੁਸਤਕਾਂ ਇਸ ਵਿਸ਼ੇ ਉੱਤੇ ਬਹੁਤ ਹੀ ਲਾਭਦਾਇਕ ਸਾਧਨ ਹਨ।

• ਗੌਡ ਬ੍ਰੀਦਡ: ਦ ਅਨਡਿਨਾਇਏਬਲ ਪਾਵਰ ਐਂਡ ਰਿਲਾਇਬਿਲਟੀ ਆਫ ਸਕ੍ਰਿਪਚਰ, ਲੇਖਕ—ਜੋਸ਼ ਮੈਕਡੌਵਲ; ਬਾਰਬਰ ਪਬਲਿਸ਼ਿੰਗ, ਇੰਕ., 2015।

• ਐਵੀਡੈਂਸ ਦੈਟ ਡਿਮਾਂਡਜ਼ ਅ ਵਰਡਿਕਟ: ਲਾਈਫ-ਚੇਂਜਿੰਗ ਟਰੂਥ ਫਾਰ ਅ ਸਕੈਪਟਿਕਲ ਵਰਲਡ, ਲੇਖਕ—ਜੋਸ਼ ਮੈਕਡੌਵਲ ਅਤੇ ਡਾ. ਸ਼ੌਨ ਮੈਕਡੌਵਲ; ਥੌਮਸ ਨੇਲਸਨ, 2017।

• ਵ੍ਹੈਨ ਕ੍ਰਿਟਿਕਸ ਆਸਕ: ਅ ਪੌਪਿਊਲਰ ਹੈਂਡਬੁੱਕ ਆਨ ਬਾਈਬਲ ਡਿਫਿਕਲਟੀਜ਼, ਲੇਖਕ—ਨੌਰਮਨ ਗੀਜ਼ਲਰ ਅਤੇ ਥੌਮਸ ਹੋਵੇ; ਵਿਕਟਰ ਬੁਕਸ, 1992।

• ਹਾਊ ਵੀ ਗੌਟ ਦ ਬਾਈਬਲ, ਲੇਖਕ—ਡਾ. ਟਿਮੋਥੀ ਪੌਲ ਜੋਨਜ਼; ਰੋਜ਼ ਪਬਲਿਸ਼ਿੰਗ, 2015।

• ਦ ਕੇਸ ਫਾਰ ਕ੍ਰਾਈਸਟ: ਅ ਜਰਨਲਿਸਟਸ ਪਰਸਨਲ ਇਨਵੈਸਟੀਗੇਸ਼ਨ ਆਫ ਦ ਐਵੀਡੈਂਸ ਫਾਰ ਜੀਸਸ, ਲੇਖਕ—ਲੀ ਸਟ੍ਰੋਬਲ; ਜ਼ੌਂਡਰਵਨ, 2016।

• ਕੋਲਡ-ਕੇਸ ਕ੍ਰਿਸਚਿਆਨਿਟੀ: ਅ ਹੋਮਿਸਾਈਡ ਡਿਟੈਕਟਿਵ ਇਨਵੈਸਟੀਗੇਟਸ ਦ ਕਲੇਮਜ਼ ਆਫ ਦ ਗੌਸਪਲਜ਼, ਲੇਖਕ—ਜੇ. ਵੌਰਨਰ ਵਾਲੇਸ; ਡੇਵਿਡ ਸੀ. ਕੁਕ, 2013।

# ਕੁਝ ਅੰਤਿਮ ਵਿਚਾਰ।

ਪਿਛਲੇ ਕਈ ਸਾਲਾਂ ਵਿੱਚ ਮੈਂ ਬਹੁਤ ਸਾਰੇ ਲੋਕਾਂ ਨੂੰ ਨਿਯਮਿਤ ਅਤੇ ਕ੍ਰਮਬੱਧ ਢੰਗ ਨਾਲ ਬਾਈਬਲ ਪੜ੍ਹਨ ਦੀ ਚੁਣੌਤੀ ਦਿੱਤੀ ਹੈ। ਮੇਰੀ ਜਾਣਕਾਰੀ ਵਿੱਚ ਜਿੰਨੇ ਲੋਕਾਂ ਨੇ ਇਸ ਚੁਣੌਤੀ ਨੂੰ ਸਵੀਕਾਰ ਕੀਤਾ, ਉਹ ਸਾਰੇ ਇਹ ਗਵਾਹੀ ਦੇਣਗੇ ਕਿ ਇਸ ਅਭਿਆਸ ਨੇ ਉਨ੍ਹਾਂ ਦੇ ਜੀਵਨ ਨੂੰ ਬਿਹਤਰ ਲਈ ਬਦਲ ਦਿੱਤਾ। ਜੇ ਤੁਸੀਂ ਨਿਯਮਿਤ ਅਤੇ ਕ੍ਰਮਬੱਧ ਢੰਗ ਨਾਲ ਬਾਈਬਲ ਪੜ੍ਹਨ ਵਾਲੇ ਬਣ ਜਾਂਦੇ ਹੋ, ਖ਼ਾਸ ਕਰਕੇ ਨਵੇਂ ਨੇਮ ਦੇ, ਤਾਂ ਇੱਕ ਸਾਲ ਬਾਅਦ ਤੁਸੀਂ ਆਪਣੇ ਆਪ ਨੂੰ ਇੱਕ ਬਦਲੇ ਹੋਏ ਵਿਅਕਤੀ ਵਜੋਂ ਪਾਓਗੇ। ਤੁਹਾਡੇ ਅੰਦਰ ਜੀਵਨ ਦੇ ਹਾਲਾਤਾਂ ਦਾ ਸਾਹਮਣਾ ਕਰਨ ਲਈ ਪਹਿਲਾਂ ਨਾਲੋਂ ਵੱਧ ਸ਼ਾਂਤੀ, ਅਨੰਦ, ਆਤਮ-ਵਿਸ਼ਵਾਸ ਅਤੇ ਆਸ ਹੋਵੇਗੀ।

ਭਾਵੇਂ ਨਿਯਮਿਤ ਤੌਰ ਤੇ ਬਾਈਬਲ ਪੜ੍ਹਨ ਦੀ ਆਦਤ ਵਿਕਸਿਤ ਕਰਨ ਅਤੇ ਉਸ ਨੂੰ ਬਣਾਈ ਰੱਖਣ ਵਿੱਚ ਕੁਝ ਮਿਹਨਤ ਜ਼ਰੂਰ ਲੱਗਦੀ ਹੈ, ਫਿਰ ਵੀ ਇਸ ਦਾ ਫਲ ਬਹੁਤ ਹੀ ਕੀਮਤੀ ਹੈ। ਜਦੋਂ ਇਹ ਤੁਹਾਡੀ ਆਦਤ ਬਣ ਜਾਵੇ, ਤਾਂ ਤੁਸੀਂ ਆਪਣੇ ਪੜ੍ਹਨ ਦੇ ਢੰਗ ਵਿੱਚ ਤਬਦੀਲੀ ਵੀ ਕਰ ਸਕਦੇ ਹੋ। ਇਹ ਗੱਲ ਹਮੇਸ਼ਾ ਯਾਦ ਰੱਖੋ ਕਿ ਉਦੇਸ਼ ਇਹ ਹੈ ਕਿ ਨਵੇਂ ਨੇਮ ਦੀ ਹਰੇਕ ਪੁਸਤਕ ਨੂੰ ਆਰੰਭ ਤੋਂ ਅੰਤ ਤੱਕ ਜਿੰਨਾ ਸੰਭਵ ਹੋ ਸਕੇ, ਘੱਟ ਸਮੇਂ ਵਿੱਚ ਪੂਰਾ ਪੜ੍ਹਿਆ ਜਾਵੇ।

ਬਹੁਤ ਸਾਲ ਪਹਿਲਾਂ, ਜਦੋਂ ਮੈਂ ਨਿਯਮਿਤ ਤੌਰ ਤੇ ਬਾਈਬਲ ਪੜ੍ਹਨਾ ਸ਼ੁਰੂ ਕੀਤਾ, ਤਾਂ ਮੈਂ ਆਪਣੇ ਲਈ ਇੱਕ ਵਿਸ਼ੇਸ਼ ਕ੍ਰਮ ਨਿਰਧਾਰਤ ਕੀਤਾ। ਮੈਂ ਪਹਿਲਾਂ ਕਿਸੇ ਇੱਕ ਇੰਜੀਲ ਨੂੰ ਆਰੰਭ ਤੋਂ ਅੰਤ ਤੱਕ ਪੜ੍ਹਦੀ ਸੀ, ਅਤੇ ਉਸ ਤੋਂ ਬਾਅਦ ਹਰੇਕ ਪੱਤਰੀ ਨੂੰ ਵੀ ਆਰੰਭ ਤੋਂ ਅੰਤ ਤੱਕ ਪੜ੍ਹਦੀ ਸੀ। ਫਿਰ ਮੈਂ ਅਗਲੀ ਇੰਜੀਲ ਵੱਲ ਜਾਂਦੀ ਅਤੇ ਉਸ ਤੋਂ ਬਾਅਦ ਮੁੜ ਸਾਰੀਆਂ ਪੱਤਰੀਆਂ ਨੂੰ ਪੜ੍ਹਦੀ। ਜਦੋਂ ਚਾਰੇ ਇੰਜੀਲਾਂ ਪੂਰੀਆਂ ਹੋ ਗਈਆਂ, ਤਾਂ ਮੈਂ ਰਸੂਲਾਂ ਦੇ ਕਰਤੱਬ ਅਤੇ ਉਸ ਤੋਂ ਬਾਅਦ ਫਿਰ ਸਾਰੀਆਂ ਪੱਤਰੀਆਂ ਨੂੰ ਪੜ੍ਹਿਆ। ਇੱਕ ਅਜਿਹੇ ਸੇਵਕ, ਜਿਨ੍ਹਾਂ ਦਾ ਮੈਂ ਬਹੁਤ ਆਦਰ ਕਰਦੀ ਸੀ, ਨੇ ਮੈਨੂੰ ਕਿਹਾ ਸੀ ਕਿ ਪੱਤਰੀਆਂ ਖ਼ਾਸ ਤੌਰ ਤੇ ਮਸੀਹੀਆਂ ਨੂੰ ਇਹ ਸਿਖਾਉਣ ਲਈ ਲਿਖੀਆਂ ਗਈਆਂ ਹਨ ਕਿ ਉਨ੍ਹਾਂ ਨੂੰ ਕੀ ਵਿਸ਼ਵਾਸ ਕਰਨਾ ਚਾਹੀਦਾ ਹੈ ਅਤੇ ਕਿਸ ਤਰ੍ਹਾਂ ਦਾ ਜੀਵਨ ਜੀਉਣਾ ਚਾਹੀਦਾ ਹੈ। ਇਸੇ ਕਾਰਨ ਮੈਂ ਪੱਤਰੀਆਂ ਨੂੰ ਵਾਰ-ਵਾਰ ਪੜ੍ਹਨ ਦਾ ਫ਼ੈਸਲਾ ਕੀਤਾ।

ਕਈ ਸਾਲਾਂ ਤੱਕ ਮੈਂ ਪ੍ਰਕਾਸ਼ ਦੀ ਪੁਸਤਕ ਨਹੀਂ ਪੜ੍ਹੀ, ਕਿਉਂਕਿ ਉਸ ਦੀਆਂ ਗੱਲਾਂ ਮੇਰੀ ਸਮਝ ਵਿੱਚ ਨਹੀਂ ਆਉਂਦੀਆਂ ਸਨ। ਬਾਅਦ ਵਿੱਚ, ਜਦੋਂ ਮਸੀਹੀ ਵਿਸ਼ਵਾਸ ਦੀਆਂ ਮੂਲ ਸਿੱਖਿਆਵਾਂ ਅਤੇ ਯਿਸੂ ਦੇ ਦੂਜੇ ਆਉਣ ਬਾਰੇ ਮੇਰੀ ਸਮਝ ਵਧ ਗਈ, ਤਾਂ ਮੈਂ ਉਸ ਪੁਸਤਕ ਵੱਲ ਮੁੜ ਆਈ।

ਜੇ ਕਿਸੇ ਸਮੇਂ ਤੁਹਾਡੀ ਨਿਯਮਿਤ ਪੜ੍ਹਨ ਦੀ ਆਦਤ ਟੁੱਟ ਜਾਵੇ ਅਤੇ ਤੁਸੀਂ ਕੁਝ ਸਮੇਂ ਤੱਕ ਬਾਈਬਲ ਨਾ ਪੜ੍ਹ ਸਕੋ, ਤਾਂ ਨਿਰਾਸ਼ ਹੋ ਕੇ ਹਾਰ ਨਾ ਮੰਨੋ। ਬਸ ਦੁਬਾਰਾ ਸ਼ੁਰੂ ਕਰ ਦਿਓ। ਪਰਮੇਸ਼ੁਰ ਤੁਹਾਡੇ ਨਾਲ ਕ੍ਰੋਧਿਤ ਨਹੀਂ ਹਨ। ਤੁਸੀਂ ਬਾਈਬਲ ਇਸ ਲਈ ਨਹੀਂ ਪੜ੍ਹ ਰਹੇ ਕਿ ਪਰਮੇਸ਼ੁਰ ਤੋਂ ਕੋਈ ਵਿਸ਼ੇਸ਼ ਕਿਰਪਾ ਜਾਂ ਇਨਾਮ ਪ੍ਰਾਪਤ ਕਰ ਸਕੋ। ਤੁਸੀਂ ਆਪਣੇ ਯਤਨਾਂ ਦੇ ਦੁਆਰਾ ਉਨ੍ਹਾਂ ਦਾ ਪ੍ਰੇਮ ਜਾਂ ਕਿਰਪਾ ਕਮਾ ਨਹੀਂ ਸਕਦੇ। ਮਸੀਹ ਵਿੱਚ ਵਿਸ਼ਵਾਸ ਦੇ ਦੁਆਰਾ ਤੁਸੀਂ ਪਹਿਲਾਂ ਹੀ ਉਨ੍ਹਾਂ ਦੇ ਪੁੱਤਰ ਜਾਂ ਧੀ ਬਣ ਚੁੱਕੇ ਹੋ, ਅਤੇ ਉਨ੍ਹਾਂ ਦਾ ਪ੍ਰੇਮ ਅਤੇ ਕਿਰਪਾ ਤੁਹਾਨੂੰ ਪਹਿਲਾਂ ਹੀ ਪ੍ਰਾਪਤ ਹੈ। ਤੁਸੀਂ ਬਾਈਬਲ ਇਸ ਲਈ ਪੜ੍ਹਦੇ ਹੋ ਕਿ ਤੁਸੀਂ ਉਨ੍ਹਾਂ ਨੂੰ ਹੋਰ ਡੂੰਘਾਈ ਨਾਲ ਜਾਣ ਸਕੋ, ਅਤੇ ਉਨ੍ਹਾਂ ਦੇ ਬਚਨ ਅਤੇ

ਉਨ੍ਹਾਂ ਦੀ ਪਵਿੱਤਰ ਆਤਮਾ ਦੇ ਦੁਆਰਾ ਉਹ ਤੁਹਾਡੇ ਜੀਵਨ ਵਿੱਚ ਉਹ ਤਬਦੀਲੀ ਪੈਦਾ ਕਰਨ ਜੋ ਉਹ ਚਾਹੁੰਦੇ ਹਨ।

ਨਿਯਮਿਤ ਤੌਰ ਤੇ ਬਾਈਬਲ ਪੜ੍ਹਨਾ ਨਾ ਸਿਰਫ਼ ਪ੍ਰਭੂ ਨਾਲ ਤੁਹਾਡੇ ਸੰਬੰਧ ਨੂੰ ਹੋਰ ਡੂੰਘਾ ਕਰੇਗਾ ਅਤੇ ਤੁਹਾਨੂੰ ਮਸੀਹ ਦੇ ਸਰੂਪ ਵਰਗੇ ਬਣਨ ਵਿੱਚ ਸਹਾਇਤਾ ਦੇਵੇਗਾ, ਸਗੋਂ ਤੁਸੀਂ ਹੇਠ ਲਿਖੇ ਨਤੀਜਿਆਂ ਦੀ ਵੀ ਉਮੀਦ ਕਰ ਸਕਦੇ ਹੋ।

• ਨਿਯਮਿਤ ਅਧਿਐਨ ਤੁਹਾਨੂੰ ਇਸ ਜੀਵਨ ਨੂੰ ਸਹੀ ਦ੍ਰਿਸ਼ਟੀਕੋਣ ਨਾਲ ਵੇਖਣ ਵਿੱਚ ਸਹਾਇਤਾ ਕਰੇਗਾ। ਅਸੀਂ ਇਸ ਸੰਸਾਰ ਵਿੱਚ ਕੇਵਲ ਥੋੜ੍ਹੇ ਸਮੇਂ ਲਈ ਯਾਤਰੀ ਹਾਂ, ਅਤੇ ਸਾਡਾ ਮਹਾਨ ਅਤੇ ਉੱਤਮ ਭਵਿੱਖ ਅਜੇ ਸਾਡੇ ਸਾਹਮਣੇ ਹੈ। ਜਦੋਂ ਇਹ ਸੱਚਾਈ ਤੁਹਾਡੇ ਜੀਵਨ ਦਾ ਦ੍ਰਿਸ਼ਟੀਕੋਣ ਬਣ ਜਾਵੇਗੀ, ਤਾਂ ਡਰ ਤੁਹਾਡੇ ਜੀਵਨ ਤੋਂ ਦੂਰ ਹੋਣ ਲੱਗੇਗਾ, ਕਿਉਂਕਿ ਤੁਸੀਂ ਜਾਣੋਗੇ ਕਿ ਤੁਹਾਡੇ ਅੱਗੇ ਇੱਕ ਮਹਿਮਾਮਈ ਅਤੇ ਧੰਨ ਅੰਤ ਤੁਹਾਡੀ ਉਡੀਕ ਕਰ ਰਿਹਾ ਹੈ। ਤਦ ਜੀਵਨ ਦੇ ਹਾਲਾਤ ਤੁਹਾਨੂੰ ਪਹਿਲਾਂ ਵਾਂਗ ਵਿਚਲਿਤ ਨਹੀਂ ਕਰ ਸਕਣਗੇ।

• ਨਿਯਮਿਤ ਅਧਿਐਨ ਤੁਹਾਡੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਸਹੀ ਦਿਸ਼ਾ ਦੇਵੇਗਾ। ਇਹ ਨਾ ਸਿਰਫ਼ ਤੁਹਾਡੇ ਨਿੱਜੀ ਸੰਘਰਸ਼ਾਂ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨ ਵਿੱਚ ਤੁਹਾਡੀ ਸਹਾਇਤਾ ਕਰੇਗਾ, ਸਗੋਂ ਉਸ ਵਧਦੀ ਹੋਈ ਅਵਿਵਸਥਾ ਅਤੇ ਬੇਚੈਨੀ ਦੇ ਵਿਚਕਾਰ ਵੀ ਤੁਹਾਨੂੰ ਸਥਿਰ ਰੱਖੇਗਾ ਜੋ ਪ੍ਰਭੂ ਯਿਸੂ ਦੇ ਮੁੜ ਆਉਣ ਦੇ ਨੇੜੇ ਆਉਣ ਨਾਲ ਸੰਸਾਰ ਵਿੱਚ ਵਧਦੀ ਜਾਵੇਗੀ। ਇਸ ਸਮੇਂ ਜਦੋਂ ਧਾਰਮਿਕ ਧੋਖਾ ਲਗਾਤਾਰ ਵਧ ਰਿਹਾ ਹੈ, ਪਰਮੇਸ਼ੁਰ ਦਾ ਬਚਨ ਤੁਹਾਨੂੰ ਝੂਠੀਆਂ ਸਿੱਖਿਆਵਾਂ ਨੂੰ ਪਛਾਣਨ ਦੀ ਸਮਝ ਪ੍ਰਦਾਨ ਕਰੇਗਾ।

• ਨਿਯਮਿਤ ਅਧਿਐਨ ਤੁਹਾਨੂੰ ਸਹੀ ਤਰਜੀਹਾਂ ਨਿਰਧਾਰਤ ਕਰਨਾ ਸਿਖਾਏਗਾ। ਸਦੀਵੀ ਗੱਲਾਂ ਦਾ ਮਹੱਤਵ ਅਸਥਾਈ ਅਤੇ ਨਾਸਵੰਤ ਗੱਲਾਂ ਨਾਲੋਂ ਕਿਤੇ ਵੱਧ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਲੋਕ ਯਿਸੂ ਮਸੀਹ ਦੇ ਦੁਆਰਾ ਮਿਲਣ ਵਾਲੀ ਮੁਕਤੀ ਦੇ ਗਿਆਨ ਤੱਕ ਪਹੁੰਚਣ। ਸਾਨੂੰ ਸੰਸਾਰ ਵਿੱਚ ਜਿੱਥੇ ਵੀ ਪਰਮੇਸ਼ੁਰ ਨੇ ਸਾਨੂੰ ਰੱਖਿਆ ਹੈ, ਉੱਥੇ ਮਸੀਹ ਦੇ ਚਾਨਣ ਨੂੰ ਚਮਕਾਉਣਾ ਹੈ। ਅਤੇ ਜਦੋਂ ਪਰਮੇਸ਼ੁਰ ਦਾ ਬਚਨ ਤੁਹਾਡੇ ਮਨ ਅਤੇ ਹਿਰਦੇ ਉੱਤੇ ਰਾਜ ਕਰੇਗਾ, ਤਾਂ ਤੁਸੀਂ ਉਸ ਦੇ ਚਾਨਣ ਨੂੰ ਪ੍ਰਗਟ ਕੀਤੇ ਬਿਨਾਂ ਰਹਿ ਹੀ ਨਹੀਂ ਸਕੋਗੇ।

ਸਭ ਤੋਂ ਮਹਾਨ ਤੋਹਫ਼ਾ ਜੋ ਤੁਸੀਂ ਆਪਣੇ ਆਪ ਨੂੰ ਅਤੇ ਉਨ੍ਹਾਂ ਲੋਕਾਂ ਨੂੰ ਦੇ ਸਕਦੇ ਹੋ ਜਿਨ੍ਹਾਂ ਦੇ ਜੀਵਨ ਉੱਤੇ ਤੁਸੀਂ ਪ੍ਰਭਾਵ ਪਾਉਂਦੇ ਹੋ, ਉਹ ਇਹ ਹੈ ਕਿ ਤੁਸੀਂ ਨਵੇਂ ਨੇਮ ਦੇ ਨਿਯਮਿਤ ਅਤੇ ਕ੍ਰਮਬੱਧ ਪਾਠਕ ਬਣ ਜਾਓ। ਹੁਣ ਹੋਰ ਸਮਾਂ ਵਿਅਰਥ ਨਾ ਗਵਾਓ। ਅੱਜ ਹੀ ਸ਼ੁਰੂ ਕਰੋ।

## ਨਵੇਂ ਨੇਮ ਦੀਆਂ ਪੁਸਤਕਾਂ ਦਾ ਸੰਖੇਪ ਸਾਰ।

ਨਵੇਂ ਨੇਮ ਦੇ ਗ੍ਰੰਥ ਉਸ ਕ੍ਰਮ ਵਿੱਚ ਵਿਵਸਥਿਤ ਨਹੀਂ ਹਨ ਜਿਸ ਕ੍ਰਮ ਵਿੱਚ ਉਹ ਲਿਖੇ ਗਏ ਸਨ। ਸਾਨੂੰ ਇਹ ਨਿਸ਼ਚਿਤ ਤੌਰ ਤੇ ਪਤਾ ਨਹੀਂ ਹੈ ਕਿ ਉਨ੍ਹਾਂ ਨੂੰ ਮੌਜੂਦਾ ਕ੍ਰਮ ਵਿੱਚ ਕਿਸ ਨੇ ਵਿਵਸਥਿਤ ਕੀਤਾ, ਪਰ ਉਨ੍ਹਾਂ ਦਾ ਇਹ ਕ੍ਰਮ ਇੱਕ ਸਪਸ਼ਟ ਅਤੇ ਤਰਕਸੰਗਤ ਵਿਵਸਥਾ ਨੂੰ ਪ੍ਰਗਟ ਕਰਦਾ ਹੈ। ਨਵੇਂ ਨੇਮ ਦੀ ਸ਼ੁਰੂਆਤ ਚਾਰ ਇੰਜੀਲਾਂ ਨਾਲ ਹੁੰਦੀ ਹੈ, ਉਸ ਤੋਂ ਬਾਅਦ ਰਸੂਲਾਂ ਦੇ ਕਰਤੱਬ ਦੀ ਪੁਸਤਕ ਆਉਂਦੀ ਹੈ, ਅਤੇ ਫਿਰ ਪੱਤਰੀਆਂ ਆਉਂਦੀਆਂ ਹਨ। ਇੰਜੀਲਾਂ ਯਿਸੂ ਦੇ ਜੀਵਨ-ਬਿਰਤਾਂਤ ਹਨ, ਜਿਨ੍ਹਾਂ ਨੂੰ ਉਨ੍ਹਾਂ ਲੋਕਾਂ ਨੇ ਲਿਖਿਆ ਜੋ ਜਾਂ ਤਾਂ ਖੁਦ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ, ਜਾਂ ਜਿਨ੍ਹਾਂ ਨੇ ਅਜਿਹੇ ਲੋਕਾਂ ਤੋਂ ਜਾਣਕਾਰੀ ਪ੍ਰਾਪਤ ਕੀਤੀ ਸੀ ਜਿਨ੍ਹਾਂ ਦਾ ਯਿਸੂ ਨਾਲ ਨਿੱਜੀ ਸੰਪਰਕ ਰਿਹਾ ਸੀ। ਰਸੂਲਾਂ ਦੇ ਕਰਤੱਬ ਦੀ ਪੁਸਤਕ ਯਿਸੂ ਦੇ ਪਹਿਲੇ ਚੇਲਿਆਂ ਦੇ ਕੰਮਾਂ ਦਾ ਇਤਿਹਾਸਕ ਵੇਰਵਾ ਪੇਸ਼ ਕਰਦੀ ਹੈ, ਜਦੋਂ ਉਹ ਉਨ੍ਹਾਂ ਦੇ ਪੁਨਰੁੱਥਾਨ ਦਾ ਸੰਦੇਸ਼ ਸੁਣਾਉਣ ਲਈ ਵੱਖ-ਵੱਖ ਥਾਵਾਂ ਉੱਤੇ ਗਏ। ਪੱਤਰੀਆਂ ਉਨ੍ਹਾਂ ਕਲੀਸੀਆਵਾਂ ਲਈ ਲਿਖੀਆਂ ਗਈਆਂ ਸਨ ਜੋ ਰਸੂਲਾਂ ਦੇ ਕਰਤੱਬ ਵਿੱਚ ਵਰਣਿਤ ਸਮੇਂ ਦੌਰਾਨ ਸਥਾਪਿਤ ਹੋਈਆਂ ਸਨ। ਨਵੇਂ ਨੇਮ ਦਾ ਸਮਾਪਨ ਪ੍ਰਕਾਸ਼ ਦੀ ਪੁਸਤਕ ਨਾਲ ਹੁੰਦਾ ਹੈ, ਜਿਸ ਵਿੱਚ ਯਿਸੂ ਦੇ ਦੂਜੇ ਆਉਣ ਅਤੇ ਪਰਮੇਸ਼ੁਰ ਦੀ ਆਪਣੇ ਪਰਿਵਾਰ ਲਈ ਬਣਾਈ ਗਈ ਯੋਜਨਾ ਦੀ ਪੂਰਤੀ ਦਾ ਵਰਣਨ ਕੀਤਾ ਗਿਆ ਹੈ।

## ਇੰਜੀਲਾਂ ਅਤੇ ਰਸੂਲਾਂ ਦੇ ਕਰਤੱਬ।

ਚਾਰੋਂ ਇੰਜੀਲਾਂ ਦੇ ਨਾਂ ਉਨ੍ਹਾਂ ਦੇ ਲੇਖਕਾਂ—ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ—ਦੇ ਨਾਂ ਉੱਤੇ ਰੱਖੇ ਗਏ ਹਨ। ਇੰਜੀਲ ਸ਼ਬਦ ਦਾ ਅਰਥ ਹੈ "ਸ਼ੁਭ ਸਮਾਚਾਰ"। ਇਨ੍ਹਾਂ ਪੁਸਤਕਾਂ ਦੇ ਲੇਖਕਾਂ ਨੇ ਖੁਦ ਆਪਣੀਆਂ ਰਚਨਾਵਾਂ ਨੂੰ ਇੰਜੀਲ ਨਹੀਂ ਕਿਹਾ ਸੀ। ਇਨ੍ਹਾਂ ਪੁਸਤਕਾਂ ਲਈ "ਇੰਜੀਲ" ਸ਼ਬਦ ਦੀ ਵਰਤੋਂ ਦੂਜੀ ਸਦੀ ਦੇ ਉੱਤਰਾਰਧ ਵਿੱਚ ਸ਼ੁਰੂ ਹੋਈ।

ਇਹ ਗ੍ਰੰਥ ਯਿਸੂ ਦੇ ਜਨਮ ਤੋਂ ਲੈ ਕੇ ਉਨ੍ਹਾਂ ਦੇ ਸਵਰਗਾਰੋਹਣ ਤੱਕ ਦੇ ਜੀਵਨ ਦਾ ਇਤਿਹਾਸਕ ਵੇਰਵਾ ਪੇਸ਼ ਕਰਦੇ ਹਨ। ਚਾਰੋਂ ਇੰਜੀਲਾਂ ਮੂਲ ਰੂਪ ਵਿੱਚ ਇੱਕੋ ਘਟਨਾਕ੍ਰਮ ਦਾ ਵਰਣਨ ਕਰਦੀਆਂ ਹਨ। ਉਨ੍ਹਾਂ ਵਿੱਚ ਦੱਸਿਆ ਗਿਆ ਹੈ ਕਿ ਯਿਸੂ ਨੇ ਆਪਣੇ ਆਪ ਨੂੰ ਯਹੂਦੀ ਲੋਕਾਂ ਦੇ ਸਾਹਮਣੇ ਪੁਰਾਣੇ ਨੇਮ ਦੀਆਂ ਉਨ੍ਹਾਂ ਭਵਿੱਖਬਾਣੀਆਂ ਦੀ ਪੂਰਤੀ ਵਜੋਂ ਪੇਸ਼ ਕੀਤਾ ਜਿਨ੍ਹਾਂ ਵਿੱਚ ਆਉਣ ਵਾਲੇ ਮੁਕਤੀਦਾਤਾ ਦਾ ਵਾਅਦਾ ਕੀਤਾ ਗਿਆ ਸੀ। ਉਨ੍ਹਾਂ ਨੇ ਪਰਮੇਸ਼ੁਰ ਦੇ ਰਾਜ ਦੇ ਨੇੜੇ ਹੋਣ ਦਾ ਪ੍ਰਚਾਰ ਕਰਦੇ ਹੋਏ ਬਹੁਤ ਸਾਰੇ ਅਚਰਜ-ਕੰਮ ਅਤੇ ਚੰਗਿਆਈਆਂ ਕੀਤੀਆਂ। ਆਰੰਭ ਵਿੱਚ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਨੂੰ ਸਵੀਕਾਰ ਕੀਤਾ, ਪਰ ਬਾਅਦ ਵਿੱਚ ਬਹੁਤੇ ਲੋਕਾਂ ਨੇ ਉਨ੍ਹਾਂ ਨੂੰ ਅਸਵੀਕਾਰ ਕਰ ਦਿੱਤਾ। ਅੰਤ ਵਿੱਚ ਯਿਸੂ ਨੂੰ ਰੋਮੀ ਸ਼ਾਸਨ ਦੇ ਅਧਿਕਾਰੀਆਂ ਦੇ ਹੱਥ ਸੌਂਪ ਦਿੱਤਾ ਗਿਆ, ਉਨ੍ਹਾਂ ਨੂੰ ਸਲੀਬ ਉੱਤੇ ਚੜ੍ਹਾਇਆ ਗਿਆ ਅਤੇ ਦਫ਼ਨਾਇਆ ਗਿਆ। ਪਰ ਤਿੰਨ ਦਿਨ ਬਾਅਦ ਉਹ ਮੁਰਦਿਆਂ ਵਿੱਚੋਂ ਜੀ ਉੱਠੇ।

ਚਾਰੋਂ ਇੰਜੀਲਾਂ ਵਿੱਚ ਯਿਸੂ ਦੇ ਮੁੱਢਲੇ ਜੀਵਨ ਬਾਰੇ ਬਹੁਤ ਘੱਟ ਵੇਰਵਾ ਦਿੱਤਾ ਗਿਆ ਹੈ, ਪਰ ਹਰੇਕ ਇੰਜੀਲ ਉਨ੍ਹਾਂ ਦੇ ਸਲੀਬ ਉੱਤੇ ਚੜ੍ਹਾਏ ਜਾਣ ਤੋਂ ਪਹਿਲਾਂ ਦੇ ਆਖ਼ਰੀ ਹਫ਼ਤੇ ਉੱਤੇ ਵਿਸ਼ੇਸ਼ ਜ਼ੋਰ ਦਿੰਦੀ ਹੈ। ਪ੍ਰਾਚੀਨ ਸਮੇਂ ਵਿੱਚ ਜੀਵਨ-ਬਿਰਤਾਂਤ ਲਿਖਣ ਦੀ ਸ਼ੈਲੀ ਅੱਜ ਦੀ ਜੀਵਨੀ ਲਿਖਣ ਦੀ ਸ਼ੈਲੀ ਤੋਂ ਵੱਖਰੀ ਸੀ। ਉਸ ਸਮੇਂ ਦੇ ਲੇਖਕ ਕਿਸੇ ਵਿਅਕਤੀ ਦੇ ਜੀਵਨ ਦੇ ਹਰ ਦੌਰ ਨੂੰ ਬਰਾਬਰ ਮਹੱਤਵ ਨਹੀਂ ਦਿੰਦੇ ਸਨ। ਬਚਪਨ ਅਤੇ ਮੁੱਢਲੇ ਵਿਕਾਸ ਦੇ ਸਾਲਾਂ

ਨੂੰ ਵਿਸ਼ੇਸ਼ ਮਹੱਤਵ ਨਹੀਂ ਦਿੱਤਾ ਜਾਂਦਾ ਸੀ। ਇਸ ਲਈ ਉਨ੍ਹਾਂ ਦੀ ਜ਼ਿਆਦਾਤਰ ਲਿਖਤ ਉਸ ਵਿਅਕਤੀ ਦੇ ਬਾਲਗ ਜੀਵਨ ਦੀਆਂ ਸਭ ਤੋਂ ਮਹੱਤਵਪੂਰਨ ਘਟਨਾਵਾਂ ਉੱਤੇ ਕੇਂਦਰਿਤ ਹੁੰਦੀ ਸੀ। ਇਹੀ ਕਾਰਨ ਹੈ ਕਿ ਇੰਜੀਲਾਂ ਵਿੱਚ ਯਿਸੂ ਦੀ ਲਗਭਗ ਤਿੰਨ ਸਾਲਾਂ ਦੀ ਸੇਵਕਾਈ, ਉਨ੍ਹਾਂ ਦੀ ਮੌਤ ਅਤੇ ਉਨ੍ਹਾਂ ਦੇ ਪੁਨਰੁੱਥਾਨ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ।

ਭਾਵੇਂ ਚਾਰੋਂ ਇੰਜੀਲਾਂ ਮੂਲ ਰੂਪ ਵਿੱਚ ਇੱਕੋ ਘਟਨਾਕ੍ਰਮ ਦਾ ਵਰਣਨ ਕਰਦੀਆਂ ਹਨ, ਇਸ ਲਈ ਉਨ੍ਹਾਂ ਵਿੱਚ ਕੁਝ ਸਮੱਗਰੀ ਇੱਕ-ਦੂਜੇ ਨਾਲ ਮਿਲਦੀ-ਜੁਲਦੀ ਹੈ, ਫਿਰ ਵੀ ਹਰੇਕ ਇੰਜੀਲ ਇੱਕ ਵੱਖਰੀ ਕਿਸਮ ਦੇ ਪਾਠਕਾਂ ਨੂੰ ਧਿਆਨ ਵਿੱਚ ਰੱਖ ਕੇ ਅਤੇ ਇੱਕ ਵਿਸ਼ੇਸ਼ ਉਦੇਸ਼ ਨਾਲ ਲਿਖੀ ਗਈ ਹੈ। ਜਦੋਂ ਚਾਰੋਂ ਇੰਜੀਲਾਂ ਨੂੰ ਇਕੱਠਿਆਂ ਮਿਲਾ ਕੇ ਇਸ ਤਰ੍ਹਾਂ ਵਿਵਸਥਿਤ ਕੀਤਾ ਜਾਂਦਾ ਹੈ ਕਿ ਸਾਰੀਆਂ ਘਟਨਾਵਾਂ ਕ੍ਰਮ ਵਿੱਚ ਆ ਜਾਣ ਅਤੇ ਕੋਈ ਵੀ ਗੱਲ ਦੁਹਰਾਈ ਜਾਂ ਛੱਡੀ ਨਾ ਜਾਵੇ, ਤਾਂ ਵੀ ਉਨ੍ਹਾਂ ਵਿੱਚ ਯਿਸੂ ਦੀ ਸੇਵਕਾਈ ਦੇ ਕੇਵਲ ਲਗਭਗ ਪੰਜਾਹ ਦਿਨਾਂ ਦਾ ਹੀ ਵਿਸਤ੍ਰਿਤ ਵੇਰਵਾ ਮਿਲਦਾ ਹੈ। ਭਾਵੇਂ ਇਨ੍ਹਾਂ ਲੇਖਕਾਂ ਕੋਲ ਲਿਖਣ ਲਈ ਬਹੁਤ ਵੱਧ ਸਮੱਗਰੀ ਉਪਲਬਧ ਸੀ, ਫਿਰ ਵੀ ਉਨ੍ਹਾਂ ਨੇ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਕੇਵਲ ਉਹੀ ਗੱਲਾਂ ਲਿਖੀਆਂ ਜੋ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਉਣ ਲਈ ਜ਼ਰੂਰੀ ਸਨ ਕਿ ਯਿਸੂ ਹੀ ਪਰਮੇਸ਼ੁਰ, ਸਾਡੇ ਪ੍ਰਭੂ ਅਤੇ ਮੁਕਤੀਦਾਤਾ ਹਨ।

“ਇਹੀ ਉਹ ਚੇਲਾ ਹੈ ਜਿਸ ਨੇ ਇਨ੍ਹਾਂ ਗੱਲਾਂ ਦੀ ਗਵਾਹੀ ਦਿੱਤੀ ਅਤੇ ਇਨ੍ਹਾਂ ਨੂੰ ਲਿਖ ਵੀ ਦਿੱਤਾ ਹੈ। ਅਤੇ ਅਸੀਂ ਜਾਣਦੇ ਹਾਂ ਕਿ ਉਸ ਦੀ ਗਵਾਹੀ ਸੱਚੀ ਹੈ। ਯਿਸੂ ਨੇ ਹੋਰ ਵੀ ਬਹੁਤ ਸਾਰੇ ਕੰਮ ਕੀਤੇ। ਜੇ ਉਨ੍ਹਾਂ ਵਿੱਚੋਂ ਹਰੇਕ ਨੂੰ ਵਿਸਤਾਰ ਨਾਲ ਲਿਖਿਆ ਜਾਂਦਾ, ਤਾਂ ਮੇਰਾ ਵਿਚਾਰ ਹੈ ਕਿ ਜਿਹੜੀਆਂ ਪੁਸਤਕਾਂ ਲਿਖੀਆਂ ਜਾਂਦੀਆਂ, ਉਨ੍ਹਾਂ ਲਈ ਸਾਰੀ ਦੁਨੀਆ ਵਿੱਚ ਵੀ ਥਾਂ ਕਾਫ਼ੀ ਨਾ ਹੁੰਦੀ” (ਯੂਹੰਨਾ ਅਧਿਆਇ 21 ਆਇਤ 24 ਅਤੇ 25)।

“ਪਰ ਇਹ ਗੱਲਾਂ ਇਸ ਲਈ ਲਿਖੀਆਂ ਗਈਆਂ ਹਨ ਕਿ ਤੁਸੀਂ ਵਿਸ਼ਵਾਸ ਕਰੋ ਕਿ ਯਿਸੂ ਹੀ ਮਸੀਹ, ਪਰਮੇਸ਼ੁਰ ਦੇ ਪੁੱਤਰ ਹਨ, ਅਤੇ ਵਿਸ਼ਵਾਸ ਕਰਕੇ ਉਨ੍ਹਾਂ ਦੇ ਨਾਮ ਵਿੱਚ ਜੀਵਨ ਪਾਓ” (ਯੂਹੰਨਾ ਅਧਿਆਇ 20 ਆਇਤ 31)।

## ਮੱਤੀ ਦੀ ਇੰਜੀਲ (58–68 ਈਸਵੀ)।

ਮੱਤੀ ਨੇ ਆਪਣੀ ਇੰਜੀਲ ਮੁੱਖ ਤੌਰ ਤੇ ਯਹੂਦੀ ਪਾਠਕਾਂ ਲਈ ਲਿਖੀ, ਤਾਂ ਜੋ ਉਨ੍ਹਾਂ ਨੂੰ ਇਹ ਵਿਸ਼ਵਾਸ ਦਿਵਾ ਸਕੇ ਕਿ ਯਿਸੂ ਉਹੀ ਮਸੀਹ ਹਨ ਜਿਨ੍ਹਾਂ ਦਾ ਵਾਅਦਾ ਪੁਰਾਣੇ ਨੇਮ ਦੇ ਨਬੀਆਂ ਨੇ ਕੀਤਾ ਸੀ। ਉਨ੍ਹਾਂ ਦੀ ਇੰਜੀਲ ਨੂੰ ਨਵੇਂ ਨੇਮ ਦੇ ਆਰੰਭ ਵਿੱਚ ਇਸ ਲਈ ਨਹੀਂ ਰੱਖਿਆ ਗਿਆ ਕਿ ਇਹ ਸਭ ਤੋਂ ਪਹਿਲਾਂ ਲਿਖੀ ਗਈ ਸੀ; ਸਗੋਂ ਇਸ ਲਈ ਕਿ ਇਹ ਸਪਸ਼ਟ ਤੌਰ ਤੇ ਦਿਖਾਉਂਦੀ ਹੈ ਕਿ ਯਿਸੂ ਦਾ ਪੁਰਾਣੇ ਨੇਮ ਨਾਲ ਕਿੰਨਾ ਡੂੰਘਾ ਸੰਬੰਧ ਹੈ। ਮੱਤੀ ਹੋਰ ਇੰਜੀਲ ਲੇਖਕਾਂ ਦੀ ਤੁਲਨਾ ਵਿੱਚ ਪੁਰਾਣੇ ਨੇਮ ਦੇ ਵਧੇਰੇ ਹਵਾਲੇ ਦਿੰਦੇ ਹਨ ਅਤੇ ਇਸ ਦੀਆਂ ਭਵਿੱਖਬਾਣੀਆਂ ਵੱਲ ਵਧੇਰੇ ਸੰਕੇਤ ਕਰਦੇ ਹਨ। ਉਹ ਮਸੀਹ ਨੂੰ ਇਸਰਾਏਲ ਦੇ ਮੁਕਤੀਦਾਤਾ ਅਤੇ ਰਾਜੇ ਵਜੋਂ ਪੇਸ਼ ਕਰਦੇ ਹਨ, ਜੋ ਭਵਿੱਖਬਾਣੀਆਂ ਦੀ ਪੂਰਤੀ ਹਨ। ਨਬੀਆਂ ਦੀਆਂ ਲਿਖਤਾਂ ਦੇ ਆਧਾਰ ਉੱਤੇ ਪਹਿਲੀ ਸਦੀ ਦੇ ਯਹੂਦੀ ਇਸ ਗੱਲ ਦੀ ਉਡੀਕ ਕਰ ਰਹੇ ਸਨ ਕਿ ਮਸੀਹ ਆ ਕੇ ਧਰਤੀ ਉੱਤੇ ਆਪਣਾ ਰਾਜ ਸਥਾਪਿਤ ਕਰਨਗੇ। ਇਸ ਲਈ ਪਰਮੇਸ਼ੁਰ ਦਾ ਆਉਣ ਵਾਲਾ ਰਾਜ ਮੱਤੀ ਦੀ ਇੰਜੀਲ ਦਾ ਇੱਕ ਮੁੱਖ ਵਿਸ਼ਾ ਹੈ।

## ਮਰਕੁਸ ਦੀ ਇੰਜੀਲ (55–65 ਈਸਵੀ)।

ਸੰਭਵ ਤੌਰ ਤੇ ਮਰਕੁਸ ਦੀ ਇੰਜੀਲ ਸਭ ਤੋਂ ਪਹਿਲਾਂ ਲਿਖੀ ਗਈ ਸੀ। ਇਹ ਚਾਰੋਂ ਇੰਜੀਲਾਂ ਵਿੱਚੋਂ ਸਭ ਤੋਂ ਛੋਟੀ ਅਤੇ ਸਭ ਤੋਂ ਸਰਲ ਹੈ ਅਤੇ ਇਸ ਵਿੱਚ ਸਿੱਖਿਆਵਾਂ ਦੀ ਤੁਲਨਾ ਵਿੱਚ ਕੰਮਾਂ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਮਰਕੁਸ ਨੇ ਆਪਣੀ ਇੰਜੀਲ ਗੈਰ-ਯਹੂਦੀ, ਅਰਥਾਤ ਯਹੂਦੀ ਨਾ ਹੋਣ ਵਾਲੇ ਰੋਮੀ ਪਾਠਕਾਂ ਲਈ ਲਿਖੀ, ਤਾਂ ਜੋ ਉਨ੍ਹਾਂ ਨੂੰ ਇਹ ਵਿਸ਼ਵਾਸ ਦਿਵਾਇਆ ਜਾ ਸਕੇ ਕਿ ਯਿਸੂ ਸੱਚਮੁੱਚ ਪਰਮੇਸ਼ੁਰ ਹਨ। ਰੋਮੀ ਲੋਕ ਪ੍ਰਭਾਵਸ਼ਾਲੀ ਕੰਮਾਂ ਤੋਂ ਪ੍ਰਭਾਵਿਤ ਹੁੰਦੇ ਸਨ, ਇਸ ਲਈ ਮਰਕੁਸ ਨੇ ਯਿਸੂ ਨੂੰ ਸਮਰੱਥ ਕੰਮ ਕਰਨ ਵਾਲੇ ਅਜਿਹੇ ਵਿਅਕਤੀ ਵਜੋਂ ਪੇਸ਼ ਕੀਤਾ, ਜਿਨ੍ਹਾਂ ਨੇ ਬਹੁਤ ਸਾਰੇ ਅਚਰਜ-ਕੰਮ ਕੀਤੇ ਅਤੇ ਆਪਣੇ ਪੁਨਰੁੱਥਾਨ ਦੇ ਦੁਆਰਾ ਮੌਤ ਉੱਤੇ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਨੇ ਯਿਸੂ ਦੇ ਬਚਪਨ ਬਾਰੇ ਕੋਈ ਵੇਰਵਾ ਨਹੀਂ ਦਿੱਤਾ, ਕਿਉਂਕਿ ਅਜਿਹੀ ਜਾਣਕਾਰੀ ਉਨ੍ਹਾਂ ਦੇ ਰੋਮੀ ਪਾਠਕਾਂ ਲਈ ਵਿਸ਼ੇਸ਼ ਮਹੱਤਵ ਨਹੀਂ ਰੱਖਦੀ ਸੀ। ਇਸੇ ਤਰ੍ਹਾਂ ਉਨ੍ਹਾਂ ਨੇ ਪੁਰਾਣੇ ਨੇਮ ਵਿੱਚੋਂ ਬਹੁਤ ਘੱਟ ਹਵਾਲੇ ਦਿੱਤੇ, ਕੋਈ ਵੰਸ਼ਾਵਲੀ ਪੇਸ਼ ਨਹੀਂ ਕੀਤੀ, ਅਤੇ ਨਾ ਹੀ ਯਹੂਦੀਆਂ ਦੀ ਬਿਵਸਥਾ ਜਾਂ ਰੀਤੀ-ਰਿਵਾਜਾਂ ਦਾ ਵਿਸ਼ੇਸ਼ ਜ਼ਿਕਰ ਕੀਤਾ, ਕਿਉਂਕਿ ਅਜਿਹੀਆਂ ਗੱਲਾਂ ਗੈਰ-ਯਹੂਦੀ ਰੋਮੀ ਪਾਠਕਾਂ ਲਈ ਵਧੇਰੇ ਅਰਥਪੂਰਨ ਨਹੀਂ ਹੁੰਦੀਆਂ ਸਨ।

## ਲੂਕਾ ਦੀ ਇੰਜੀਲ (60–68 ਈਸਵੀ)।

ਲੂਕਾ ਦੀ ਇੰਜੀਲ ਦੋ ਭਾਗਾਂ ਵਿੱਚ ਲਿਖੇ ਗਏ ਇੱਕ ਵਿਸਤ੍ਰਿਤ ਗ੍ਰੰਥ ਦਾ ਪਹਿਲਾ ਭਾਗ ਹੈ, ਜਿਸ ਨੂੰ ਉਨ੍ਹਾਂ ਨੇ ਥਿਓਫਿਲੁਸ ਨਾਮਕ ਇੱਕ ਵਿਅਕਤੀ ਲਈ ਲਿਖਿਆ। ਇਸ ਦਾ ਉਦੇਸ਼ ਉਸ ਨੂੰ ਇਹ ਵਿਸ਼ਵਾਸ ਦਿਵਾਉਣਾ ਸੀ ਕਿ ਯਿਸੂ ਦੇ ਜੀਵਨ, ਉਨ੍ਹਾਂ ਦੀ ਮੌਤ ਅਤੇ ਉਨ੍ਹਾਂ ਦੇ ਪੁਨਰੁੱਥਾਨ ਨਾਲ ਸੰਬੰਧਿਤ ਘਟਨਾਵਾਂ ਇਤਿਹਾਸਕ ਤੌਰ ਤੇ ਸੱਚੀਆਂ ਅਤੇ ਭਰੋਸੇਯੋਗ ਹਨ। ਸੰਭਵ ਤੌਰ ਤੇ ਥਿਓਫਿਲੁਸ ਇੱਕ ਗੈਰ-ਯਹੂਦੀ ਨਵਾਂ ਵਿਸ਼ਵਾਸੀ ਸੀ, ਅਤੇ ਲੂਕਾ, ਜੋ ਖੁਦ ਵੀ ਸੰਭਵ ਤੌਰ ਤੇ ਗੈਰ-ਯਹੂਦੀ ਸਨ, ਇਸ ਗੱਲ ਉੱਤੇ ਵਿਸ਼ੇਸ਼ ਜ਼ੋਰ ਦਿੰਦੇ ਹਨ ਕਿ ਯਿਸੂ ਕੇਵਲ ਯਹੂਦੀਆਂ ਦੇ ਹੀ ਨਹੀਂ, ਸਗੋਂ ਯਹੂਦੀਆਂ ਅਤੇ ਗੈਰ-ਯਹੂਦੀਆਂ ਦੋਹਾਂ ਦੇ ਮੁਕਤੀਦਾਤਾ ਹਨ।

ਲੂਕਾ ਦੀ ਇੰਜੀਲ ਹੋਰ ਤਿੰਨੋਂ ਇੰਜੀਲਾਂ ਦੀ ਤੁਲਨਾ ਵਿੱਚ ਵਧੇਰੇ ਵਿਸਤ੍ਰਿਤ ਹੈ, ਅਤੇ ਇਸ ਵਿੱਚ ਅੱਧੇ ਤੋਂ ਵੀ ਵੱਧ ਸਮੱਗਰੀ ਅਜਿਹੀ ਹੈ ਜੋ ਕੇਵਲ ਇਸੇ ਇੰਜੀਲ ਵਿੱਚ ਮਿਲਦੀ ਹੈ। ਇਸ ਵਿੱਚ ਯਿਸੂ ਦੀ ਵੰਸ਼ਾਵਲੀ, ਉਨ੍ਹਾਂ ਦੇ ਜਨਮ ਅਤੇ ਉਨ੍ਹਾਂ ਦੇ ਮੁੱਢਲੇ ਜੀਵਨ ਦੇ ਬਹੁਤ ਸਾਰੇ ਅਜਿਹੇ ਵੇਰਵੇ ਦਿੱਤੇ ਗਏ ਹਨ ਜੋ ਹੋਰ ਇੰਜੀਲਾਂ ਵਿੱਚ ਨਹੀਂ ਮਿਲਦੇ। ਇਸ ਤੋਂ ਇਲਾਵਾ, ਇਸ ਵਿੱਚ ਔਰਤਾਂ, ਬੱਚਿਆਂ ਅਤੇ ਯਹੂਦੀ ਸਮਾਜ ਦੁਆਰਾ ਤਿਰਸਕਾਰ ਕੀਤੇ ਗਏ ਲੋਕਾਂ ਨਾਲ ਪ੍ਰਭੂ ਯਿਸੂ ਦੇ ਵਿਹਾਰ ਅਤੇ ਸੰਬੰਧਾਂ ਦਾ ਵੀ ਵਿਸ਼ੇਸ਼ ਵਰਣਨ ਮਿਲਦਾ ਹੈ। ਆਪਣੇ ਗ੍ਰੰਥ ਵਿੱਚ ਵੱਡੀ ਗਿਣਤੀ ਵਿੱਚ ਇਤਿਹਾਸਕ ਤੌਰ ਤੇ ਸੱਚ ਸਾਬਤ ਕੀਤੇ ਜਾ ਸਕਣ ਵਾਲੇ ਵੇਰਵੇ ਸ਼ਾਮਲ ਕਰਨ ਦੇ ਕਾਰਨ ਲੂਕਾ ਨੇ ਇੱਕ ਭਰੋਸੇਯੋਗ ਇਤਿਹਾਸਕਾਰ ਵਜੋਂ ਪ੍ਰਸਿੱਧੀ ਪ੍ਰਾਪਤ ਕੀਤੀ ਹੈ, ਇੱਥੋਂ ਤੱਕ ਕਿ ਉਨ੍ਹਾਂ ਵਿਦਵਾਨਾਂ ਵਿੱਚ ਵੀ ਜੋ ਇਹ ਵਿਸ਼ਵਾਸ ਨਹੀਂ ਕਰਦੇ ਕਿ ਯਿਸੂ ਪਰਮੇਸ਼ੁਰ ਹਨ।

## ਯੂਹੰਨਾ ਦੀ ਇੰਜੀਲ (80–90 ਈਸਵੀ)।

ਯੂਹੰਨਾ ਦੀ ਇੰਜੀਲ ਹੋਰ ਤਿੰਨੋਂ ਇੰਜੀਲਾਂ ਤੋਂ ਸਪਸ਼ਟ ਤੌਰ ਤੇ ਵੱਖਰੀ ਹੈ। ਮੱਤੀ, ਮਰਕੁਸ ਅਤੇ ਲੂਕਾ ਲਗਭਗ ਇੱਕੋ ਸਮੇਂ ਲਿਖੇ ਗਏ ਸਨ। ਉਨ੍ਹਾਂ ਵਿੱਚ ਬਹੁਤ ਸਾਰੀ ਸਮੱਗਰੀ ਇੱਕੋ ਜਿਹੀ ਹੈ ਅਤੇ ਉਹ ਯਿਸੂ ਦੇ ਜੀਵਨ ਅਤੇ ਸੇਵਕਾਈ ਦਾ ਵਰਣਨ ਲਗਭਗ ਇੱਕੋ ਦ੍ਰਿਸ਼ਟੀਕੋਣ ਤੋਂ ਕਰਦੇ ਹਨ। ਪਰ ਯੂਹੰਨਾ ਨੇ ਆਪਣੀ ਇੰਜੀਲ ਲਗਭਗ ਵੀਹ ਤੋਂ ਤੀਹ ਸਾਲ ਬਾਅਦ ਲਿਖੀ, ਤਾਂ ਜੋ ਪਹਿਲਾਂ ਤੋਂ ਲਿਖੀਆਂ ਗਈਆਂ ਇੰਜੀਲਾਂ ਦੀ ਪੂਰਤੀ ਕਰ ਸਕਣ। ਉਨ੍ਹਾਂ ਦੀ ਇੰਜੀਲ ਦੀ ਲਗਭਗ ਬਾਨਵੇਂ ਪ੍ਰਤੀਸ਼ਤ ਸਮੱਗਰੀ ਕੇਵਲ ਉਸੇ ਵਿੱਚ ਮਿਲਦੀ ਹੈ।

ਜਦੋਂ ਯੂਹੰਨਾ ਨੇ ਆਪਣੀ ਇੰਜੀਲ ਲਿਖੀ, ਉਸ ਸਮੇਂ ਕੁਝ ਝੂਠੇ ਸਿੱਖਿਅਕ ਇਹ ਸਿਖਾਉਣ ਲੱਗ ਪਏ ਸਨ ਕਿ ਮਸੀਹ ਨਾ ਤਾਂ ਅਸਲ ਵਿੱਚ ਪਰਮੇਸ਼ੁਰ ਹਨ ਅਤੇ ਨਾ ਹੀ ਉਹ ਸੱਚਮੁੱਚ ਮਨੁੱਖ ਦੇ ਰੂਪ ਵਿੱਚ ਦੇਹਧਾਰੀ ਹੋਏ ਸਨ। ਇਨ੍ਹਾਂ ਗਲਤ ਸਿੱਖਿਆਵਾਂ ਦਾ ਉੱਤਰ ਦੇਣ ਲਈ ਯੂਹੰਨਾ ਨੇ ਆਪਣੀ ਇੰਜੀਲ ਸਾਰੇ ਲੋਕਾਂ ਲਈ ਲਿਖੀ। ਭਾਵੇਂ ਹੋਰ ਇੰਜੀਲ ਲਿਖਣ ਵਾਲੇ ਵੀ ਯਿਸੂ ਨੂੰ ਦੇਹਧਾਰੀ ਪਰਮੇਸ਼ੁਰ ਵਜੋਂ ਪੇਸ਼ ਕਰਦੇ ਹਨ, ਫਿਰ ਵੀ ਯੂਹੰਨਾ ਨੇ ਵਿਸ਼ੇਸ਼ ਤੌਰ ਤੇ ਉਨ੍ਹਾਂ ਦੇ ਪਰਮੇਸ਼ੁਰਪੁਣੇ ਉੱਤੇ ਸਭ ਤੋਂ ਵੱਧ ਜ਼ੋਰ ਦਿੱਤਾ ਹੈ। ਉਨ੍ਹਾਂ ਦੀ ਇੰਜੀਲ ਇਤਿਹਾਸਕ ਵੇਰਵੇ ਦੀ ਬਜਾਇ ਵਧੇਰੇ ਧਰਮ-ਵਿਗਿਆਨਕ ਹੈ ਅਤੇ ਇਸ ਦਾ ਮੁੱਖ ਉਦੇਸ਼ ਪਰਮੇਸ਼ੁਰ ਦੇ ਸਰੂਪ ਅਤੇ ਉਨ੍ਹਾਂ ਦੀ ਯੋਜਨਾ ਨੂੰ ਪ੍ਰਗਟ ਕਰਨਾ ਹੈ। ਰਸੂਲ ਯੂਹੰਨਾ ਨੇ ਯਿਸੂ ਦੇ ਜੀਵਨ ਦੀਆਂ ਅਜਿਹੀਆਂ ਘਟਨਾਵਾਂ ਦੀ ਚੋਣ ਕੀਤੀ ਜੋ ਵਿਸ਼ੇਸ਼ ਤੌਰ ਤੇ ਇਹ ਸਾਬਤ ਕਰਦੀਆਂ ਹਨ ਕਿ ਯਿਸੂ ਦੇਹਧਾਰੀ ਪਰਮੇਸ਼ੁਰ ਹਨ—ਅਰਥਾਤ ਉਹ ਪਰਮੇਸ਼ੁਰ ਜਿਨ੍ਹਾਂ ਨੇ ਮਨੁੱਖ ਦਾ ਰੂਪ ਧਾਰਿਆ, ਪਰ ਅਜਿਹਾ ਕਰਦੇ ਹੋਏ ਵੀ ਕਦੇ ਪਰਮੇਸ਼ੁਰ ਹੋਣਾ ਨਹੀਂ ਛੱਡਿਆ।

## ਰਸੂਲਾਂ ਦੇ ਕਰਤੱਬ ਦੀ ਪੁਸਤਕ (60–68 ਈਸਵੀ)।

ਰਸੂਲਾਂ ਦੇ ਕਰਤੱਬ ਦੀ ਪੁਸਤਕ ਥਿਓਫਿਲੁਸ ਲਈ ਲੂਕਾ ਦੁਆਰਾ ਲਿਖੇ ਗਏ ਦੋ-ਭਾਗੀ ਗ੍ਰੰਥ ਦਾ ਦੂਜਾ ਭਾਗ ਹੈ। ਇਸ ਦਾ ਉਦੇਸ਼ ਵੀ ਇਹੀ ਸੀ ਕਿ ਥਿਓਫਿਲੁਸ ਨੂੰ ਪੂਰਾ ਭਰੋਸਾ ਹੋ ਜਾਵੇ ਕਿ ਯਿਸੂ ਮਸੀਹ ਉੱਤੇ ਉਸ ਦਾ ਵਿਸ਼ਵਾਸ ਵਿਅਰਥ ਨਹੀਂ ਹੈ। ਲੂਕਾ ਇਸ ਪੁਸਤਕ ਦੀ ਸ਼ੁਰੂਆਤ ਇਹ ਦੱਸਦੇ ਹੋਏ ਕਰਦੇ ਹਨ ਕਿ ਪੁਨਰਜੀਵਿਤ ਪ੍ਰਭੂ ਯਿਸੂ "ਚਾਲੀ ਦਿਨਾਂ ਤੱਕ ਸਮੇਂ-ਸਮੇਂ ਤੇ ਰਸੂਲਾਂ ਨੂੰ ਦਿਖਾਈ ਦਿੰਦੇ ਰਹੇ ਅਤੇ ਅਨੇਕਾਂ ਪ੍ਰਮਾਣਾਂ ਦੁਆਰਾ ਉਨ੍ਹਾਂ ਨੂੰ ਇਹ ਵਿਸ਼ਵਾਸ ਦਿਵਾਉਂਦੇ ਰਹੇ ਕਿ ਉਹ ਸੱਚਮੁੱਚ ਜੀਉਂਦੇ ਹਨ" (ਰਸੂਲਾਂ ਦੇ ਕਰਤੱਬ ਅਧਿਆਇ 1 ਆਇਤ 3)।

ਇਸ ਤੋਂ ਬਾਅਦ ਲੂਕਾ ਉਸੇ ਸਥਾਨ ਤੋਂ ਘਟਨਾਵਾਂ ਦਾ ਵੇਰਵਾ ਅੱਗੇ ਵਧਾਉਂਦੇ ਹਨ ਜਿੱਥੇ ਉਨ੍ਹਾਂ ਦੀ ਇੰਜੀਲ ਸਮਾਪਤ ਹੋਈ ਸੀ। ਉਹ ਦੱਸਦੇ ਹਨ ਕਿ ਪਵਿੱਤਰ ਆਤਮਾ ਕਿਸ ਤਰ੍ਹਾਂ ਆਇਆ ਅਤੇ ਉਸ ਨੇ ਯਿਸੂ ਦੇ ਪਹਿਲੇ ਚੇਲਿਆਂ ਨੂੰ ਸਮਰੱਥਾ ਦਿੱਤੀ, ਤਾਂ ਜੋ ਉਹ ਅੱਗੇ ਵਧ ਕੇ ਉਨ੍ਹਾਂ ਬਾਰੇ ਗਵਾਹੀ ਦੇਣ। ਰਸੂਲਾਂ ਦੇ ਕਰਤੱਬ ਦੀ ਪੁਸਤਕ ਇਸ ਗੱਲ ਦਾ ਇਤਿਹਾਸਕ ਵੇਰਵਾ ਪੇਸ਼ ਕਰਦੀ ਹੈ ਕਿ ਯਿਸੂ ਦੇ ਪੁਨਰੁੱਥਾਨ ਦੀ ਖੁਸ਼ਖਬਰੀ ਕਿਸ ਤਰ੍ਹਾਂ ਪੂਰੇ ਰੋਮੀ ਸਾਮਰਾਜ ਵਿੱਚ ਫੈਲਦੀ ਗਈ।

ਇਸ ਪੁਸਤਕ ਦੇ ਪਹਿਲੇ ਬਾਰਾਂ ਅਧਿਆਵਾਂ ਵਿੱਚ ਰਸੂਲਾਂ ਦੀ ਸੇਵਕਾਈ ਦਾ ਵਰਣਨ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਯਰੂਸ਼ਲਮ ਸ਼ਹਿਰ ਵਿੱਚ ਪ੍ਰਚਾਰ ਕੀਤਾ ਅਤੇ ਫਿਰ ਉਨ੍ਹਾਂ ਦਾ ਕੰਮ ਯਹੂਦਿਯਾ ਅਤੇ ਸਾਮਰਿਯਾ ਤੱਕ ਫੈਲ ਗਿਆ, ਜੋ ਯਰੂਸ਼ਲਮ ਦੇ ਪੱਛਮ ਅਤੇ ਉੱਤਰ-ਪੱਛਮ ਵੱਲ ਦੇ ਖੇਤਰ ਸਨ। ਯਰੂਸ਼ਲਮ ਦੀ ਕਲੀਸੀਆ ਵਿੱਚ ਪਤਰਸ ਅਤੇ ਯਾਕੂਬ ਮੁੱਖ ਆਗੂ ਬਣ ਗਏ।

ਅਧਿਆਇ 13 ਤੋਂ ਲੈ ਕੇ ਪੁਸਤਕ ਦੇ ਅੰਤ ਤੱਕ ਮੁੱਖ ਤੌਰ ਤੇ ਰਸੂਲ ਪੌਲੁਸ ਦੀ ਸੇਵਕਾਈ ਦਾ ਵਰਣਨ ਕੀਤਾ ਗਿਆ ਹੈ। ਪੌਲੁਸ ਯਿਸੂ ਦੇ ਪੁਨਰੁੱਥਾਨ ਤੋਂ ਕੁਝ ਸਾਲਾਂ ਬਾਅਦ ਮਸੀਹ ਉੱਤੇ ਵਿਸ਼ਵਾਸ ਕਰਨ ਲੱਗ ਪਿਆ ਅਤੇ ਪ੍ਰਭੂ ਯਿਸੂ ਨੇ ਖੁਦ ਉਸ ਨੂੰ ਗੈਰ-ਯਹੂਦੀਆਂ ਕੋਲ ਭੇਜਣ ਲਈ ਨਿਯੁਕਤ ਕੀਤਾ। ਪੌਲੁਸ ਨੇ ਉਸ ਸਮੇਂ ਦੇ ਜਾਣੇ-ਪਛਾਣੇ ਸੰਸਾਰ ਦੇ ਅਨੇਕਾਂ ਭਾਗਾਂ ਦੀ ਯਾਤਰਾ ਕੀਤੀ ਅਤੇ ਮਸੀਹ ਉੱਤੇ ਵਿਸ਼ਵਾਸ ਰਾਹੀਂ ਮਿਲਣ ਵਾਲੀ ਮੁਕਤੀ ਦੇ ਸੰਦੇਸ਼ ਨੂੰ ਪੂਰੇ ਰੋਮੀ ਸਾਮਰਾਜ ਤੱਕ ਪਹੁੰਚਾਇਆ। ਰਸੂਲਾਂ ਦੇ ਕਰਤੱਬ ਦੀ ਪੁਸਤਕ ਦਾ ਅੰਤਲਾ ਭਾਗ ਏਸ਼ੀਆ ਮਾਈਨਰ, ਅਰਥਾਤ ਮੌਜੂਦਾ ਤੁਰਕੀ, ਅਤੇ ਯੂਨਾਨ ਵਿੱਚ ਪੌਲੁਸ ਦੁਆਰਾ ਕੀਤੀਆਂ ਤਿੰਨ ਵੱਖ-ਵੱਖ ਮਿਸ਼ਨਰੀ ਯਾਤਰਾਵਾਂ ਦਾ ਵੇਰਵਾ ਪੇਸ਼ ਕਰਦਾ ਹੈ।

## ਪੱਤਰੀਆਂ।

ਰਸੂਲਾਂ ਦੇ ਕਰਤੱਬ ਦੀ ਪੁਸਤਕ ਵਿੱਚ ਵਰਣਿਤ ਸਮੇਂ ਦੌਰਾਨ ਜਦੋਂ ਵੱਖ-ਵੱਖ ਥਾਵਾਂ ਉੱਤੇ ਵਿਸ਼ਵਾਸੀਆਂ ਦੇ ਸਮੂਹ, ਅਰਥਾਤ ਕਲੀਸੀਆਵਾਂ, ਸਥਾਪਿਤ ਹੋਣ ਲੱਗੀਆਂ, ਤਾਂ ਰਸੂਲਾਂ ਨੇ ਮਹਿਸੂਸ ਕੀਤਾ ਕਿ ਇਨ੍ਹਾਂ ਕਲੀਸੀਆਵਾਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਣਾ ਜ਼ਰੂਰੀ ਹੈ। ਨਵੇਂ ਵਿਸ਼ਵਾਸੀਆਂ ਨੂੰ ਉਸ ਮੁਕਤੀ ਬਾਰੇ ਹੋਰ ਸਿੱਖਿਆ ਦੀ ਲੋੜ ਸੀ ਜੋ ਯਿਸੂ ਨੇ ਆਪਣੀ ਮੌਤ ਅਤੇ ਪੁਨਰੁੱਥਾਨ ਦੁਆਰਾ ਪ੍ਰਦਾਨ ਕੀਤੀ ਸੀ। ਇਸ ਦੇ ਨਾਲ-ਨਾਲ, ਉਨ੍ਹਾਂ ਨੂੰ ਇਹ ਵੀ ਸਿੱਖਣਾ ਸੀ ਕਿ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਵਾਲਾ ਜੀਵਨ ਇਸ ਅਜਿਹੇ ਸੰਸਾਰ ਵਿੱਚ ਕਿਸ ਤਰ੍ਹਾਂ ਜਿਉਣਾ ਹੈ ਜੋ ਪਰਖਾਂ ਅਤੇ ਵੱਖ-ਵੱਖ ਕਿਸਮਾਂ ਦੇ ਆਕਰਸ਼ਣਾਂ ਨਾਲ ਭਰਿਆ ਹੋਇਆ ਹੈ। ਇਸ ਤੋਂ ਇਲਾਵਾ, ਵਿਸ਼ਵਾਸ ਅਤੇ ਆਚਰਨ ਨਾਲ ਸੰਬੰਧਿਤ ਅਨੇਕਾਂ ਪ੍ਰਸ਼ਨ ਵੀ ਉੱਠਣ ਲੱਗੇ, ਜਿਨ੍ਹਾਂ ਦਾ ਉੱਤਰ ਦੇਣਾ ਜ਼ਰੂਰੀ ਸੀ। ਇਨ੍ਹਾਂ ਹੀ ਲੋੜਾਂ ਨੂੰ ਪੂਰਾ ਕਰਨ ਲਈ ਨਵੇਂ ਨੇਮ ਦੀਆਂ ਇੱਕੀ ਪੱਤਰੀਆਂ ਲਿਖੀਆਂ ਗਈਆਂ।

ਪੱਤਰੀਆਂ ਨੂੰ ਆਮ ਤੌਰ ਤੇ ਪੱਤਰ ਕਿਹਾ ਜਾਂਦਾ ਹੈ, ਪਰ ਉਹ ਉਸ ਅਰਥ ਵਿੱਚ ਪੱਤਰ ਨਹੀਂ ਹਨ ਜਿਸ ਤਰ੍ਹਾਂ ਅਸੀਂ ਅੱਜ ਆਮ ਤੌਰ ਤੇ ਸਮਝਦੇ ਹਾਂ। ਅਸਲ ਵਿੱਚ ਇਹ ਲਿਖੇ ਹੋਏ ਉਪਦੇਸ਼ ਜਾਂ ਸਿੱਖਿਆ ਦੇਣ ਵਾਲੇ ਪ੍ਰਚਾਰ ਹਨ। ਜਦੋਂ ਕੋਈ ਲੇਖਕ ਖੁਦ ਹਾਜ਼ਰ ਹੋ ਕੇ ਆਪਣਾ ਸੰਦੇਸ਼ ਨਹੀਂ ਦੇ ਸਕਦਾ ਸੀ, ਤਾਂ ਉਹ ਇੱਕ ਪੱਤਰੀ ਭੇਜਦਾ ਸੀ। ਇਨ੍ਹਾਂ ਉਪਦੇਸ਼ਾਂ ਨੂੰ ਇਸ ਉਦੇਸ਼ ਨਾਲ ਲਿਖਿਆ ਗਿਆ ਸੀ ਕਿ ਲੋਕਾਂ ਦੇ ਸਮੂਹ ਦੇ ਸਾਹਮਣੇ ਉੱਚੀ ਆਵਾਜ਼ ਵਿੱਚ ਪੜ੍ਹ ਕੇ ਸੁਣਾਇਆ ਜਾਵੇ। ਲੇਖਕ ਇਹ ਉਮੀਦ ਕਰਦਾ ਸੀ ਕਿ ਉਸ ਦਾ ਕੋਈ ਸਹਿਕਰਮੀ ਉਸ ਪੱਤਰੀ ਦੀ ਸਮੱਗਰੀ ਨੂੰ ਸਭਾ ਦੇ ਸਾਹਮਣੇ ਪੜ੍ਹੇ ਜਾਂ ਸੁਣਾਏ। ਇਹ ਗ੍ਰੰਥ ਉਨ੍ਹਾਂ ਵਿਅਕਤੀਆਂ ਅਤੇ ਵਿਸ਼ਵਾਸੀਆਂ ਦੇ ਸਮੂਹਾਂ ਲਈ ਭੇਜੇ ਗਏ ਸਨ, ਜਿਨ੍ਹਾਂ ਨੂੰ ਪਹਿਲਾਂ ਹੀ, ਅਕਸਰ ਉਸੇ ਲੇਖਕ ਦੁਆਰਾ, ਕੁਝ ਸਿੱਖਿਆ ਦਿੱਤੀ ਜਾ ਚੁੱਕੀ ਸੀ। ਇਸ ਲਈ ਉਨ੍ਹਾਂ ਵਿੱਚ ਲਿਖੀਆਂ ਗੱਲਾਂ ਉਨ੍ਹਾਂ ਲਈ ਬਿਲਕੁਲ ਨਵੀਆਂ ਨਹੀਂ ਸਨ। ਉਹ ਪਹਿਲਾਂ ਤੋਂ ਹੀ ਉਨ੍ਹਾਂ ਦੀ ਪਿਛੋਕੜ ਅਤੇ ਸੰਦਰਭ ਨੂੰ ਸਮਝਦੇ ਸਨ।

ਪੱਤਰੀਆਂ ਵਿੱਚ ਜਿਨ੍ਹਾਂ ਵਿਸ਼ਿਆਂ ਉੱਤੇ ਚਰਚਾ ਕੀਤੀ ਗਈ ਹੈ, ਉਨ੍ਹਾਂ ਵਿੱਚੋਂ ਕੁਝ ਅੱਜ ਸਾਨੂੰ ਅਣਜਾਣ ਜਾਂ ਅਸਧਾਰਨ ਲੱਗ ਸਕਦੇ ਹਨ। ਪਰ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਲੇਖਕਾਂ ਨੇ ਅਸਲ ਲੋਕਾਂ ਨੂੰ ਉਨ੍ਹਾਂ ਦੇ ਅਸਲ ਜੀਵਨ ਦੇ ਹਾਲਾਤਾਂ ਬਾਰੇ ਲਿਖਿਆ ਸੀ। ਉਹ ਹਾਲਾਤ ਉਸ ਸੱਭਿਆਚਾਰ ਕਾਰਨ ਪੈਦਾ ਹੋਏ ਸਨ ਜਿਸ ਵਿੱਚ ਇਹ ਨਵੇਂ ਵਿਸ਼ਵਾਸੀ ਰਹਿੰਦੇ ਸਨ। ਉਦਾਹਰਨ ਲਈ, ਪੂਰੇ ਰੋਮੀ ਸਾਮਰਾਜ ਵਿੱਚ ਅਜਿਹੇ ਬਾਜ਼ਾਰ ਸਨ ਜਿੱਥੇ ਉਹ ਮਾਸ

ਵੇਚਿਆ ਜਾਂਦਾ ਸੀ ਜਿਸ ਨੂੰ ਵੱਖ-ਵੱਖ ਦੇਵਤਿਆਂ ਲਈ ਬਲੀ ਚੜ੍ਹਾਉਣ ਤੋਂ ਬਾਅਦ ਬਾਜ਼ਾਰ ਵਿੱਚ ਲਿਆਂਦਾ ਜਾਂਦਾ ਸੀ। ਇਸ ਲਈ ਇਹ ਪ੍ਰਸ਼ਨ ਉੱਠਿਆ ਕਿ ਕੀ ਕਿਸੇ ਮਸੀਹੀ ਲਈ ਮੂਰਤੀਆਂ ਨੂੰ ਚੜ੍ਹਾਇਆ ਹੋਇਆ ਮਾਸ ਖਾਣਾ ਉਚਿਤ ਹੈ ਜਾਂ ਨਹੀਂ। ਇੱਕ ਹੋਰ ਮਹੱਤਵਪੂਰਨ ਪ੍ਰਸ਼ਨ ਉਦੋਂ ਉੱਠਿਆ ਜਦੋਂ ਇੰਜੀਲ ਦਾ ਪ੍ਰਚਾਰ ਯਹੂਦੀਆਂ ਤੋਂ ਅੱਗੇ ਵਧ ਕੇ ਗੈਰ-ਯਹੂਦੀਆਂ ਤੱਕ ਪਹੁੰਚਿਆ। ਤਦ ਇਹ ਵਿਵਾਦ ਸਾਹਮਣੇ ਆਇਆ ਕਿ ਕੀ ਗੈਰ-ਯਹੂਦੀ ਵਿਸ਼ਵਾਸੀਆਂ ਲਈ ਵੀ ਮੂਸਾ ਦੀ ਬਿਵਸਥਾ ਦੀ ਪਾਲਣਾ ਕਰਨੀ ਜ਼ਰੂਰੀ ਹੈ, ਜੋ ਯਹੂਦੀਆਂ ਦੇ ਜੀਵਨ ਦਾ ਆਧਾਰ ਸੀ। ਅੱਜ ਇਹ ਦੋਵੇਂ ਵਿਸ਼ੇ ਸਾਨੂੰ ਬਹੁਤ ਮਹੱਤਵਪੂਰਨ ਨਹੀਂ ਲੱਗਦੇ, ਪਰ ਉਸ ਸਮੇਂ ਅਤੇ ਉਸ ਸੱਭਿਆਚਾਰ ਵਿੱਚ ਇਹ ਬਹੁਤ ਹੀ ਗੰਭੀਰ ਅਤੇ ਮਹੱਤਵਪੂਰਨ ਪ੍ਰਸ਼ਨ ਸਨ।

ਪੱਤਰੀਆਂ ਵਿੱਚ ਉਨ੍ਹਾਂ ਝੂਠੀਆਂ ਸਿੱਖਿਆਵਾਂ ਅਤੇ ਧਰਮ-ਵਿਰੋਧੀ ਮਤਾਂ ਦਾ ਵੀ ਉੱਤਰ ਦਿੱਤਾ ਗਿਆ ਹੈ ਜੋ ਕਲੀਸੀਆ ਦੀ ਸਥਾਪਨਾ ਤੋਂ ਤੁਰੰਤ ਬਾਅਦ ਹੀ ਫੈਲਣ ਲੱਗ ਪਏ ਸਨ। ਕੁਝ ਲੋਕ, ਜਿਨ੍ਹਾਂ ਨੂੰ ਯਹੂਦੀਵਾਦੀ ਕਿਹਾ ਜਾਂਦਾ ਸੀ, ਇਹ ਸਿੱਖਿਆ ਦਿੰਦੇ ਸਨ ਕਿ ਗੈਰ-ਯਹੂਦੀਆਂ ਲਈ ਮੁਕਤੀ ਪ੍ਰਾਪਤ ਕਰਨ ਵਾਸਤੇ ਮੂਸਾ ਦੀ ਬਿਵਸਥਾ ਦੀ ਪਾਲਣਾ ਕਰਨੀ ਲਾਜ਼ਮੀ ਹੈ। ਉਹ ਗੈਰ-ਯਹੂਦੀ ਵਿਸ਼ਵਾਸੀਆਂ ਨੂੰ ਦੂਜੇ ਦਰਜੇ ਦੇ ਮਸੀਹੀ ਮੰਨਦੇ ਸਨ, ਜਿਸ ਕਾਰਨ ਯਹੂਦੀ ਅਤੇ ਗੈਰ-ਯਹੂਦੀ ਵਿਸ਼ਵਾਸੀਆਂ ਵਿਚਕਾਰ ਤਣਾਅ ਅਤੇ ਮਤਭੇਦ ਪੈਦਾ ਹੋ ਗਏ।

ਇਸੇ ਸਮੇਂ ਇੱਕ ਹੋਰ ਝੂਠੀ ਸਿੱਖਿਆ ਵਿਕਸਿਤ ਹੋਣ ਲੱਗੀ, ਜਿਸ ਨੂੰ ਅੱਗੇ ਚੱਲ ਕੇ ਗਿਆਨਵਾਦ ਕਿਹਾ ਗਿਆ। ਗਿਆਨਵਾਦੀ ਸਿੱਖਿਅਕ ਇਹ ਦਾਅਵਾ ਕਰਦੇ ਸਨ ਕਿ ਮੁਕਤੀ ਸਿਰਫ਼ ਕੁਝ ਚੁਣੇ ਹੋਏ ਲੋਕਾਂ ਨੂੰ ਕਿਸੇ ਗੁਪਤ ਗਿਆਨ ਰਾਹੀਂ ਪ੍ਰਾਪਤ ਹੁੰਦੀ ਹੈ। ਉਹ ਪਾਪ, ਦੋਸ਼ੀਪਣ ਜਾਂ ਵਿਸ਼ਵਾਸ ਬਾਰੇ ਕੁਝ ਨਹੀਂ ਸਿਖਾਉਂਦੇ ਸਨ। ਉਹ ਮਾਨਸਿਕ ਗਿਆਨ ਅਤੇ ਬੌਧਿਕ ਵਿਕਾਸ ਉੱਤੇ ਬਹੁਤ ਜ਼ਿਆਦਾ ਜ਼ੋਰ ਦਿੰਦੇ ਸਨ ਅਤੇ ਇਹ ਐਲਾਨ ਕਰਦੇ ਸਨ ਕਿ ਭੌਤਿਕ ਸੰਸਾਰ ਅਤੇ ਪਦਾਰਥ ਆਪਣੇ ਸੁਭਾਅ ਅਨੁਸਾਰ ਬੁਰੇ ਹਨ। ਅਜਿਹੀਆਂ ਧਾਰਣਾਵਾਂ ਦੇ ਕਾਰਨ ਉਨ੍ਹਾਂ ਨੇ ਇਹ ਗੱਲ ਰੱਦ ਕਰ ਦਿੱਤੀ ਕਿ ਯਿਸੂ ਸੱਚਮੁੱਚ ਮਨੁੱਖ ਦੇ ਰੂਪ ਵਿੱਚ ਦੇਹਧਾਰੀ ਹੋਏ ਸਨ ਅਤੇ ਉਨ੍ਹਾਂ ਨੇ ਯਿਸੂ ਦੇ ਸਰੀਰਕ ਪੁਨਰੁੱਥਾਨ ਤੋਂ ਵੀ ਇਨਕਾਰ ਕੀਤਾ।

## ਪੌਲੁਸ ਦੀਆਂ ਪੱਤਰੀਆਂ।

ਯਿਸੂ ਦੇ ਸਵਰਗ  ਜਾਣ ਤੋਂ ਬਾਅਦ ਇੰਜੀਲ ਦੇ ਪ੍ਰਚਾਰ-ਪ੍ਰਸਾਰ ਵਿੱਚ ਰਸੂਲ ਪੌਲੁਸ ਸਭ ਤੋਂ ਪ੍ਰਮੁੱਖ ਸੇਵਕਾਂ ਵਿੱਚੋਂ ਇੱਕ ਸਨ। ਇਸੇ ਕਾਰਨ ਨਵੇਂ ਨੇਮ ਵਿੱਚ ਉਨ੍ਹਾਂ ਦੀਆਂ ਤੇਰ੍ਹਾਂ ਪੱਤਰੀਆਂ ਸਭ ਤੋਂ ਪਹਿਲਾਂ ਰੱਖੀਆਂ ਗਈਆਂ ਹਨ। ਉਨ੍ਹਾਂ ਦੀਆਂ ਪੱਤਰੀਆਂ ਦੇ ਨਾਮ ਉਨ੍ਹਾਂ ਕਲੀਸੀਆਵਾਂ ਜਾਂ ਵਿਅਕਤੀਆਂ ਦੇ ਨਾਮ ਉੱਤੇ ਰੱਖੇ ਗਏ ਹਨ ਜਿਨ੍ਹਾਂ ਲਈ ਉਹ ਲਿਖੀਆਂ ਗਈਆਂ ਸਨ ਅਤੇ ਉਨ੍ਹਾਂ ਦਾ ਕ੍ਰਮ ਆਮ ਤੌਰ ਤੇ ਉਸ ਥਾਂ ਜਾਂ ਵਿਅਕਤੀ ਦੀ ਮਹੱਤਤਾ ਦੇ ਅਨੁਸਾਰ ਰੱਖਿਆ ਗਿਆ ਹੈ। ਇਬਰਾਨੀਆਂ ਦੀ ਪੱਤਰੀ ਪੌਲੁਸ ਦੀਆਂ ਹੋਰ ਪੱਤਰੀਆਂ ਦੇ ਅੰਤ ਵਿੱਚ ਰੱਖੀ ਗਈ ਹੈ, ਕਿਉਂਕਿ ਭਾਵੇਂ ਇਸ ਪੱਤਰੀ ਵਿੱਚ ਲੇਖਕ ਨੇ ਆਪਣਾ ਨਾਮ ਨਹੀਂ ਲਿਖਿਆ, ਫਿਰ ਵੀ ਬਹੁਤੇ ਵਿਦਵਾਨਾਂ ਦਾ ਮਤ ਹੈ ਕਿ ਇਸ ਦਾ ਲੇਖਕ ਪੌਲੁਸ ਹੀ ਸੀ।

ਜਦੋਂ ਪੌਲੁਸ ਦੇ ਪਰਿਵਰਤਨ ਦੇ ਸਮੇਂ ਪ੍ਰਭੂ ਯਿਸੂ ਉਸ ਉੱਤੇ ਪ੍ਰਗਟ ਹੋਏ, ਤਾਂ ਉਨ੍ਹਾਂ ਨੇ ਉਸ ਨੂੰ ਕਿਹਾ ਕਿ ਉਹ ਅੱਗੇ ਵੀ ਉਸ ਉੱਤੇ ਪ੍ਰਗਟ ਹੋਣਗੇ ਅਤੇ ਉਸ ਨੂੰ ਹੋਰ ਗੱਲਾਂ ਦੱਸਣਗੇ (ਰਸੂਲਾਂ ਦੇ ਕਰਤੱਬ ਅਧਿਆਇ 26 ਆਇਤ 18;

ਗਲਾਤੀਆਂ ਅਧਿਆਇ 1 ਆਇਤ 11 ਅਤੇ 12)। ਬਾਅਦ ਦੇ ਮੌਕਿਆਂ ਉੱਤੇ ਪ੍ਰਭੂ ਯਿਸੂ ਪੌਲੁਸ ਉੱਤੇ ਫਿਰ ਪ੍ਰਗਟ ਹੋਏ ਅਤੇ ਉਸ ਨੂੰ ਪਰਮੇਸ਼ੁਰ ਦੀ ਯੋਜਨਾ ਨਾਲ ਸੰਬੰਧਿਤ ਅਨੇਕਾਂ ਅਜਿਹੇ ਭੇਤ ਪ੍ਰਗਟ ਕੀਤੇ ਜਿਨ੍ਹਾਂ ਨੂੰ ਉਸ ਨੇ ਅੱਗੇ ਚੱਲ ਕੇ ਆਪਣੇ ਪ੍ਰਚਾਰ ਅਤੇ ਆਪਣੀਆਂ ਪੱਤਰੀਆਂ ਵਿੱਚ ਲਿਖਿਆ। ਇੱਥੇ ਭੇਤ ਸ਼ਬਦ ਦਾ ਅਰਥ ਅਜਿਹੀ ਗੱਲ ਤੋਂ ਹੈ ਜੋ ਪਹਿਲਾਂ ਪਰਮੇਸ਼ੁਰ ਦੀ ਯੋਜਨਾ ਅਤੇ ਉਦੇਸ਼ ਵਿੱਚ ਪ੍ਰਗਟ ਨਹੀਂ ਕੀਤੀ ਗਈ ਸੀ।

ਇਨ੍ਹਾਂ ਭੇਤਾਂ ਵਿੱਚ ਮਸੀਹ ਦੇ ਨਾਲ ਵਿਸ਼ਵਾਸੀ ਦੀ ਏਕਤਾ, ਮਸੀਹ ਦੀ ਦੇਹ ਵਜੋਂ ਕਲੀਸੀਆ, ਯਿਸੂ ਦੇ ਦੂਜੇ ਆਗਮਨ ਤੋਂ ਪਹਿਲਾਂ ਵਿਸ਼ਵਾਸੀਆਂ ਦਾ ਉਠਾ ਲਿਆ ਜਾਣਾ, ਜਿਸ ਨੂੰ ਆਮ ਤੌਰ ਤੇ ਹਰਨ ਕਿਹਾ ਜਾਂਦਾ ਹੈ, ਅਤੇ ਪੁਨਰੁੱਥਾਨ ਤੋਂ ਬਾਅਦ ਮਿਲਣ ਵਾਲੇ ਮਹਿਮਾਮਈ ਸਰੀਰ ਦਾ ਸਰੂਪ ਸ਼ਾਮਲ ਹੈ (ਕੁਲੁੱਸੀਆਂ ਅਧਿਆਇ 1 ਆਇਤ 26 ਅਤੇ 27; ਅਫ਼ਸੀਆਂ ਅਧਿਆਇ 5 ਆਇਤ 30 ਤੋਂ 32; 1 ਕੁਰਿੰਥੀਆਂ ਅਧਿਆਇ 15 ਆਇਤ 51 ਅਤੇ 52)। ਇਨ੍ਹਾਂ ਵਿਸ਼ੇਸ਼ ਪ੍ਰਕਾਸ਼ਨਾਂ ਨੂੰ ਕਦੇ-ਕਦੇ ਪੌਲੁਸ ਨੂੰ ਦਿੱਤਾ ਗਿਆ ਪ੍ਰਕਾਸ਼ਨ ਵੀ ਕਿਹਾ ਜਾਂਦਾ ਹੈ।

## ਰੋਮੀਆਂ ਦੀ ਪੱਤਰੀ (57 ਈਸਵੀ)।

ਰੋਮ ਰੋਮੀ ਸਾਮਰਾਜ ਦੀ ਰਾਜਧਾਨੀ ਅਤੇ ਉਸ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਮਹੱਤਵਪੂਰਨ ਸ਼ਹਿਰ ਸੀ। ਰਸੂਲਾਂ ਦੇ ਕਰਤੱਬ ਦੀ ਪੁਸਤਕ ਇਹ ਨਹੀਂ ਦੱਸਦੀ ਕਿ ਰੋਮ ਦੀ ਕਲੀਸੀਆ ਦੀ ਸਥਾਪਨਾ ਕਿਸ ਤਰ੍ਹਾਂ ਹੋਈ। ਸਭ ਤੋਂ ਵੱਧ ਸਵੀਕਾਰ ਕੀਤਾ ਜਾਣ ਵਾਲਾ ਮਤ ਇਹ ਹੈ ਕਿ ਏਸ਼ੀਆ ਮਾਈਨਰ ਅਤੇ ਯੂਨਾਨ ਵਿੱਚ ਪੌਲੁਸ ਦੀ ਸੇਵਕਾਈ ਰਾਹੀਂ ਜਿਹੜੇ ਲੋਕ ਵਿਸ਼ਵਾਸੀ ਬਣੇ ਸਨ, ਉਨ੍ਹਾਂ ਵਿੱਚੋਂ ਕੁਝ ਰੋਮ ਜਾ ਕੇ ਵੱਸ ਗਏ ਅਤੇ ਉੱਥੇ ਇੱਕ ਕਲੀਸੀਆ ਦੀ ਸਥਾਪਨਾ ਕੀਤੀ। ਪੌਲੁਸ ਖੁਦ ਅਜੇ ਤੱਕ ਰੋਮ ਨਹੀਂ ਗਿਆ ਸੀ, ਪਰ ਉਸ ਦੀ ਤੀਬਰ ਇੱਛਾ ਸੀ ਕਿ ਉਹ ਉੱਥੋਂ ਦੇ ਵਿਸ਼ਵਾਸੀਆਂ ਨੂੰ ਮਿਲੇ। ਇਸ ਲਈ ਉਸ ਨੇ ਇਸ ਯਾਤਰਾ ਦੀ ਤਿਆਰੀ ਵਜੋਂ ਇਹ ਪੱਤਰੀ ਲਿਖੀ।

ਰੋਮੀਆਂ ਦੀ ਪੱਤਰੀ ਪੌਲੁਸ ਦੀ ਸਭ ਤੋਂ ਲੰਬੀ ਅਤੇ ਸਭ ਤੋਂ ਸੁਚੱਜੇ ਢੰਗ ਨਾਲ ਵਿਵਸਥਿਤ ਕੀਤੀ ਗਈ ਪੱਤਰੀ ਹੈ, ਜਿਸ ਵਿੱਚ ਉਸ ਨੇ ਉਸ ਸੰਦੇਸ਼ ਨੂੰ ਵਿਸਥਾਰ ਨਾਲ ਪੇਸ਼ ਕੀਤਾ ਹੈ ਜਿਸ ਦਾ ਉਹ ਹਰ ਥਾਂ ਪ੍ਰਚਾਰ ਕਰਦਾ ਸੀ। ਉਸ ਨੇ ਬੜੀ ਸਾਵਧਾਨੀ ਨਾਲ ਸਮਝਾਇਆ ਕਿ ਹਰ ਮਨੁੱਖ, ਭਾਵੇਂ ਉਹ ਯਹੂਦੀ ਹੋਵੇ ਜਾਂ ਗੈਰ-ਯਹੂਦੀ, ਪਵਿੱਤਰ ਪਰਮੇਸ਼ੁਰ ਦੇ ਸਾਹਮਣੇ ਪਾਪੀ ਅਤੇ ਦੋਸ਼ੀ ਹੈ। ਇਸ ਤੋਂ ਬਾਅਦ ਉਸ ਨੇ ਦੱਸਿਆ ਕਿ ਹਰ ਵਿਅਕਤੀ ਮਸੀਹ ਉੱਤੇ ਵਿਸ਼ਵਾਸ ਰਾਹੀਂ ਪਰਮੇਸ਼ੁਰ ਦੀ ਧਾਰਮਿਕਤਾ ਪ੍ਰਾਪਤ ਕਰ ਸਕਦਾ ਹੈ। ਪੌਲੁਸ ਨੇ ਇਹ ਵੀ ਵਿਸਥਾਰ ਨਾਲ ਸਮਝਾਇਆ ਕਿ ਜਿਹੜਾ ਵਿਅਕਤੀ ਮਸੀਹ ਉੱਤੇ ਵਿਸ਼ਵਾਸ ਕਰਨ ਰਾਹੀਂ ਧਰਮੀ ਠਹਿਰਾਇਆ ਗਿਆ ਹੈ, ਉਹ ਆਪਣੇ ਅੰਦਰ ਵੱਸਣ ਵਾਲੇ ਪਵਿੱਤਰ ਆਤਮਾ ਦੀ ਸਮਰੱਥਾ ਨਾਲ ਪਵਿੱਤਰੀਕਰਨ ਦੀ ਪ੍ਰਕਿਰਿਆ ਵਿੱਚ ਅੱਗੇ ਵਧ ਸਕਦਾ ਹੈ ਅਤੇ ਧਾਰਮਿਕ ਜੀਵਨ ਜੀ ਸਕਦਾ ਹੈ। ਅੰਤ ਵਿੱਚ ਉਸ ਨੇ ਦੱਸਿਆ ਕਿ ਪਰਮੇਸ਼ੁਰ ਦੀ ਇਹ ਧਾਰਮਿਕਤਾ ਵਿਸ਼ਵਾਸੀਆਂ ਦੇ ਰੋਜ਼ਾਨਾ ਜੀਵਨ ਵਿੱਚ ਕਿਸ ਤਰ੍ਹਾਂ ਪ੍ਰਗਟ ਹੋਣੀ ਚਾਹੀਦੀ ਹੈ।

## ਕੁਰਿੰਥੀਆਂ ਦੇ ਨਾਮ ਪਹਿਲੀ ਪੱਤਰੀ (55–57 ਈਸਵੀ)।

ਕੁਰਿੰਥੁਸ ਦੱਖਣੀ ਯੂਨਾਨ ਦਾ ਸਭ ਤੋਂ ਖੁਸ਼ਹਾਲ ਵਪਾਰਕ ਸ਼ਹਿਰ ਸੀ ਅਤੇ ਅਖੈਆ ਪ੍ਰਾਂਤ ਦੀ ਰਾਜਧਾਨੀ ਵੀ ਸੀ। ਭਾਵੇਂ ਅਵਿਸ਼ਵਾਸੀ ਯਹੂਦੀਆਂ ਵੱਲੋਂ ਪੌਲੁਸ ਨੂੰ ਤੀਬਰ ਵਿਰੋਧ ਦਾ ਸਾਹਮਣਾ ਕਰਨਾ ਪਿਆ, ਫਿਰ ਵੀ ਉਸ ਦੀ ਸੇਵਕਾਈ ਵਿਸ਼ੇਸ਼ ਤੌਰ ਤੇ ਗੈਰ-ਯਹੂਦੀਆਂ ਵਿਚਕਾਰ ਬਹੁਤ ਫਲਦਾਇਕ ਰਹੀ। ਆਪਣੀ ਦੂਜੀ ਮਿਸ਼ਨਰੀ ਯਾਤਰਾ ਦੇ ਦੌਰਾਨ ਉਸ ਨੇ ਕੁਰਿੰਥੁਸ ਵਿੱਚ ਇੱਕ ਕਲੀਸੀਆ ਸਥਾਪਿਤ ਕੀਤੀ ਅਤੇ ਉੱਥੇ ਡੇਢ ਸਾਲ ਰਹਿ ਕੇ ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਨਵੇਂ ਵਿਸ਼ਵਾਸ ਦੀ ਸਿੱਖਿਆ ਦਿੰਦਾ ਰਿਹਾ (ਰਸੂਲਾਂ ਦੇ ਕਰਤੱਬ ਅਧਿਆਇ 18 ਆਇਤ 1 ਤੋਂ 18)।

ਜਦੋਂ ਪੌਲੁਸ ਉੱਥੋਂ ਅੱਗੇ ਚਲਾ ਗਿਆ, ਤਾਂ ਕੁਰਿੰਥੁਸ ਤੋਂ ਆਏ ਕਈ ਲੋਕਾਂ ਨੇ ਉਸ ਨੂੰ ਕਲੀਸੀਆ ਦੀ ਚਿੰਤਾਜਨਕ ਸਥਿਤੀ ਬਾਰੇ ਦੱਸਿਆ। ਉੱਥੇ ਵੰਡ, ਆਪਸੀ ਮੁਕੱਦਮੇ ਅਤੇ ਅਨੈਤਿਕਤਾ ਵਰਗੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਸਨ। ਇਸ ਦੇ ਨਾਲ ਹੀ ਉਨ੍ਹਾਂ ਨੇ ਵਿਆਹ, ਕੁਆਰਿਆਂ ਅਤੇ ਵਿਧਵਾਵਾਂ ਦੀ ਸਥਿਤੀ, ਮੂਰਤੀਆਂ ਨੂੰ ਚੜ੍ਹਾਏ ਗਏ ਮਾਸ ਨੂੰ ਖਾਣ, ਕਲੀਸੀਆ ਵਿੱਚ ਇਸਤ੍ਰੀਆਂ ਦੇ ਆਚਰਨ, ਪ੍ਰਭੂ-ਭੋਜ ਮਨਾਉਣ ਦੀ ਰੀਤ, ਆਤਮਿਕ ਵਰਦਾਨਾਂ ਦੇ ਉਪਯੋਗ ਅਤੇ ਮੁਰਦਿਆਂ ਦੇ ਪੁਨਰੁੱਥਾਨ ਵਰਗੇ ਅਨੇਕਾਂ ਵਿਸ਼ਿਆਂ ਬਾਰੇ ਪ੍ਰਸ਼ਨ ਵੀ ਪੁੱਛੇ। ਪੌਲੁਸ ਨੇ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਨ ਅਤੇ ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਇਹ ਪੱਤਰੀ ਲਿਖੀ।

## ਕੁਰਿੰਥੀਆਂ ਦੇ ਨਾਮ ਦੂਜੀ ਪੱਤਰੀ (55–57 ਈਸਵੀ)।

ਕੁਝ ਸਮੇਂ ਬਾਅਦ ਪੌਲੁਸ ਦੇ ਇੱਕ ਸਹਿਕਰਮੀ ਨੇ ਉਸ ਨੂੰ ਕੁਰਿੰਥੁਸ ਦੀ ਕਲੀਸੀਆ ਬਾਰੇ ਹੌਸਲਾ ਦੇਣ ਵਾਲੀ ਖ਼ਬਰ ਦਿੱਤੀ। ਬਹੁਤੇ ਵਿਸ਼ਵਾਸੀਆਂ ਨੇ ਪੌਲੁਸ ਦੀ ਸਿੱਖਿਆ ਅਤੇ ਸੁਧਾਰ ਨੂੰ ਸਵੀਕਾਰ ਕਰ ਲਿਆ ਸੀ ਅਤੇ ਆਪਣੇ ਆਚਰਨ ਨੂੰ ਬਦਲ ਲਿਆ ਸੀ। ਭਾਵੇਂ ਇੱਕ ਛੋਟਾ ਜਿਹਾ ਬਾਗੀ ਸਮੂਹ ਅਜੇ ਵੀ ਉਸ ਦੇ ਰਸੂਲੀ ਅਧਿਕਾਰ ਨੂੰ ਸਵੀਕਾਰ ਨਹੀਂ ਕਰ ਰਿਹਾ ਸੀ, ਫਿਰ ਵੀ ਪੌਲੁਸ ਨੇ ਦੂਜੀ ਪੱਤਰੀ ਮੁੱਖ ਤੌਰ ਤੇ ਇਸ ਉਦੇਸ਼ ਨਾਲ ਲਿਖੀ ਕਿ ਉਹ ਉਨ੍ਹਾਂ ਵਿਸ਼ਵਾਸੀਆਂ ਪ੍ਰਤੀ ਆਪਣੀ ਕ੍ਰਿਤਜਤਾ ਪ੍ਰਗਟ ਕਰ ਸਕੇ ਜਿਨ੍ਹਾਂ ਨੇ ਮਨ ਫੇਰ ਲਿਆ ਸੀ।

ਇਸ ਪੱਤਰੀ ਵਿੱਚ ਉਸ ਨੇ ਆਪਣੇ ਆਚਰਨ ਅਤੇ ਚਰਿੱਤਰ ਦਾ ਬਚਾਅ ਕੀਤਾ ਅਤੇ ਆਪਣੇ ਜੀਵਨ ਨਾਲ ਸੰਬੰਧਿਤ ਕੁਝ ਅਜਿਹੀਆਂ ਗੱਲਾਂ ਵੀ ਦੱਸੀਆਂ ਜੋ ਕੇਵਲ ਇਸੇ ਪੱਤਰੀ ਵਿੱਚ ਮਿਲਦੀਆਂ ਹਨ, ਜਿਨ੍ਹਾਂ ਵਿੱਚ ਸਵਰਗ ਦੇ ਉਸ ਦੇ ਅਦਭੁਤ ਦਰਸ਼ਨ ਦਾ ਜ਼ਿਕਰ ਵੀ ਸ਼ਾਮਲ ਹੈ। ਪੌਲੁਸ ਦੀਆਂ ਸਾਰੀਆਂ ਪੱਤਰੀਆਂ ਵਿੱਚੋਂ ਇਹ ਸਭ ਤੋਂ ਵੱਧ ਨਿੱਜੀ ਅਤੇ ਸਭ ਤੋਂ ਘੱਟ ਸਿਧਾਂਤਕ ਪੱਤਰੀ ਮੰਨੀ ਜਾਂਦੀ ਹੈ।

## ਗਲਾਤੀਆਂ ਦੀ ਪੱਤਰੀ (48–49 ਈਸਵੀ)।

ਇਹ ਪੱਤਰੀ ਏਸ਼ੀਆ ਮਾਈਨਰ ਦੇ ਰੋਮੀ ਪ੍ਰਾਂਤ ਗਲਾਤੀਆ (ਮੌਜੂਦਾ ਤੁਰਕੀ) ਵਿੱਚ ਸਥਿਤ ਅਨੇਕਾਂ ਕਲੀਸੀਆਵਾਂ ਲਈ ਲਿਖੀ ਗਈ ਸੀ। ਪੌਲੁਸ ਨੇ ਆਪਣੀ ਪਹਿਲੀ ਮਿਸ਼ਨਰੀ ਯਾਤਰਾ ਦੇ ਦੌਰਾਨ ਇਨ੍ਹਾਂ ਕਲੀਸੀਆਵਾਂ ਦੀ ਸਥਾਪਨਾ ਕੀਤੀ ਸੀ (ਰਸੂਲਾਂ ਦੇ ਕਰਤੱਬ ਅਧਿਆਇ 13 ਆਇਤ 4 ਤੋਂ ਅਧਿਆਇ 14 ਆਇਤ 28 ਤੱਕ)। ਉਸ ਖੇਤਰ ਵਿੱਚ ਪੌਲੁਸ ਅਤੇ ਉਸ ਦੇ ਸਹਿਕਰਮੀਆਂ ਦੀ ਸੇਵਕਾਈ ਵਿਸ਼ੇਸ਼ ਤੌਰ ਤੇ ਗੈਰ-ਯਹੂਦੀਆਂ ਵਿਚਕਾਰ ਬਹੁਤ ਹੀ ਫਲਦਾਇਕ ਰਹੀ।

ਪਰ ਜਦੋਂ ਪੌਲੁਸ ਗਲਾਤੀਆ ਤੋਂ ਅੱਗੇ ਚਲਾ ਗਿਆ, ਤਾਂ ਕੁਝ ਅਵਿਸ਼ਵਾਸੀ ਯਹੂਦੀ ਉੱਥੇ ਪਹੁੰਚੇ। ਉਨ੍ਹਾਂ ਨੇ ਪੌਲੁਸ ਦੀ ਰਸੂਲੀ ਸੇਵਾ ਉੱਤੇ ਸਵਾਲ ਉਠਾਇਆ ਅਤੇ ਇਹ ਸਿੱਖਿਆ ਦੇਣ ਲੱਗੇ ਕਿ ਜੇ ਗੈਰ-ਯਹੂਦੀ ਲੋਕ ਪਰਮੇਸ਼ੁਰ ਨਾਲ ਸਹੀ ਸੰਬੰਧ ਰੱਖਣਾ ਚਾਹੁੰਦੇ ਹਨ, ਤਾਂ ਉਨ੍ਹਾਂ ਲਈ ਖਤਨਾ ਕਰਵਾਉਣਾ ਅਤੇ ਮੂਸਾ ਦੀ ਬਿਵਸਥਾ ਦੀ ਪਾਲਣਾ ਕਰਨੀ ਲਾਜ਼ਮੀ ਹੈ। ਇਨ੍ਹਾਂ ਝੂਠੀਆਂ ਸਿੱਖਿਆਵਾਂ ਦਾ ਖੰਡਨ ਕਰਨ ਅਤੇ ਵਿਸ਼ਵਾਸੀਆਂ ਨੂੰ ਸੱਚੀ ਇੰਜੀਲ ਵੱਲ ਮੁੜਨ ਲਈ ਉਤਸ਼ਾਹਿਤ ਕਰਨ ਵਾਸਤੇ ਪੌਲੁਸ ਨੇ ਇਹ ਪੱਤਰੀ ਲਿਖੀ।

## ਫ਼ਿਲਿੱਪੀਆਂ, ਅਫ਼ਸੀਆਂ, ਕੁਲੁੱਸੀਆਂ ਅਤੇ ਫ਼ਿਲੇਮੋਨ ਦੀਆਂ ਪੱਤਰੀਆਂ (60–63 ਈਸਵੀ)।

ਪੌਲੁਸ ਨੇ ਇਨ੍ਹਾਂ ਚਾਰਾਂ ਪੱਤਰੀਆਂ ਦੀ ਰਚਨਾ ਲਗਭਗ ਇੱਕੋ ਸਮੇਂ ਅਤੇ ਇੱਕੋ ਥਾਂ ਤੋਂ ਕੀਤੀ। ਉਸ ਸਮੇਂ ਉਹ ਰੋਮ ਵਿੱਚ ਘਰ ਵਿੱਚ ਨਜ਼ਰਬੰਦ ਕੈਦੀ ਵਜੋਂ ਬੰਦ ਸੀ ਅਤੇ ਮਸੀਹ ਵਿੱਚ ਆਪਣੇ ਵਿਸ਼ਵਾਸ ਦੇ ਕਾਰਨ ਉਸ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੀ ਵੀ ਸੰਭਾਵਨਾ ਸੀ। ਆਪਣੀ ਇਸ ਕੈਦ ਦੇ ਸਮੇਂ ਦੌਰਾਨ ਵੱਖ-ਵੱਖ ਕਲੀਸੀਆਵਾਂ ਤੋਂ ਕਈ ਲੋਕ ਉਸ ਨੂੰ ਮਿਲਣ ਆਏ। ਉਨ੍ਹਾਂ ਦੁਆਰਾ ਲਿਆਂਦੀਆਂ ਚਿੰਤਾਵਾਂ ਅਤੇ ਪ੍ਰਸ਼ਨਾਂ ਦੇ ਉੱਤਰ ਵਿੱਚ ਪੌਲੁਸ ਨੇ ਇਹ ਪੱਤਰੀਆਂ ਲਿਖੀਆਂ।

ਆਪਣੀ ਦੂਜੀ ਮਿਸ਼ਨਰੀ ਯਾਤਰਾ ਦੇ ਦੌਰਾਨ (ਰਸੂਲਾਂ ਦੇ ਕਰਤੱਬ ਅਧਿਆਇ 16 ਆਇਤ 9 ਤੋਂ 40), ਪੌਲੁਸ ਨੇ ਮਕਦੂਨੀਆ, ਅਰਥਾਤ ਮੌਜੂਦਾ ਉੱਤਰੀ ਯੂਨਾਨ, ਦੇ ਫ਼ਿਲਿੱਪੀ ਸ਼ਹਿਰ ਵਿੱਚ ਇੱਕ ਕਲੀਸੀਆ ਸਥਾਪਿਤ ਕੀਤੀ। ਉੱਥੋਂ ਦੇ ਵਿਸ਼ਵਾਸੀਆਂ ਨਾਲ ਉਸ ਦਾ ਬਹੁਤ ਹੀ ਡੂੰਘਾ ਅਤੇ ਆਤਮਿਕ ਸੰਬੰਧ ਬਣ ਗਿਆ ਸੀ ਅਤੇ ਸ਼ਹਿਰ ਛੱਡਣ ਤੋਂ ਬਾਅਦ ਵੀ ਉਹ ਉਨ੍ਹਾਂ ਨਾਲ ਲਗਾਤਾਰ ਸੰਪਰਕ ਵਿੱਚ ਰਿਹਾ। ਜਦੋਂ ਫ਼ਿਲਿੱਪੀ ਦੇ ਵਿਸ਼ਵਾਸੀਆਂ ਨੂੰ ਪੌਲੁਸ ਦੀ ਕੈਦ ਦੀ ਖ਼ਬਰ ਮਿਲੀ, ਤਾਂ ਉਹ ਬਹੁਤ ਚਿੰਤਤ ਹੋ ਗਏ। ਉਸ ਦੀ ਸਥਿਤੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਉਨ੍ਹਾਂ ਨੇ ਆਪਣੀ ਕਲੀਸੀਆ ਦੇ ਇੱਕ ਮੈਂਬਰ ਇਪਫ਼ਰੁਦੀਤੁਸ ਨੂੰ ਪੌਲੁਸ ਕੋਲ ਰੋਮ ਭੇਜਿਆ। ਉਹ ਉਸ ਲਈ ਆਰਥਿਕ ਸਹਾਇਤਾ ਵੀ ਲੈ ਕੇ ਗਿਆ। ਬਾਅਦ ਵਿੱਚ ਪੌਲੁਸ ਨੇ ਇਪਫ਼ਰੁਦੀਤੁਸ ਨੂੰ ਫ਼ਿਲਿੱਪੀ ਵਾਪਸ ਭੇਜਿਆ ਅਤੇ ਉਸ ਦੇ ਹੱਥ ਫ਼ਿਲਿੱਪੀਆਂ ਦੇ ਨਾਮ ਇਹ ਪੱਤਰੀ ਵੀ ਭੇਜੀ। ਇਸ ਪੱਤਰੀ ਵਿੱਚ ਉਸ ਨੇ ਵਿਸ਼ਵਾਸੀਆਂ ਦੀਆਂ ਚਿੰਤਾਵਾਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਨੂੰ ਦੱਸਿਆ ਕਿ ਭਾਵੇਂ ਉਹ ਖੁਦ ਬੰਧਨ ਵਿੱਚ ਹੈ, ਫਿਰ ਵੀ ਯਿਸੂ ਮਸੀਹ ਦੀ ਇੰਜੀਲ ਲਗਾਤਾਰ ਫੈਲ ਰਹੀ ਹੈ। ਇਹ ਪੱਤਰੀ ਔਖੀਆਂ ਸਥਿਤੀਆਂ ਦੇ ਵਿਚਕਾਰ ਅਨੰਦ ਅਤੇ ਹੌਸਲੇ ਦਾ ਸੰਦੇਸ਼ ਦਿੰਦੀ ਹੈ।

ਇਸੇ ਸਮੇਂ ਇਪਫ਼ਰਾਸ ਨਾਮਕ ਇੱਕ ਵਿਅਕਤੀ ਵੀ ਪੌਲੁਸ ਨੂੰ ਮਿਲਣ ਆਇਆ। ਉਹ ਏਸ਼ੀਆ ਮਾਈਨਰ ਦੇ ਕੁਲੁੱਸੇ ਸ਼ਹਿਰ ਦੀ ਕਲੀਸੀਆ ਬਾਰੇ ਚਿੰਤਤ ਸੀ। ਕੁਲੁੱਸੇ ਦੀ ਕਲੀਸੀਆ ਦੀ ਸਥਾਪਨਾ ਸਿੱਧੇ ਤੌਰ ਤੇ ਪੌਲੁਸ ਨੇ ਨਹੀਂ ਕੀਤੀ ਸੀ। ਸੰਭਵ ਹੈ ਕਿ ਇਹ ਇਫ਼ਿਸੁਸ ਸ਼ਹਿਰ ਵਿੱਚ ਉਸ ਦੀ ਸੇਵਕਾਈ ਦਾ ਨਤੀਜਾ ਸੀ, ਜੋ ਕੁਲੁੱਸੇ ਤੋਂ ਲਗਭਗ ਸੌ ਮੀਲ ਦੀ ਦੂਰੀ ਉੱਤੇ ਸਥਿਤ ਸੀ। ਜਦੋਂ ਪੌਲੁਸ ਨੇ ਇਫ਼ਿਸੁਸ ਵਿੱਚ ਯਿਸੂ ਦਾ ਪ੍ਰਚਾਰ ਕੀਤਾ, ਤਾਂ ਉਸ ਦੀ ਸੇਵਕਾਈ ਇੰਨੀ ਪ੍ਰਭਾਵਸ਼ਾਲੀ ਸਾਬਤ ਹੋਈ ਕਿ ਪੂਰੇ ਏਸ਼ੀਆ ਪ੍ਰਦੇਸ਼ ਵਿੱਚ ਪਰਮੇਸ਼ੁਰ ਦਾ ਬਚਨ ਫੈਲ ਗਿਆ (ਰਸੂਲਾਂ ਦੇ ਕਰਤੱਬ ਅਧਿਆਇ 19 ਆਇਤ 1 ਤੋਂ 20)।

ਪੌਲੁਸ ਦੇ ਏਸ਼ੀਆ ਮਾਈਨਰ ਛੱਡਣ ਤੋਂ ਬਾਅਦ ਉੱਥੇ ਇੱਕ ਝੂਠੀ ਸਿੱਖਿਆ ਫੈਲਣ ਲੱਗੀ। ਇਸ ਵਿੱਚ ਯੂਨਾਨੀ ਦਰਸ਼ਨ, ਯਹੂਦੀ ਬਿਵਸਥਾ-ਪ੍ਰਧਾਨਤਾ ਅਤੇ ਪੂਰਬੀ ਰਹੱਸਵਾਦ ਦੇ ਤੱਤਾਂ ਦਾ ਮਿਲਾਪ ਸੀ। ਕਿਸੇ ਅਣਜਾਣ ਕਾਰਨ ਕਰਕੇ ਇਪਫ਼ਰਾਸ ਨੂੰ ਖੁਦ ਵੀ ਕੈਦ ਕਰ ਲਿਆ ਗਿਆ। ਇਸ ਲਈ ਪੌਲੁਸ ਨੇ ਆਪਣੇ ਇੱਕ ਸਹਿਕਰਮੀ ਤੁਖਿਕੁਸ ਨੂੰ ਕੁਲੁੱਸੇ ਭੇਜਿਆ ਅਤੇ ਉਸ ਦੇ ਹੱਥ ਕੁਲੁੱਸੀਆਂ ਲਈ ਇਹ ਪੱਤਰੀ ਭੇਜੀ। ਇਸੇ ਦੇ ਨਾਲ ਉਸ ਨੇ ਇਫ਼ਸੀਆਂ ਲਈ ਵੀ ਇੱਕ ਪੱਤਰੀ ਭੇਜੀ, ਜਿਸ ਦਾ ਇੱਕ ਉਦੇਸ਼ ਉਸ ਦੀ ਕੈਦ ਦੀ ਖ਼ਬਰ ਕਾਰਨ ਬੇਚੈਨ ਹੋਏ ਵਿਸ਼ਵਾਸੀਆਂ ਨੂੰ ਤਸੱਲੀ ਦੇਣਾ ਵੀ ਸੀ।

ਇਫ਼ਸੀਆਂ ਦੀ ਪੱਤਰੀ ਪੌਲੁਸ ਦੀਆਂ ਸਭ ਤੋਂ ਘੱਟ ਨਿੱਜੀ ਪੱਤਰੀਆਂ ਵਿੱਚੋਂ ਇੱਕ ਹੈ। ਸੰਭਵ ਹੈ ਕਿ ਇਸ ਦਾ ਕਾਰਨ ਇਹ ਹੈ ਕਿ ਇਹ ਕੇਵਲ ਇੱਕ ਹੀ ਕਲੀਸੀਆ ਲਈ ਨਹੀਂ, ਸਗੋਂ ਅਨੇਕਾਂ ਕਲੀਸੀਆਵਾਂ ਵਿੱਚ ਪੜ੍ਹੇ ਜਾਣ ਦੇ ਉਦੇਸ਼ ਨਾਲ ਲਿਖੀ ਗਈ ਸੀ। ਕੁਲੁੱਸੀਆਂ ਅਤੇ ਇਫ਼ਸੀਆਂ ਦੀਆਂ ਪੱਤਰੀਆਂ ਨੂੰ ਆਮ ਤੌਰ ਤੇ ਜੁੜਵਾਂ ਪੱਤਰੀਆਂ ਕਿਹਾ ਜਾਂਦਾ ਹੈ, ਕਿਉਂਕਿ ਇਫ਼ਸੀਆਂ ਦੀਆਂ 155 ਆਇਤਾਂ ਵਿੱਚੋਂ 78 ਆਇਤਾਂ ਕੁਝ ਛੋਟੀਆਂ ਤਬਦੀਲੀਆਂ ਦੇ ਨਾਲ ਕੁਲੁੱਸੀਆਂ ਵਿੱਚ ਵੀ ਮਿਲਦੀਆਂ ਹਨ।

ਤੁਖਿਕੁਸ ਦੇ ਨਾਲ ਇੱਕ ਹੋਰ ਵਿਅਕਤੀ ਵੀ ਯਾਤਰਾ ਕਰ ਰਿਹਾ ਸੀ, ਜਿਸ ਦਾ ਨਾਮ ਉਨੇਸਿਮੁਸ ਸੀ। ਉਹ ਇੱਕ ਭੱਜਿਆ ਹੋਇਆ ਗੁਲਾਮ ਸੀ। ਪੌਲੁਸ ਦੀ ਉਸ ਨਾਲ ਮੁਲਾਕਾਤ ਕੈਦਖਾਨੇ ਵਿੱਚ ਹੋਈ, ਜਿੱਥੇ ਉਸ ਨੇ ਉਸ ਨੂੰ ਮਸੀਹ ਦੇ ਕੋਲ ਪਹੁੰਚਾਇਆ। ਇਹ ਭਗੌੜਾ ਗੁਲਾਮ ਫ਼ਿਲੇਮੋਨ ਦਾ ਸੀ, ਜੋ ਖੁਦ ਵੀ ਪੌਲੁਸ ਰਾਹੀਂ ਮਸੀਹ ਵਿੱਚ ਵਿਸ਼ਵਾਸ ਕਰਨ ਵਾਲਾ ਬਣਿਆ ਸੀ ਅਤੇ ਕੁਲੁੱਸੇ ਸ਼ਹਿਰ ਵਿੱਚ ਰਹਿੰਦਾ ਸੀ। ਪੌਲੁਸ ਨੇ ਫ਼ਿਲੇਮੋਨ ਦੇ ਨਾਮ ਇੱਕ ਛੋਟੀ ਜਿਹੀ ਪੱਤਰੀ ਲਿਖੀ, ਜਿਸ ਵਿੱਚ ਉਸ ਨੇ ਸਾਰੀ ਸਥਿਤੀ ਸਮਝਾਈ ਅਤੇ ਉਸ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਪਹਿਲਾਂ ਦੇ ਗੁਲਾਮ ਨੂੰ ਹੁਣ ਮਸੀਹ ਵਿੱਚ ਆਪਣੇ ਭਰਾ ਵਜੋਂ ਸਵੀਕਾਰ ਕਰੇ।

## ਥੱਸਲੁਨੀਕੀਆਂ ਦੇ ਨਾਮ ਪਹਿਲੀ ਅਤੇ ਦੂਜੀ ਪੱਤਰੀ (51–52 ਈਸਵੀ)।

ਪੌਲੁਸ ਨੇ ਇਹ ਦੋਵੇਂ ਪੱਤਰੀਆਂ ਮਕਦੂਨੀਆ ਦੀ ਰਾਜਧਾਨੀ ਥੱਸਲੁਨੀਕੇ ਦੇ ਵਿਸ਼ਵਾਸੀਆਂ ਲਈ ਲਿਖੀਆਂ। ਉਸ ਨੇ ਉੱਥੇ ਇੱਕ ਕਲੀਸੀਆ ਸਥਾਪਿਤ ਕੀਤੀ ਸੀ, ਪਰ ਥੋੜ੍ਹੇ ਹੀ ਸਮੇਂ ਬਾਅਦ ਜਦੋਂ ਉੱਥੇ ਸਤਾਓ ਸ਼ੁਰੂ ਹੋ ਗਿਆ, ਤਾਂ ਉਸ ਨੂੰ ਸ਼ਹਿਰ ਛੱਡਣ ਲਈ ਮਜਬੂਰ ਹੋਣਾ ਪਿਆ (ਰਸੂਲਾਂ ਦੇ ਕਰਤੱਬ ਅਧਿਆਇ 17 ਆਇਤ 1 ਤੋਂ 10)। ਅਵਿਸ਼ਵਾਸੀ ਯਹੂਦੀਆਂ ਨੇ ਇੱਕ ਭੀੜ ਨੂੰ ਭੜਕਾਇਆ, ਜਿਸ ਨੇ ਗੈਰ-ਯਹੂਦੀ ਅਵਿਸ਼ਵਾਸੀਆਂ ਨੂੰ ਵੀ ਆਪਣੇ ਨਾਲ ਮਿਲਾ ਲਿਆ ਅਤੇ ਉਨ੍ਹਾਂ ਨੇ ਉਸ ਘਰ ਉੱਤੇ ਹਮਲਾ ਕਰ ਦਿੱਤਾ ਜਿੱਥੇ ਪੌਲੁਸ ਠਹਿਰਿਆ ਹੋਇਆ ਸੀ। ਇਸ ਤੋਂ ਬਾਅਦ ਪੌਲੁਸ ਉੱਥੋਂ ਅਥੇਨੈ ਅਤੇ ਫਿਰ ਕੁਰਿੰਥੁਸ ਚਲਾ ਗਿਆ, ਜੋ ਦੋਵੇਂ ਯੂਨਾਨ ਵਿੱਚ ਸਥਿਤ ਸਨ।

ਪੌਲੁਸ ਆਪਣੇ ਨਵੇਂ ਵਿਸ਼ਵਾਸੀਆਂ ਬਾਰੇ ਬਹੁਤ ਹੀ ਚਿੰਤਤ ਸੀ। ਇਸ ਲਈ ਉਸ ਨੇ ਉਨ੍ਹਾਂ ਨੂੰ ਇੱਕ ਪੱਤਰੀ ਲਿਖ ਕੇ ਉਨ੍ਹਾਂ ਨੂੰ ਆਪਣੇ ਵਿਸ਼ਵਾਸ ਵਿੱਚ ਦ੍ਰਿੜ੍ਹ ਬਣੇ ਰਹਿਣ ਲਈ ਉਤਸ਼ਾਹਿਤ ਕੀਤਾ, ਕਿਉਂਕਿ ਉਹ ਲਗਾਤਾਰ ਸਤਾਓ ਦਾ ਸਾਹਮਣਾ ਕਰ ਰਹੇ ਸਨ। ਉਸ ਨੇ ਉਨ੍ਹਾਂ ਨੂੰ ਜਿਨਸੀ ਪਵਿੱਤਰਤਾ, ਭਾਈਚਾਰੇ ਦੇ ਪ੍ਰੇਮ, ਵੱਖ-ਵੱਖ ਆਤਮਿਕ ਜ਼ਿੰਮੇਵਾਰੀਆਂ ਅਤੇ ਪ੍ਰਭੂ ਯਿਸੂ ਦੇ ਦੂਜੇ ਆਗਮਨ ਬਾਰੇ ਵੀ ਹੋਰ ਸਿੱਖਿਆ ਦਿੱਤੀ। ਕੁਝ ਮਹੀਨਿਆਂ ਬਾਅਦ ਪੌਲੁਸ ਨੇ

ਦੂਜੀ ਪੱਤਰੀ ਲਿਖੀ, ਕਿਉਂਕਿ ਉਸ ਨੂੰ ਖ਼ਬਰ ਮਿਲੀ ਕਿ ਪ੍ਰਭੂ ਦੇ ਆਗਮਨ ਬਾਰੇ ਉਸ ਦੀ ਸਿੱਖਿਆ ਨੂੰ ਕੁਝ ਲੋਕਾਂ ਨੇ ਗਲਤ ਸਮਝ ਲਿਆ ਸੀ।

## ਤੀਮੋਥਿਉਸ ਦੇ ਨਾਮ ਪਹਿਲੀ ਅਤੇ ਦੂਜੀ ਪੱਤਰੀ ਅਤੇ ਤੀਤੁਸ ਦੇ ਨਾਮ ਪੱਤਰੀ (62–66 ਈਸਵੀ; 66–67 ਈਸਵੀ; 62–66 ਈਸਵੀ)।

ਇਹ ਪੱਤਰੀਆਂ ਉਨ੍ਹਾਂ ਦੋ ਵਿਅਕਤੀਆਂ—ਤੀਮੋਥਿਉਸ ਅਤੇ ਤੀਤੁਸ—ਲਈ ਲਿਖੀਆਂ ਗਈਆਂ ਸਨ, ਜਿਨ੍ਹਾਂ ਨੂੰ ਪੌਲੁਸ ਨੇ ਵੱਖ-ਵੱਖ ਕਲੀਸੀਆਵਾਂ ਦਾ ਆਗੂ ਅਤੇ ਚਰਵਾਹਾ ਨਿਯੁਕਤ ਕੀਤਾ ਸੀ। ਤੀਮੋਥਿਉਸ ਪੌਲੁਸ ਦੀ ਸੇਵਕਾਈ ਰਾਹੀਂ ਮਸੀਹ ਵਿੱਚ ਵਿਸ਼ਵਾਸ ਕਰਨ ਵਾਲਾ ਬਣਿਆ ਸੀ ਅਤੇ ਉਹ ਅਤੇ ਤੀਤੁਸ ਦੋਵੇਂ ਪੌਲੁਸ ਦੀਆਂ ਕਈ ਮਿਸ਼ਨਰੀ ਯਾਤਰਾਵਾਂ ਵਿੱਚ ਉਸ ਦੇ ਨਾਲ ਰਹੇ ਸਨ।

ਰੋਮ ਦੀ ਕੈਦ ਤੋਂ ਮੁਕਤ ਹੋਣ ਤੋਂ ਬਾਅਦ ਪੌਲੁਸ ਇਫ਼ਿਸੁਸ ਪਹੁੰਚਿਆ ਅਤੇ ਉੱਥੇ ਤੀਮੋਥਿਉਸ ਨੂੰ ਮਿਲਿਆ। ਜਦੋਂ ਪੌਲੁਸ ਮਕਦੂਨੀਆ ਦੀ ਯਾਤਰਾ ਉੱਤੇ ਗਿਆ, ਤਾਂ ਉਸ ਨੇ ਇਫ਼ਿਸੁਸ ਦੀ ਕਲੀਸੀਆ ਦੀ ਜ਼ਿੰਮੇਵਾਰੀ ਤੀਮੋਥਿਉਸ ਨੂੰ ਸੌਂਪ ਦਿੱਤੀ। ਪਰ ਜਦੋਂ ਉਸ ਦੀ ਵਾਪਸੀ ਵਿੱਚ ਦੇਰੀ ਹੋਈ, ਤਾਂ ਉਸ ਨੇ ਤੀਮੋਥਿਉਸ ਨੂੰ ਇਹ ਪੱਤਰੀ ਲਿਖੀ, ਤਾਂ ਜੋ ਉਹ ਆਪਣੇ ਇਸ ਤੁਲਨਾਤਮਕ ਤੌਰ ਤੇ ਨੌਜਵਾਨ ਅਤੇ ਘੱਟ ਅਨੁਭਵੀ ਸਹਿਕਰਮੀ ਦੀ ਅਗਵਾਈ ਕਰ ਸਕੇ, ਜੋ ਇਫ਼ਿਸੁਸ ਦੀ ਕਲੀਸੀਆ ਦੀ ਦੇਖਭਾਲ ਕਰ ਰਿਹਾ ਸੀ। ਪੌਲੁਸ ਨੇ ਆਪਣੇ ਇਸ ਆਤਮਿਕ ਪੁੱਤਰ ਨੂੰ ਉਤਸ਼ਾਹਿਤ ਕੀਤਾ ਕਿ ਉਹ ਸੱਚੇ ਸਿਧਾਂਤਾਂ ਰਾਹੀਂ ਝੂਠੀਆਂ ਸਿੱਖਿਆਵਾਂ ਦਾ ਸਾਹਮਣਾ ਕਰੇ, ਯੋਗ ਆਗੂ ਤਿਆਰ ਕਰੇ, ਪਰਮੇਸ਼ੁਰ ਦੇ ਬਚਨ ਦਾ ਪ੍ਰਚਾਰ ਕਰੇ ਅਤੇ ਵਿਸ਼ਵਾਸੀਆਂ ਨੂੰ ਮਸੀਹੀ ਜੀਵਨ ਜਿਉਣ ਲਈ ਪ੍ਰੇਰਿਤ ਕਰੇ।

ਬਾਅਦ ਵਿੱਚ ਪੌਲੁਸ ਮੁੜ ਤੀਮੋਥਿਉਸ ਨੂੰ ਮਿਲਿਆ ਅਤੇ ਫਿਰ ਤੀਤੁਸ ਦੇ ਨਾਲ ਕ੍ਰੀਤ ਟਾਪੂ ਉੱਤੇ ਗਿਆ। ਕੁਝ ਸਮੇਂ ਤੱਕ ਉੱਥੇ ਸੇਵਕਾਈ ਕਰਨ ਤੋਂ ਬਾਅਦ ਪੌਲੁਸ ਉੱਥੋਂ ਅੱਗੇ ਚਲਾ ਗਿਆ ਅਤੇ ਤੀਤੁਸ ਨੂੰ ਉਸ ਨਵੀਂ ਕਲੀਸੀਆ ਦੀ ਸਥਾਪਨਾ ਅਤੇ ਅਗਵਾਈ ਕਰਨ ਲਈ ਉੱਥੇ ਹੀ ਛੱਡ ਦਿੱਤਾ। ਪੌਲੁਸ ਜਾਣਦਾ ਸੀ ਕਿ ਕ੍ਰੀਤ ਵਿੱਚ ਸੇਵਕਾਈ ਕਈ ਕਾਰਨਾਂ ਕਰਕੇ ਔਖੀ ਹੋਵੇਗੀ। ਇਸ ਲਈ ਉਸ ਨੇ ਤੀਤੁਸ ਨੂੰ ਇਹ ਪੱਤਰੀ ਲਿਖ ਕੇ ਉਸ ਦਾ ਹੌਸਲਾ ਵਧਾਇਆ। ਉਸ ਨੇ ਉਸ ਨੂੰ ਹਦਾਇਤ ਦਿੱਤੀ ਕਿ ਉਹ ਯੋਗ ਬਜ਼ੁਰਗਾਂ ਨੂੰ ਨਿਯੁਕਤ ਕਰੇ, ਝੂਠੇ ਸਿੱਖਿਅਕਾਂ ਨੂੰ ਝਿੜਕੇ, ਸੱਚੇ ਸਿਧਾਂਤਾਂ ਦੀ ਸਿੱਖਿਆ ਦੇਵੇ ਅਤੇ ਵਿਸ਼ਵਾਸੀਆਂ ਨੂੰ ਭਲੇ ਕੰਮਾਂ ਵਿੱਚ ਲੱਗੇ ਰਹਿਣ ਲਈ ਪ੍ਰੇਰਿਤ ਕਰੇ।

ਕੁਝ ਸਾਲਾਂ ਬਾਅਦ ਪੌਲੁਸ ਨੂੰ ਫਿਰ ਰੋਮ ਵਿੱਚ ਕੈਦ ਕਰ ਲਿਆ ਗਿਆ। ਇਸ ਵਾਰ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਆਪਣੀ ਸ਼ਹੀਦੀ ਤੋਂ ਠੀਕ ਪਹਿਲਾਂ ਪੌਲੁਸ ਨੇ ਕੈਦਖਾਨੇ ਦੀ ਕੋਠੜੀ ਵਿੱਚੋਂ ਤੀਮੋਥਿਉਸ ਦੇ ਨਾਮ ਦੂਜੀ ਪੱਤਰੀ ਲਿਖੀ। ਉਸ ਨੇ ਇਹ ਪੱਤਰੀ ਤੀਮੋਥਿਉਸ ਨੂੰ ਦ੍ਰਿੜ੍ਹ ਕਰਨ, ਉਸ ਦਾ ਹੌਸਲਾ ਵਧਾਉਣ ਅਤੇ ਉਸ ਨੂੰ ਵਫ਼ਾਦਾਰ ਬਣੇ ਰਹਿਣ ਲਈ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਲਿਖੀ। ਪੌਲੁਸ ਨੇ ਉਸ ਨੂੰ ਚੇਤਾਵਨੀ ਦਿੱਤੀ ਕਿ ਝੂਠੇ ਸਿੱਖਿਅਕ ਆਉਣ ਵਾਲੇ ਹਨ। ਉਸ ਨੇ ਤੀਮੋਥਿਉਸ ਨੂੰ ਸਮਝਾਇਆ ਕਿ ਉਹ ਡਰੇ ਨਾ, ਸਗੋਂ ਆਪਣੀ ਸੇਵਕਾਈ ਨੂੰ ਪੂਰੀ ਵਫ਼ਾਦਾਰੀ ਨਾਲ ਪੂਰਾ ਕਰੇ, ਲੋੜ ਪੈਣ ਤੇ ਮਸੀਹ ਲਈ ਦੁੱਖ ਸਹਿਣ ਲਈ ਤਿਆਰ ਰਹੇ ਅਤੇ ਪਰਮੇਸ਼ੁਰ ਦੇ ਬਚਨ ਦਾ ਲਗਾਤਾਰ ਪ੍ਰਚਾਰ ਕਰਦਾ ਰਹੇ।

## ਇਬਰਾਨੀਆਂ ਦੀ ਪੱਤਰੀ (64–68 ਈਸਵੀ)।

ਇਹ ਪੱਤਰੀ ਉਨ੍ਹਾਂ ਯਹੂਦੀ ਮਸੀਹੀਆਂ ਲਈ ਲਿਖੀ ਗਈ ਸੀ ਜਿਨ੍ਹਾਂ ਉੱਤੇ ਉਨ੍ਹਾਂ ਦੇ ਆਪਣੇ ਦੇਸ਼ਵਾਸੀ ਦਬਾਅ ਪਾ ਰਹੇ ਸਨ ਕਿ ਉਹ ਯਿਸੂ ਦਾ ਇਨਕਾਰ ਕਰ ਦੇਣ, ਸਲੀਬ ਉੱਤੇ ਦਿੱਤੀ ਗਈ ਉਨ੍ਹਾਂ ਦੀ ਬਲੀ ਨੂੰ ਰੱਦ ਕਰ ਦੇਣ ਅਤੇ ਮੁੜ ਯਹੂਦੀ ਧਰਮ ਵਿੱਚ ਵਾਪਸ ਚਲੇ ਜਾਣ। ਇਹ ਵਿਸ਼ਵਾਸੀ ਪਹਿਲਾਂ ਹੀ ਵਚਨਾਤਮਕ ਅਪਮਾਨ ਅਤੇ ਆਪਣੀ ਜਾਇਦਾਦ ਦੇ ਨੁਕਸਾਨ ਦਾ ਸਾਹਮਣਾ ਕਰ ਚੁੱਕੇ ਸਨ ਅਤੇ ਉਨ੍ਹਾਂ ਦੇ ਸਾਹਮਣੇ ਇਸ ਤੋਂ ਵੀ ਵੱਧ ਕਠੋਰ ਸਤਾਓ ਦਾ ਖ਼ਤਰਾ ਸੀ।

ਇਬਰਾਨੀਆਂ ਦੀ ਪੱਤਰੀ ਉਨ੍ਹਾਂ ਨੂੰ ਇਹ ਸਮਝਾਉਣ ਅਤੇ ਉਤਸ਼ਾਹਿਤ ਕਰਨ ਲਈ ਲਿਖੀ ਗਈ ਸੀ ਕਿ ਭਾਵੇਂ ਜਿਹੜੀਆਂ ਮਰਜ਼ੀ ਸਥਿਤੀਆਂ ਆਉਣ, ਉਹ ਮਸੀਹ ਪ੍ਰਤੀ ਵਫ਼ਾਦਾਰ ਬਣੇ ਰਹਿਣ। ਇਸ ਪੱਤਰੀ ਦਾ ਮੁੱਖ ਸ਼ਬਦ ਹੈ "ਉੱਤਮ"। ਇਸ ਦੇ ਲੇਖਕ ਨੇ, ਜਿਸ ਨੇ ਆਪਣਾ ਨਾਮ ਨਹੀਂ ਲਿਖਿਆ, ਪੁਰਾਣੇ ਨੇਮ ਦੀ ਵਰਤੋਂ ਕਰਕੇ ਇਹ ਸਾਬਤ ਕੀਤਾ ਹੈ ਕਿ ਯਿਸੂ ਦਾ ਵਿਅਕਤਿਤਵ ਅਤੇ ਉਨ੍ਹਾਂ ਦਾ ਕੰਮ ਉਸ ਸਮੁੱਚੀ ਬਿਵਸਥਾ ਨਾਲੋਂ ਕਿਤੇ ਵੱਧ ਮਹਾਨ ਅਤੇ ਉੱਤਮ ਹੈ ਜਿਸ ਨੂੰ ਇਹ ਵਿਸ਼ਵਾਸੀ ਪਿੱਛੇ ਛੱਡ ਚੁੱਕੇ ਸਨ। ਉਹ ਉਨ੍ਹਾਂ ਨੂੰ ਯਾਦ ਕਰਾਉਂਦਾ ਹੈ ਕਿ ਯਿਸੂ ਵਿੱਚ ਉਨ੍ਹਾਂ ਨੂੰ ਇੱਕ ਉੱਤਮ ਆਸ, ਇੱਕ ਉੱਤਮ ਨੇਮ, ਉੱਤਮ ਵਾਅਦੇ, ਇੱਕ ਉੱਤਮ ਦੇਸ਼ ਅਤੇ ਇੱਕ ਉੱਤਮ ਪੁਨਰੁੱਥਾਨ ਪ੍ਰਾਪਤ ਹੋਇਆ ਹੈ।

## ਆਮ ਪੱਤਰੀਆਂ।

ਪੌਲੁਸ ਦੀਆਂ ਪੱਤਰੀਆਂ ਤੋਂ ਬਾਅਦ ਨਵੇਂ ਨੇਮ ਵਿੱਚ ਆਮ ਪੱਤਰੀਆਂ ਆਉਂਦੀਆਂ ਹਨ। ਇਨ੍ਹਾਂ ਨੂੰ ਆਮ ਪੱਤਰੀਆਂ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਕਿਸੇ ਇੱਕ ਵਿਸ਼ੇਸ਼ ਕਲੀਸੀਆ ਜਾਂ ਕਿਸੇ ਇੱਕ ਵਿਅਕਤੀ ਲਈ ਨਹੀਂ, ਸਗੋਂ ਆਮ ਤੌਰ ਤੇ ਸਾਰੇ ਮਸੀਹੀਆਂ ਲਈ ਲਿਖੀਆਂ ਗਈਆਂ ਸਨ। ਇਨ੍ਹਾਂ ਪੱਤਰੀਆਂ ਦੇ ਮੂਲ ਪ੍ਰਾਪਤਕਰਤਿਆਂ ਦਾ ਸਥਾਨ ਆਮ ਤੌਰ ਤੇ ਨਿਸ਼ਚਿਤ ਰੂਪ ਵਿੱਚ ਪਤਾ ਨਹੀਂ ਹੈ ਅਤੇ ਇਨ੍ਹਾਂ ਵਿੱਚ ਦਿੱਤੀਆਂ ਸ਼ੁਭਕਾਮਨਾਵਾਂ ਵੀ ਆਮ ਸੁਭਾਅ ਦੀਆਂ ਹਨ। ਇਨ੍ਹਾਂ ਪੱਤਰੀਆਂ ਨੂੰ ਉਨ੍ਹਾਂ ਦੇ ਲੇਖਕਾਂ—ਯਾਕੂਬ, ਪਤਰਸ, ਯੂਹੰਨਾ ਅਤੇ ਯਹੂਦਾ—ਦੇ ਨਾਮਾਂ ਨਾਲ ਜਾਣਿਆ ਜਾਂਦਾ ਹੈ, ਨਾ ਕਿ ਉਨ੍ਹਾਂ ਲੋਕਾਂ ਦੇ ਨਾਮਾਂ ਨਾਲ ਜਿਨ੍ਹਾਂ ਲਈ ਇਹ ਲਿਖੀਆਂ ਗਈਆਂ ਸਨ।

### ਯਾਕੂਬ ਦੀ ਪੱਤਰੀ (46–49 ਈਸਵੀ)।

ਸੰਭਵ ਹੈ ਕਿ ਯਾਕੂਬ ਦੀ ਪੱਤਰੀ ਨਵੇਂ ਨੇਮ ਦਾ ਸਭ ਤੋਂ ਪਹਿਲਾਂ ਲਿਖਿਆ ਗਿਆ ਗ੍ਰੰਥ ਹੈ। ਯਾਕੂਬ ਨੇ ਇਹ ਪੱਤਰੀ ਪੂਰੇ ਰੋਮੀ ਸਾਮਰਾਜ ਵਿੱਚ ਰਹਿੰਦੇ ਯਹੂਦੀ ਵਿਸ਼ਵਾਸੀਆਂ ਲਈ ਲਿਖੀ। ਇਹ ਪੱਤਰੀ ਪ੍ਰਭੂ ਯਿਸੂ ਦੀਆਂ ਸਿੱਖਿਆਵਾਂ ਨਾਲ ਭਰਪੂਰ ਹੈ ਅਤੇ ਇਸ ਵਿੱਚ ਉਨ੍ਹਾਂ ਦੇ ਪਹਾੜ ਉੱਤੇ ਦਿੱਤੇ ਉਪਦੇਸ਼ ਨਾਲ ਅਨੇਕਾਂ ਸਮਾਨਤਾਵਾਂ ਦਿਖਾਈ ਦਿੰਦੀਆਂ ਹਨ। ਯਾਕੂਬ ਦੀ ਲਿਖਣ-ਸ਼ੈਲੀ ਪੁਰਾਣੇ ਨੇਮ ਦੀ ਕਹਾਉਤਾਂ ਦੀ ਪੁਸਤਕ ਵਰਗੀ ਹੈ, ਇਸ ਲਈ ਇਹ ਮਸੀਹ ਵਿੱਚ ਨਵੇਂ-ਨਵੇਂ ਵਿਸ਼ਵਾਸ ਕਰਨ ਵਾਲੇ ਯਹੂਦੀ ਇਸਤ੍ਰੀਆਂ ਅਤੇ ਪੁਰਸ਼ਾਂ ਲਈ ਸੁਗਮ ਅਤੇ ਜਾਣੀ-ਪਛਾਣੀ

ਸੀ। ਇਸ ਪੱਤਰੀ ਵਿੱਚ ਯਾਕੂਬ ਨੇ ਅਨੇਕਾਂ ਮਹੱਤਵਪੂਰਨ ਵਿਸ਼ਿਆਂ ਉੱਤੇ ਸਿੱਖਿਆ ਦਿੱਤੀ ਹੈ, ਜਿਨ੍ਹਾਂ ਵਿੱਚ ਪਰਖਾਂ ਰਾਹੀਂ ਵਿਸ਼ਵਾਸ ਦੀ ਜਾਂਚ ਅਤੇ ਵਿਸ਼ਵਾਸ ਅਤੇ ਕੰਮਾਂ ਦੇ ਆਪਸੀ ਸੰਬੰਧ ਦਾ ਵਿਸ਼ੇਸ਼ ਜ਼ਿਕਰ ਹੈ।

## ਪਤਰਸ ਦੀ ਪਹਿਲੀ ਅਤੇ ਦੂਜੀ ਪੱਤਰੀ (64 ਈਸਵੀ; 64–66 ਈਸਵੀ)।

ਪਤਰਸ ਨੇ ਇਹ ਦੋਵੇਂ ਪੱਤਰੀਆਂ ਉੱਤਰੀ ਏਸ਼ੀਆ ਮਾਈਨਰ ਦੇ ਵੱਖ-ਵੱਖ ਖੇਤਰਾਂ ਵਿੱਚ ਰਹਿੰਦੇ ਯਹੂਦੀ ਵਿਸ਼ਵਾਸੀਆਂ ਲਈ ਲਿਖੀਆਂ। ਉਸ ਸਮੇਂ ਰੋਮੀ ਸਾਮਰਾਜ ਵਿੱਚ ਮਸੀਹੀਆਂ ਪ੍ਰਤੀ ਵਿਰੋਧ ਅਤੇ ਸ਼ੱਕ ਲਗਾਤਾਰ ਵਧ ਰਿਹਾ ਸੀ। ਭਾਵੇਂ ਉਸ ਸਮੇਂ ਤੱਕ ਮਸੀਹੀ ਵਿਸ਼ਵਾਸ ਉੱਤੇ ਕੋਈ ਸਰਕਾਰੀ ਪਾਬੰਦੀ ਨਹੀਂ ਲਗਾਈ ਗਈ ਸੀ, ਫਿਰ ਵੀ ਵਿਆਪਕ ਸਤਾਓ ਸ਼ੁਰੂ ਹੋਣ ਲਈ ਹਾਲਾਤ ਤਿਆਰ ਹੋ ਚੁੱਕੇ ਸਨ। ਸਰਕਾਰ ਵੱਲੋਂ ਸੰਗਠਿਤ ਸਤਾਓ ਅਜੇ ਸ਼ੁਰੂ ਨਹੀਂ ਹੋਇਆ ਸੀ, ਪਰ ਸਥਾਨਕ ਲੋਕ ਮਸੀਹੀਆਂ ਦੀ ਨਿੰਦਾ ਕਰਨ ਅਤੇ ਉਨ੍ਹਾਂ ਉੱਤੇ ਸਮਾਜਿਕ ਦਬਾਅ ਪਾਉਣ ਲੱਗ ਪਏ ਸਨ। ਅਜਿਹੀਆਂ ਸਥਿਤੀਆਂ ਵਿੱਚ ਪਤਰਸ ਨੇ ਵਿਸ਼ਵਾਸੀਆਂ ਨੂੰ ਉਤਸ਼ਾਹਿਤ ਕੀਤਾ ਕਿ ਉਹ ਪ੍ਰਭੂ ਯਿਸੂ ਦੀ ਮਿਸਾਲ ਉੱਤੇ ਚੱਲਣ ਅਤੇ ਧੀਰਜ ਨਾਲ ਦੁੱਖ ਸਹਿਣ।

ਪਤਰਸ ਨੇ ਆਪਣੀ ਦੂਜੀ ਪੱਤਰੀ ਪਹਿਲੀ ਪੱਤਰੀ ਤੋਂ ਕੁਝ ਸਮੇਂ ਬਾਅਦ ਲਿਖੀ, ਜਦੋਂ ਉਹ ਖੁਦ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਸੀ। ਉਸ ਸਮੇਂ ਰੋਮੀ ਸਾਮਰਾਜ ਦੇ ਹੋਰ ਭਾਗਾਂ ਵਿੱਚ ਝੂਠੇ ਸਿੱਖਿਅਕ ਵਿਸ਼ਵਾਸੀਆਂ ਨੂੰ ਭਟਕਾ ਰਹੇ ਸਨ ਅਤੇ ਛੇਤੀ ਹੀ ਉਨ੍ਹਾਂ ਦਾ ਪ੍ਰਭਾਵ ਏਸ਼ੀਆ ਮਾਈਨਰ ਤੱਕ ਵੀ ਪਹੁੰਚਣ ਵਾਲਾ ਸੀ। ਇਹ ਧਰਮ-ਵਿਰੋਧੀ ਸਿੱਖਿਅਕ ਨਾ ਸਿਰਫ਼ ਅਨੈਤਿਕ ਜੀਵਨ ਜੀਉਂਦੇ ਸਨ, ਸਗੋਂ ਉਹ ਮਸੀਹ ਦੇ ਪਰਮੇਸ਼ੁਰਪੁਣੇ ਤੋਂ ਇਨਕਾਰ ਕਰਦੇ ਸਨ, ਪਾਪਾਂ ਲਈ ਉਨ੍ਹਾਂ ਦੀ ਬਲੀ ਨੂੰ ਰੱਦ ਕਰਦੇ ਸਨ ਅਤੇ ਉਨ੍ਹਾਂ ਦੇ ਦੂਜੇ ਆਗਮਨ ਉੱਤੇ ਵੀ ਵਿਸ਼ਵਾਸ ਨਹੀਂ ਕਰਦੇ ਸਨ। ਪਤਰਸ ਚਾਹੁੰਦਾ ਸੀ ਕਿ ਉਸ ਦੀ ਮੌਤ ਤੋਂ ਬਾਅਦ ਵੀ ਵਿਸ਼ਵਾਸੀਆਂ ਕੋਲ ਸੱਚੀ ਸਿੱਖਿਆ ਦਾ ਇੱਕ ਸਥਾਈ ਲੇਖਾ ਮੌਜੂਦ ਰਹੇ। ਇਸ ਲਈ ਉਸ ਨੇ ਇਹ ਪੱਤਰੀ ਲਿਖ ਕੇ ਉਨ੍ਹਾਂ ਨੂੰ ਉਨ੍ਹਾਂ ਸੱਚਾਈਆਂ ਦੀ ਯਾਦ ਕਰਾਈ ਜਿਨ੍ਹਾਂ ਉੱਤੇ ਉਨ੍ਹਾਂ ਨੇ ਵਿਸ਼ਵਾਸ ਕੀਤਾ ਸੀ, ਤਾਂ ਜੋ ਉਹ ਉਨ੍ਹਾਂ ਵਿੱਚ ਦ੍ਰਿੜ੍ਹ ਬਣੇ ਰਹਿਣ।

## ਯੂਹੰਨਾ ਦੀ ਪਹਿਲੀ, ਦੂਜੀ ਅਤੇ ਤੀਜੀ ਪੱਤਰੀਆਂ (81–96 ਈਸਵੀ; 90 ਈਸਵੀ; 90 ਈਸਵੀ)।

ਯੂਹੰਨਾ ਵੀ ਉਨ੍ਹਾਂ ਝੂਠੇ ਸਿੱਖਿਅਕਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ ਜੋ ਏਸ਼ੀਆ ਦੀਆਂ ਕਲੀਸੀਆਵਾਂ ਵਿੱਚ ਦਾਖ਼ਲ ਹੋ ਰਹੇ ਸਨ। ਇਸ ਲਈ ਉਸ ਨੇ ਵੀ ਉਨ੍ਹਾਂ ਦੇ ਪ੍ਰਭਾਵ ਦਾ ਸਾਹਮਣਾ ਕਰਨ ਲਈ ਆਪਣੀਆਂ ਪੱਤਰੀਆਂ ਲਿਖੀਆਂ। ਅੱਗੇ ਚੱਲ ਕੇ ਦੂਜੀ ਸਦੀ ਵਿੱਚ ਇਹੀ ਭਰਮਾਉਣ ਵਾਲੀਆਂ ਸਿੱਖਿਆਵਾਂ ਇੱਕ ਵੱਡੇ ਧਰਮ-ਵਿਰੋਧੀ ਮਤ ਵਜੋਂ ਵਿਕਸਿਤ ਹੋਈਆਂ, ਜਿਸ ਨੂੰ ਗਿਆਨਵਾਦ ਕਿਹਾ ਗਿਆ। ਆਪਣੀ ਪਹਿਲੀ ਪੱਤਰੀ ਵਿੱਚ ਯੂਹੰਨਾ ਨੇ ਕੇਵਲ ਝੂਠੀਆਂ ਸਿੱਖਿਆਵਾਂ ਦਾ ਖੰਡਨ ਹੀ ਨਹੀਂ ਕੀਤਾ, ਸਗੋਂ ਉਸ ਨੇ ਪ੍ਰੇਮ, ਆਗਿਆਕਾਰੀ, ਮੁਕਤੀ ਦੀ ਦ੍ਰਿੜ੍ਹ ਨਿਸ਼ਚਿਤਤਾ ਅਤੇ ਵਿਸ਼ਵਾਸ ਵਰਗੇ ਵਿਸ਼ਿਆਂ ਨੂੰ ਵੀ ਬਹੁਤ ਹੀ ਸੁੰਦਰ ਢੰਗ ਨਾਲ ਇੱਕ-ਦੂਜੇ ਨਾਲ ਜੋੜ ਕੇ ਪੇਸ਼ ਕੀਤਾ ਹੈ।

ਯੂਹੰਨਾ ਦੀ ਦੂਜੀ ਅਤੇ ਤੀਜੀ ਪੱਤਰੀਆਂ ਬਾਈਬਲ ਦੀਆਂ ਸਭ ਤੋਂ ਛੋਟੀਆਂ ਪੁਸਤਕਾਂ ਵਿੱਚ ਗਿਣੀਆਂ ਜਾਂਦੀਆਂ ਹਨ। ਇਹ ਦੋਵੇਂ ਨਿੱਜੀ ਪੱਤਰੀਆਂ ਹਨ ਅਤੇ ਉਨ੍ਹਾਂ ਦੀ ਵਿਸ਼ਾ-ਵਸਤੂ ਵਿੱਚ ਵੀ ਕਾਫ਼ੀ ਸਮਾਨਤਾ ਹੈ। ਇਨ੍ਹਾਂ ਪੱਤਰੀਆਂ ਵਿੱਚ ਝੂਠੇ ਸਿੱਖਿਅਕਾਂ ਤੋਂ ਸਾਵਧਾਨ ਕੀਤਾ ਗਿਆ ਹੈ ਅਤੇ ਸੱਚੇ ਵਿਸ਼ਵਾਸੀਆਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ।

ਦੂਜੀ ਪੱਤਰੀ ਯੂਹੰਨਾ ਨੇ ਇੱਕ ਅਜਿਹੀ ਇਸਤ੍ਰੀ ਨੂੰ ਲਿਖੀ ਜਿਸ ਦਾ ਨਾਮ ਨਹੀਂ ਦੱਸਿਆ ਗਿਆ ਅਤੇ ਜੋ ਆਪਣੇ ਘਰ ਵਿੱਚ ਵਿਸ਼ਵਾਸੀਆਂ ਦੀ ਸਭਾ ਕਰਵਾਉਂਦੀ ਸੀ। ਉਸ ਨੇ ਉਸ ਨੂੰ ਚੇਤਾਵਨੀ ਦਿੱਤੀ ਕਿ ਉਹ ਝੂਠੇ ਸਿੱਖਿਅਕਾਂ ਨੂੰ ਆਪਣੀ ਘਰੇਲੂ ਕਲੀਸੀਆ ਵਿੱਚ ਦਾਖ਼ਲ ਹੋ ਕੇ ਆਪਣੀਆਂ ਗਲਤ ਸਿੱਖਿਆਵਾਂ ਦਾ ਪ੍ਰਚਾਰ ਕਰਨ ਦਾ ਮੌਕਾ ਨਾ ਦੇਵੇ। ਇਸ ਦੇ ਨਾਲ ਹੀ ਯੂਹੰਨਾ ਨੇ ਇਹ ਵੀ ਸਮਝਾਇਆ ਕਿ ਮਸੀਹੀਆਂ ਦਾ ਝੂਠੇ ਸਿੱਖਿਅਕਾਂ ਪ੍ਰਤੀ ਕਿਹੋ ਜਿਹਾ ਦ੍ਰਿਸ਼ਟੀਕੋਣ ਅਤੇ ਵਿਹਾਰ ਹੋਣਾ ਚਾਹੀਦਾ ਹੈ।

ਤੀਜੀ ਪੱਤਰੀ ਉਸ ਨੇ ਗੈਯੁਸ ਨਾਮਕ ਇੱਕ ਵਿਸ਼ਵਾਸੀ ਲਈ ਲਿਖੀ ਅਤੇ ਉਸ ਨੂੰ ਆਪਣੀ ਕਲੀਸੀਆ ਵਿੱਚ ਪੈਦਾ ਹੋਈ ਇੱਕ ਵਿਸ਼ੇਸ਼ ਸਮੱਸਿਆ ਦਾ ਉਚਿਤ ਹੱਲ ਕਰਨ ਲਈ ਉਤਸ਼ਾਹਿਤ ਕੀਤਾ।

## ਯਹੂਦਾ ਦੀ ਪੱਤਰੀ (64–66 ਈਸਵੀ)।

ਯਹੂਦਾ ਦਾ ਮੁੱਢਲਾ ਉਦੇਸ਼ ਮੁਕਤੀ ਅਤੇ ਵਿਸ਼ਵਾਸ ਬਾਰੇ ਲਿਖਣਾ ਸੀ। ਸੰਭਵ ਹੈ ਕਿ ਉਸ ਨੇ ਇਹ ਪੱਤਰੀ ਯਹੂਦੀ ਵਿਸ਼ਵਾਸੀਆਂ ਲਈ ਲਿਖਣ ਦਾ ਵਿਚਾਰ ਕੀਤਾ ਹੋਵੇ ਅਤੇ ਇਹ ਵੀ ਸੰਭਵ ਹੈ ਕਿ ਉਸ ਦੇ ਪਾਠਕ ਉਹੀ ਲੋਕ ਰਹੇ ਹੋਣ ਜਿਨ੍ਹਾਂ ਨੂੰ ਪਤਰਸ ਅਤੇ ਯਾਕੂਬ ਦੀਆਂ ਪੱਤਰੀਆਂ ਵੀ ਪ੍ਰਾਪਤ ਹੋਈਆਂ ਸਨ। ਪਰ ਜਦੋਂ ਉਸ ਨੇ ਦੇਖਿਆ ਕਿ ਝੂਠੇ ਸਿੱਖਿਅਕ ਕਲੀਸੀਆਵਾਂ ਵਿੱਚ ਦਾਖ਼ਲ ਹੋ ਰਹੇ ਹਨ, ਤਾਂ ਉਸ ਨੇ ਆਪਣਾ ਵਿਸ਼ਾ ਬਦਲ ਦਿੱਤਾ।

ਇਹ ਧਰਮ-ਵਿਰੋਧੀ ਲੋਕ ਸਥਾਨਕ ਕਲੀਸੀਆਵਾਂ ਵਿੱਚ ਦਾਖ਼ਲ ਹੋ ਗਏ ਸਨ ਅਤੇ ਯਿਸੂ ਮਸੀਹ ਦੀ ਕਿਰਪਾ, ਉਨ੍ਹਾਂ ਦੀ ਪਵਿੱਤਰਤਾ ਅਤੇ ਉਨ੍ਹਾਂ ਦੇ ਪ੍ਰਭੂਤਵ ਤੋਂ ਇਨਕਾਰ ਕਰ ਰਹੇ ਸਨ। ਇਸ ਲਈ ਯਹੂਦਾ ਨੇ ਆਪਣੇ ਪਾਠਕਾਂ ਨੂੰ ਸਾਵਧਾਨ ਕਰਨ ਲਈ ਇਹ ਪੱਤਰੀ ਲਿਖੀ, ਤਾਂ ਜੋ ਉਹ ਇਨ੍ਹਾਂ ਨੈਤਿਕ ਅਤੇ ਸਿਧਾਂਤਕ ਹਮਲਿਆਂ ਦੇ ਸਾਹਮਣੇ ਵਿਸ਼ਵਾਸ ਲਈ ਦ੍ਰਿੜ੍ਹਤਾ ਨਾਲ ਖੜ੍ਹੇ ਰਹਿਣ ਅਤੇ ਉਸ ਦੀ ਰੱਖਿਆ ਕਰਨ। ਇਹ ਪੂਰੀ ਪੱਤਰੀ ਝੂਠੇ ਸਿੱਖਿਅਕਾਂ ਅਤੇ ਉਸ ਨਿਆਂ ਬਾਰੇ ਹੈ ਜੋ ਅੰਤ ਵਿੱਚ ਉਨ੍ਹਾਂ ਉੱਤੇ ਆਉਣ ਵਾਲਾ ਹੈ।

## ਪਰਕਾਸ਼ ਦੀ ਪੁਸਤਕ (95 ਈਸਵੀ)।

ਪਰਕਾਸ਼ ਦੀ ਪੁਸਤਕ ਬਾਈਬਲ ਦੀ ਆਖਰੀ ਪੁਸਤਕ ਹੈ ਅਤੇ ਨਵੇਂ ਨੇਮ ਦਾ ਸਭ ਤੋਂ ਅੰਤ ਵਿੱਚ ਲਿਖਿਆ ਗਿਆ ਗ੍ਰੰਥ ਵੀ ਹੈ। ਇਹ ਬਿਲਕੁਲ ਢੁਕਵਾਂ ਹੈ, ਕਿਉਂਕਿ ਪਰਕਾਸ਼ ਦੀ ਪੁਸਤਕ ਪਰਮੇਸ਼ੁਰ ਵੱਲੋਂ ਆਪਣੇ ਪਰਿਵਾਰ ਲਈ ਬਣਾਈ ਗਈ ਯੋਜਨਾ ਦੀ ਅੰਤਿਮ ਪੂਰਨਤਾ ਦਾ ਪ੍ਰਤੱਖਦਰਸ਼ੀ ਵੇਰਵਾ ਪੇਸ਼ ਕਰਦੀ ਹੈ।

ਲਗਭਗ 95 ਈਸਵੀ ਵਿੱਚ ਪ੍ਰਭੂ ਯਿਸੂ ਮਸੀਹ ਆਪਣੇ ਰਸੂਲ ਯੂਹੰਨਾ ਉੱਤੇ ਪ੍ਰਗਟ ਹੋਏ ਅਤੇ ਉਸ ਨੂੰ ਹੁਕਮ ਦਿੱਤਾ ਕਿ ਜੋ ਕੁਝ ਉਸ ਨੇ ਦੇਖਿਆ ਅਤੇ ਸੁਣਿਆ ਹੈ, ਉਸ ਨੂੰ ਲਿਖ ਲਵੇ। ਅਧਿਆਇ 1 ਵਿੱਚ ਯੂਹੰਨਾ ਦੁਆਰਾ ਦੇਖੇ ਗਏ

ਪ੍ਰਭੂ ਯਿਸੂ ਦੇ ਦਰਸ਼ਨ ਦਾ ਵਰਣਨ ਹੈ ਅਤੇ ਅਧਿਆਇ 2 ਅਤੇ 3 ਵਿੱਚ ਉਸ ਸਮੇਂ ਮੌਜੂਦ ਵਿਸ਼ੇਸ਼ ਕਲੀਸੀਆਵਾਂ ਲਈ ਪ੍ਰਭੂ ਯਿਸੂ ਦੇ ਸੰਦੇਸ਼ ਅਤੇ ਹਦਾਇਤਾਂ ਦਿੱਤੀਆਂ ਗਈਆਂ ਹਨ।

ਅਧਿਆਇ 4 ਤੋਂ 20 ਤੱਕ ਯੂਹੰਨਾ ਨੂੰ ਦਿੱਤੇ ਗਏ ਭਵਿੱਖਬਾਣੀ ਸੰਬੰਧੀ ਪ੍ਰਕਾਸ਼ਨ ਦਾ ਵਿਸਥਾਰਪੂਰਵਕ ਵੇਰਵਾ ਮਿਲਦਾ ਹੈ। ਉਸ ਨੂੰ ਉਹ ਘਟਨਾਵਾਂ ਦਿਖਾਈਆਂ ਗਈਆਂ ਜੋ ਪ੍ਰਭੂ ਯਿਸੂ ਦੇ ਦੂਜੇ ਆਗਮਨ ਅਤੇ ਧਰਤੀ ਉੱਤੇ ਪਰਮੇਸ਼ੁਰ ਦੇ ਸਦੀਵੀ ਰਾਜ ਦੀ ਸਥਾਪਨਾ ਤੋਂ ਪਹਿਲਾਂ ਵਾਪਰਨਗੀਆਂ। ਆਪਣੇ ਦਰਸ਼ਨ ਵਿੱਚ ਯੂਹੰਨਾ ਨੂੰ ਸਵਰਗ ਵਿੱਚ ਉਠਾ ਲਿਆ ਗਿਆ, ਜਿੱਥੇ ਉਸ ਨੇ ਦੇਖਿਆ ਕਿ ਜਿਵੇਂ-ਜਿਵੇਂ ਸੰਸਾਰ ਸਰਬਸ਼ਕਤੀਮਾਨ ਪਰਮੇਸ਼ੁਰ ਨੂੰ ਤਿਆਗ ਕੇ ਸ਼ੈਤਾਨ ਤੋਂ ਪ੍ਰੇਰਿਤ ਅਤੇ ਉਸ ਦੀ ਸਮਰੱਥਾ ਨਾਲ ਤਾਕਤ ਪ੍ਰਾਪਤ ਕਰਨ ਵਾਲੇ ਇੱਕ ਅੰਤਿਮ ਵਿਸ਼ਵ-ਸ਼ਾਸਕ ਦੇ ਪਿੱਛੇ ਚੱਲੇਗਾ, ਤਿਵੇਂ-ਤਿਵੇਂ ਧਰਤੀ ਉੱਤੇ ਇੱਕ ਤੋਂ ਬਾਅਦ ਇੱਕ ਬਹੁਤ ਹੀ ਭਿਆਨਕ ਅਤੇ ਵਿਨਾਸ਼ਕਾਰੀ ਘਟਨਾਵਾਂ ਵਾਪਰਨਗੀਆਂ।

ਪਰਕਾਸ਼ ਦੀ ਪੁਸਤਕ ਦੇ ਅੰਤਲੇ ਦੋ ਅਧਿਆਇ ਨਵੇਂ ਆਕਾਸ਼ ਅਤੇ ਨਵੀਂ ਧਰਤੀ ਦਾ ਅਦਭੁਤ ਵਰਣਨ ਪੇਸ਼ ਕਰਦੇ ਹਨ। ਇਹ ਉਹੀ ਧਰਤੀ ਹੋਵੇਗੀ ਜਿਸ ਨੂੰ ਪਰਮੇਸ਼ੁਰ ਪੂਰੀ ਤਰ੍ਹਾਂ ਨਵਾਂ, ਸ਼ੁੱਧ ਅਤੇ ਪੁਨਰਸਥਾਪਿਤ ਕਰਨਗੇ, ਤਾਂ ਜੋ ਉਹ ਸਦਾ ਲਈ ਪਰਮੇਸ਼ੁਰ ਅਤੇ ਉਨ੍ਹਾਂ ਦੇ ਪਰਿਵਾਰ ਲਈ ਯੋਗ ਅਤੇ ਸਦੀਵੀ ਨਿਵਾਸ-ਸਥਾਨ ਬਣ ਸਕੇ।

## ਹਵਾਲਾ-ਸੂਚੀ।


ਸਟ੍ਰੌਂਗ, ਜੇਮਜ਼। 2004. ਸਟ੍ਰੌਂਗਜ਼ ਕੰਪਲੀਟ ਵਰਡ ਸਟੱਡੀ ਕੋਨਕੋਰਡੈਂਸ: ਵਿਸਤ੍ਰਿਤ ਸੰਸਕਰਣ। ਸੰਪਾਦਕ: ਵਾਰਨ ਬੇਕਰ। ਚੈਟਾਨੂਗਾ, ਟੈਨੇਸੀ: ਏਐਮਜੀ ਪਬਲਿਸ਼ਰਜ਼।

ਵਾਈਨ, ਡਬਲਯੂ. ਈ. 1996. ਵਾਈਨਜ਼ ਕੰਪਲੀਟ ਐਕਸਪੋਜ਼ਿਟਰੀ ਡਿਕਸ਼ਨਰੀ ਆਫ਼ ਓਲਡ ਐਂਡ ਨਿਊ ਟੈਸਟਾਮੈਂਟ ਵਰਡਜ਼। ਸੰਪਾਦਕ: ਮੇਰਿਲ ਐਫ. ਉਂਗਰ, ਥੀ.ਐਮ., ਥੀ.ਡੀ., ਪੀਐਚ.ਡੀ. ਅਤੇ ਵਿਲੀਅਮ ਵ੍ਹਾਈਟ ਜੂਨੀਅਰ, ਥੀ.ਐਮ., ਪੀਐਚ.ਡੀ. ਨੈਸ਼ਵਿਲ, ਟੈਨੇਸੀ: ਥੌਮਸ ਨੇਲਸਨ, ਇੰਕ.

ਵੈਬਸਟਰਜ਼ ਨਿਊ ਸਟੂਡੈਂਟਸ ਡਿਕਸ਼ਨਰੀ। 1969. ਸਪ੍ਰਿੰਗਫ਼ੀਲਡ, ਮੈਸਾਚੂਸੇਟਸ: ਜੀ ਐਂਡ ਸੀ ਮੇਰੀਅਮ ਕੰਪਨੀ।

ਮੇਰੀਅਮ-ਵੈਬਸਟਰ ਆਨਲਾਈਨ ਸ਼ਬਦਕੋਸ਼, 18 ਦਸੰਬਰ 2021 ਨੂੰ ਦੇਖਿਆ ਗਿਆ। https://www.merriam-webster.com

“ਸਾਲ ਦਾ ਸ਼ਬਦ 2016।” ਆਕਸਫ਼ੋਰਡ ਲੈਂਗਵੇਜਿਜ਼, 18 ਦਸੰਬਰ 2021 ਨੂੰ ਦੇਖਿਆ ਗਿਆ। https://languages.oup.com/word-of-the-year/2016/